@Qpatrika
@qaumipatrika punjabi
instagram.com/ qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Monday, 11 May 2026

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸੋਮਵਾਰ 11 ਮਈ 2026, 28 ਵੈਸਾਖ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 186, qpatrika@gmail.com ਫੋਨ : 9971359517 www.qaumipatrika.org

## ਯੋਗੀ ਕੈਬਨਿਟ ਦਾ ਵੱਡਾ ਵਿਸਥਾਰ: 6 ਨਵੇਂ ਮੰਤਰੀਆਂ ਨੇ ਚੁੱਕੀ ਸਹੁੰ, 60 ਤੱਕ ਪੁੱਜੀ ਮੰਤਰੀ ਮੰਡਲ 'ਚ ਮੈਂਬਰਾਂ ਦੀ ਗਿਣਤੀ

ਨੈਸ਼ਨਲ ਡੈਸਕ 10 ਮਈ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਐਤਵਾਰ ਨੂੰ ਆਪਣੇ ਮੰਤਰੀ ਮੰਡਲ ਦਾ ਦੂਜਾ ਵਿਸਥਾਰ ਕੀਤਾ ਹੈ। ਲਖਨਊ ਦੇ ਜਨ ਭਵਨ ਵਿੱਚ ਆਯੋਜਿਤ ਇੱਕ ਸਮਾਰੋਹ ਦੌਰਾਨ ਰਾਜਪਾਲ ਆਨੰਦੀਬੇਨ ਪਟੇਲ ਨੇ 6 ਨਵੇਂ ਮੰਤਰੀਆਂ ਨੂੰ ਅਹੁਦੇ ਅਤੇ ਭੇਤ ਗੁਪਤ ਰੱਖਣ ਦੀ ਸਹੁੰ ਚੁਕਾਈ। ਇਸ ਵਿਸਥਾਰ ਨਾਲ ਯੋਗੀ ਸਰਕਾਰ ਵਿੱਚ ਮੰਤਰੀਆਂ ਦੀ ਕੁੱਲ ਗਿਣਤੀ 60 ਹੋ ਗਈ ਹੈ, ਜੋ ਕਿ



ਰਾਜ ਦੀ 403 ਮੈਂਬਰੀ ਵਿਧਾਨ ਸਭਾ ਦੇ ਨਿਯਮਾਂ ਅਨੁਸਾਰ ਵੱਧ ਤੋਂ ਵੱਧ ਸੀਮਾ ਹੈ। ਕੈਬਨਿਟ ਮੰਤਰੀ: ਭਾਜਪਾ ਦੇ ਸਾਬਕਾ ਸੂਬਾ ਪ੍ਰਧਾਨ ਭੂਪੇਂਦਰ ਸਿੰਘ ਚੌਧਰੀ ਅਤੇ ਸਮਾਜਵਾਦੀ ਪਾਰਟੀ ਦੇ ਬਾਗੀ ਵਿਧਾਇਕ ਮਨੋਜ ਪਾਂਡੇ ਨੇ ਕੈਬਨਿਟ ਮੰਤਰੀ ਵਜੋਂ ਸਹੁੰ ਚੁੱਕੀ। ਰਾਜ ਮੰਤਰੀ (ਸੁਤੰਤਰ ਚਾਰਜ): ਅਜੀਤ ਸਿੰਘ ਪਾਲ ਅਤੇ ਸੋਮੇਂਦਰ ਤੋਮਰ ਨੂੰ ਰਾਜ ਮੰਤਰੀ ਤੋਂ ਪ੍ਰਮੋਟ ਕਰਕੇ ਸੁਤੰਤਰ ਚਾਰਜ ਵਾਲੇ ਰਾਜ ਮੰਤਰੀ ਬਣਾਇਆ ਗਿਆ ਹੈ। ਰਾਜ ਮੰਤਰੀ: ਕ੍ਰਿਸ਼ਨਾ ਪਾਸਵਾਨ, ਹੰਸਰਾਜ ਵਿਸ਼ਵਕਰਮਾ, ਕੈਲਾਸ਼ ਸਿੰਘ ਰਾਜਪੂਤ ਅਤੇ ਸੁਰੇਂਦਰ ਦਿਲੇਰ ਨੇ ਨਵੇਂ ਰਾਜ ਮੰਤਰੀ ਵਜੋਂ ਜ਼ਿੰਮੇਵਾਰੀ ਸੰਭਾਲੀ ਹੈ। ਮਾਹਿਰਾਂ ਅਨੁਸਾਰ ਅਗਲੇ ਸਾਲ ਹੋਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਇਹ ਵਿਸਥਾਰ ਕਾਫੀ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ। ਸਰਕਾਰ ਨੇ ਇਸ ਰਾਹੀਂ ਬ੍ਰਾਹਮਣ, ਜਾਟ, ਪਿਛੜੀਆਂ ਸ਼੍ਰੇਣੀਆਂ ਅਤੇ ਅਨੁਸੂਚਿਤ ਜਾਤੀ ਦੇ ਵੋਟਰਾਂ ਨੂੰ ਲੁਭਾਉਣ ਦੀ ਕੋਸ਼ਿਸ਼ ਕੀਤੀ ਹੈ। ਇਹ ਯੋਗੀ ਸਰਕਾਰ ਦੇ ਦੂਜੇ ਕਾਰਜਕਾਲ ਦਾ ਦੂਜਾ ਵਿਸਥਾਰ ਹੈ; ਇਸ ਤੋਂ ਪਹਿਲਾਂ ਮਾਰਚ 2024 ਵਿੱਚ ਓਮ ਪ੍ਰਕਾਸ਼ ਰਾਜਭਰ ਅਤੇ ਦਾਰਾ ਸਿੰਘ ਚੌਹਾਨ ਵਰਗੇ ਨੇਤਾਵਾਂ ਨੂੰ ਸ਼ਾਮਲ ਕੀਤਾ ਗਿਆ ਸੀ। ਸਮਾਜਵਾਦੀ ਪਾਰਟੀ ਦੇ ਨੇਤਾ ਅਖਿਲੇਸ਼ ਯਾਦਵ ਨੇ ਇਸ ਵਿਸਥਾਰ 'ਤੇ ਚੁਟਕੀ ਲੈਂਦਿਆਂ ਇਸ ਨੂੰ ਬੇਮਤਲਬ ਦੱਸਿਆ। ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਲਿਖਿਆ ਕਿ ਭਾਜਪਾ ਰਾਜ ਵਿੱਚ ਮੁੱਖ ਮੰਤਰੀ ਦਾ ਮਤਲਬ ਸਿਰਫ ਕੋਰੀਅਰ-ਮੈਸੇਂਜਰ ਰਹਿ ਗਿਆ ਹੈ, ਕਿਉਂਕਿ ਮੰਤਰੀਆਂ ਦੀ ਸੂਚੀ ਤਾਂ ਦਿੱਲੀ ਤੋਂ ਆਉਂਦੀ ਹੈ।

## ਰਾਸ਼ਟਰਪਤੀ ਮੁਰਮੂ ਨੇ 'ਰੰਗਾਸਾਮੀ' ਨੂੰ ਪੁੱਡੂਚੇਰੀ ਦਾ ਮੁੱਖ ਮੰਤਰੀ ਕੀਤਾ ਨਿਯੁਕਤ

ਪੁੱਡੂਚੇਰੀ 10 ਮਈ। ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਸ਼ਨੀਵਾਰ ਨੂੰ ਐੱਨ. ਰੰਗਾਸਾਮੀ ਨੂੰ ਪੁੱਡੂਚੇਰੀ ਦਾ ਮੁੱਖ ਮੰਤਰੀ ਨਿਯੁਕਤ ਕੀਤਾ। ਗ੍ਰਹਿ ਮੰਤਰਾਲੇ ਵੱਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਰਾਸ਼ਟਰਪਤੀ ਨੂੰ ਐੱਨ. ਰੰਗਾਸਾਮੀ ਨੂੰ ਕੇਂਦਰ ਸ਼ਾਸਤ ਪ੍ਰਦੇਸ਼ ਪੁੱਡੂਚੇਰੀ ਦਾ ਮੁੱਖ ਮੰਤਰੀ ਨਿਯੁਕਤ ਕਰ ਕੇ ਖੁਸ਼ੀ ਹੋਈ ਹੈ, ਇਹ ਨਿਯੁਕਤੀ ਉਨ੍ਹਾਂ ਦੇ ਸਹੁੰ ਚੁੱਕਣ ਦੀ ਤਰੀਕ ਤੋਂ ਪ੍ਰਭਾਵੀ ਹੋਵੇਗੀ। ਅਧਿਕਾਰਤ ਸੂਤਰਾਂ ਅਨੁਸਾਰ, ਨੋਟੀਫਿਕੇਸ਼ਨ ਤੋਂ ਬਾਅਦ ਉਪ-ਰਾਜਪਾਲ ਕੇ. ਕੈਲਾਸ਼ਨਾਥਨ ਨੇ ਰੰਗਾਸਾਮੀ ਨੂੰ ਸਰਕਾਰ ਬਣਾਉਣ ਲਈ ਸੱਦਾ ਦਿੱਤਾ। ਸੂਤਰਾਂ ਨੇ ਦੱਸਿਆ ਕਿ ਰੰਗਾਸਾਮੀ 13 ਮਈ ਨੂੰ ਮੁੱਖ ਮੰਤਰੀ ਵਜੋਂ ਸਹੁੰ ਚੁੱਕਣਗੇ। ਕੇਂਦਰ ਸ਼ਾਸਤ ਪ੍ਰਦੇਸ਼ ਵਿਚ 9 ਅਪ੍ਰੈਲ ਨੂੰ ਹੋਈਆਂ ਚੋਣਾਂ ਵਿਚ ਆਲ ਇੰਡੀਆ ਐੱਨ.ਆਰ. ਕਾਂਗਰਸ ਦੀ ਅਗਵਾਈ ਵਾਲੇ ਰਾਸ਼ਟਰੀ ਲੋਕਤੰਤਰੀ ਗੱਠਜੋੜ (ਰਾਜਗ) ਦੀ ਸ਼ਾਨਦਾਰ ਜਿੱਤ ਤੋਂ ਬਾਅਦ, ਰੰਗਾਸਾਮੀ 5ਵੀਂ ਵਾਰ ਮੁੱਖ ਮੰਤਰੀ ਦਾ ਅਹੁਦਾ ਸੰਭਾਲਣ ਲਈ ਤਿਆਰ ਹਨ। ਚੋਣ ਨਤੀਜੇ 4 ਮਈ ਨੂੰ ਐਲਾਨੇ ਗਏ ਸਨ।

# ਪ੍ਰਧਾਨ ਮੰਤਰੀ ਮੋਦੀ ਨੇ ਫਿਰ ਕੀਤੀ ਕੋਰੋਨਾ ਵਾਲੀਆਂ ਪਾਬੰਦੀਆਂ ਦੀ ਗੱਲ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਨਵੀਂ ਦਿੱਲੀ 10 ਮਈ। ਅਮਰੀਕਾ ਅਤੇ ਈਰਾਨ ਵਿਚਾਲੇ ਜਾਰੀ ਜੰਗ ਕਾਰਨ ਪੈਦਾ ਹੋਏ ਆਰਥਿਕ ਸੰਕਟ ਦੇ ਮੱਦੇਨਜ਼ਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਵਾਸਿਆਂ ਨੂੰ ਇੱਕ ਬੇਹੱਦ ਅਹਿਮ ਅਪੀਲ ਕੀਤੀ ਹੈ। ਪੀਐੱਮ ਮੋਦੀ ਨੇ ਸੁਝਾਅ ਦਿੱਤਾ ਹੈ ਕਿ ਰਾਸ਼ਟਰੀ ਹਿੱਤ ਵਿੱਚ ਕੋਰੋਨਾ ਕਾਲ ਦੌਰਾਨ ਅਪਣਾਈਆਂ ਗਈਆਂ ਪ੍ਰਣਾਲੀਆਂ, ਜਿਵੇਂ ਕਿ 'ਵਰਕ ਫਰੌਮ ਹੋਮ' (➟68) ਅਤੇ ਵਰਚੁਅਲ ਕਾਨਫਰੰਸਾਂ ਨੂੰ ਮੁੜ ਤੋਂ ਸ਼ੁਰੂ ਕੀਤਾ ਜਾਣਾ ਚਾਹੀਦਾ ਹੈ। ਹੈਦਰਾਬਾਦ ਵਿੱਚ ਇੱਕ ਜਨ ਸਭਾ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਚੱਲ ਰਹੀ ਜੰਗ ਨੇ ਵਿਸ਼ਵ ਅਰਥਵਿਵਸਥਾ ਨੂੰ ਹਿਲਾ ਕੇ ਰੱਖ ਦਿੱਤਾ ਹੈ, ਜਿਸ ਕਾਰਨ ਊਰਜਾ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਹੋਇਆ ਹੈ। ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ 100 ਡਾਲਰ ਪ੍ਰਤੀ ਬੈਰਲ ਦੇ ਕਰੀਬ ਪਹੁੰਚ ਗਈਆਂ ਹਨ। ਭਾਰਤ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਤੇਲ ਆਯਾਤਕ ਹੋਣ ਕਰਕੇ ਇਸ ਸੰਕਟ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੋ ਰਿਹਾ ਹੈ। ਪ੍ਰਧਾਨ ਮੰਤਰੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੈਟਰੋਲ ਅਤੇ ਡੀਜ਼ਲ ਦੀ ਵਰਤੋਂ ਸੰਜਮ ਨਾਲ ਕਰਨ। ਉਨ੍ਹਾਂ ਨੇ ਜਨਤਕ ਆਵਾਜਾਈ ਜਿਵੇਂ ਕਿ ਮੈਟਰੋ, ਬੱਸਾਂ ਅਤੇ ਰੇਲਗੱਡੀਆਂ ਦੀ ਵੱਧ ਤੋਂ ਵੱਧ ਵਰਤੋਂ ਕਰਨ ਅਤੇ ਨਿੱਜੀ ਯਾਤਰਾ ਲਈ 'ਕਾਰਪੂਲਿੰਗ' ਨੂੰ ਉਤਸ਼ਾਹਿਤ ਕਰਨ ਲਈ ਕਿਹਾ। ਪੀਐੱਮ ਅਨੁਸਾਰ, ਅੱਜ ਸਮੇਂ ਦੀ ਮੰਗ ਹੈ ਕਿ ਅਸੀਂ ਵਿਦੇਸ਼ੀ ਮੁਦਰਾ ਬਚਾਉਣ ਲਈ ਵਰਕ ਫਰੌਮ ਹੋਮ ਅਤੇ ਆਨਲਾਈਨ ਮੀਟਿੰਗਾਂ ਨੂੰ ਮੁੜ ਤਰਜੀਹ ਦੇਈਏ।



ਇਸ ਜੰਗ ਅਤੇ ਹੋਰਮੁਜ਼ ਜਲਡਮਰੂਮੱਧ ਵਿੱਚ ਪੈਦਾ ਹੋਈ ਰੁਕਾਵਟ ਕਾਰਨ ਭਾਰਤ ਵਿੱਚ ਹਰ ਚੀਜ਼ ਮਹਿੰਗੀ ਹੋ ਰਹੀ ਹੈ। ਰਸੋਈ ਗੈਸ (✶©7) ਦੇ ਕਮਰਸ਼ੀਅਲ ਸਿਲੰਡਰਾਂ ਦੀ ਕੀਮਤ ਵਿੱਚ ਪਹਿਲਾਂ ਹੀ 1,000 ਰੁਪਏ ਤੋਂ ਵੱਧ ਦਾ ਵਾਧਾ ਹੋ ਚੁੱਕਾ ਹੈ। ਇਸ ਤੋਂ ਇਲਾਵਾ ਖਾਣ ਵਾਲੇ ਤੇਲ, ਇਲੈਕਟ?ਾਨਿਕਸ, ਕੱਪੜੇ ਅਤੇ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਜਿਵੇਂ ਸਾਬਣ ਅਤੇ ਸ਼ੈਂਪੂ ਦੀਆਂ ਕੀਮਤਾਂ ਵੀ ਵਧਣ ਦਾ ਖਦਸ਼ਾ ਹੈ। ਭਾਰਤ ਤੋਂ ਪਹਿਲਾਂ ਥਾਈਲੈਂਡ, ਇੰਡੋਨੇਸ਼ੀਆ, ਪਾਕਿਸਤਾਨ ਅਤੇ ਬੰਗਲਾਦੇਸ਼ ਵਰਗੇ ਦੇਸ਼ ਪਹਿਲਾਂ ਹੀ ਤੇਲ ਦੀ ਮੰਗ ਨੂੰ ਘਟਾਉਣ ਲਈ 'ਵਰਕ ਫਰੌਮ ਹੋਮ' ਜਾਂ ਦਫ਼ਤਰਾਂ ਵਿੱਚ ਹਾਜ਼ਰੀ ਘਟਾਉਣ ਦੀਆਂ ਨੀਤੀਆਂ ਲਾਗੂ ਕਰ ਚੁੱਕੇ ਹਨ। ਪੀਐੱਮ ਮੋਦੀ ਦੀ ਇਸ ਅਪੀਲ ਨੂੰ ਸਰਕਾਰ ਵੱਲੋਂ ਲੰਬੇ ਸਮੇਂ ਤੱਕ ਚੱਲਣ ਵਾਲੇ ਸੰਕਟ ਦੀ ਤਿਆਰੀ ਵਜੋਂ ਦੇਖਿਆ ਜਾ ਰਿਹਾ ਹੈ।

## ਕੇਦਾਰਨਾਥ ਤੋਂ ਪਰਤ ਰਹੀ ਨਵ-ਵਿਆਹੁਤਾ ਲਾਪਤਾ

ਲਕਸਰ/ਗਾਜ਼ੀਆਬਾਦ 10 ਮਈ। ਬਾਬਾ ਕੇਦਾਰਨਾਥ ਦੇ ਦਰਸ਼ਨ ਕਰਕੇ ਵਾਪਸ ਪਰਤ ਰਹੇ ਇੱਕ ਨਵ-ਵਿਆਹੇ ਜੋੜੇ ਦੀਆਂ ਖੁਸ਼ੀਆਂ ਉਸ ਸਮੇਂ ਗਹਿਰੀ ਚਿੰਤਾ ਵਿੱਚ ਬਦਲ ਗਈਆਂ, ਜਦੋਂ ਚੱਲਦੀ ਰੇਲ ਗੱਡੀ ਵਿੱਚੋਂ ਇੱਕ ਨਵ-ਵਿਆਹੁਤਾ ਸ਼ੱਕੀ ਹਾਲਤ ਵਿੱਚ ਲਾਪਤਾ ਹੋ ਗਈ। ਦੇਹਰਾਦੂਨ ਤੋਂ ਗਾਜ਼ੀਆਬਾਦ ਵੱਲ ਜਾ ਰਹੀ ਮਹਾਨੰਦਾ ਐਕਸਪ੍ਰੈਸ ਵਿੱਚ ਵਾਪਰੀ ਇਸ ਸਨਸਨੀਖੇਜ਼ ਘਟਨਾ ਨੇ ਰੇਲ ਪ੍ਰਸ਼ਾਸਨ ਅਤੇ ਸੁਰੱਖਿਆ ਪ੍ਰਬੰਧਾਂ 'ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਮੂਲ ਰੂਪ ਵਿੱਚ ਕਾਨਪੁਰ ਦੇ ਰਹਿਣ ਵਾਲੇ ਅਤੇ ਗ੍ਰੇਟਰ ਨੋਇਡਾ ਵਿੱਚ ਨੌਕਰੀ ਕਰਦੇ ਮਨੀਸ਼ ਅਗਰਹਿਰੀ ਨੇ ਦੱਸਿਆ ਕਿ ਉਹ ਆਪਣੀ ਪਤਨੀ ਪ੍ਰਗਿਆ ਸਿੰਘ ਨਾਲ ਕੇਦਾਰਨਾਥ ਦੀ ਯਾਤਰਾ ਤੋਂ ਵਾਪਸ ਆ ਰਿਹਾ ਸੀ। ਸਫ਼ਰ ਦੌਰਾਨ ਥਕਾਵਟ ਕਾਰਨ ਮਨੀਸ਼ ਦੀ ਅੱਖ ਲੱਗ ਗਈ ਅਤੇ ਜਦੋਂ ਮੁਜ਼ੱਫਰਨਗਰ ਸਟੇਸ਼ਨ ਪਹੁੰਚਣ ਤੋਂ ਪਹਿਲਾਂ ਉਸ ਦੀ ਨੀਂਦ ਖੁੱਲ੍ਹੀ, ਤਾਂ ਉਸ ਦੀ ਪਤਨੀ ਨਾਲ ਵਾਲੀ ਵਾਲੀ ਸੀਟ ਤੋਂ ਗਾਇਬ ਸੀ। ਮਨੀਸ਼ ਨੇ ਪੂਰੀ ਟ?ਰੇਨ ਦੀ ਤਲਾਸ਼ੀ ਲਈ, ਪਰ ਪ੍ਰਗਿਆ ਦਾ ਕੋਈ ਸੁਰਾਗ ਨਹੀਂ ਮਿਲਿਆ। ਤਕਨੀਕੀ ਜਾਂਚ ਦੌਰਾਨ ਪ੍ਰਗਿਆ ਦੇ ਮੋਬਾਈਲ ਦੀ ਆਖਰੀ ਲੋਕੇਸ਼ਨ ਉੱਤਰਾਖੰਡ ਦੇ ਲਕਸਰ ਵਿੱਚ ਰੇਲਵੇ ਲਾਈਨ ਦੇ ਕਿਨਾਰੇ ਮਿਲੀ ਹੈ। ਇਸ ਤੋਂ ਬਾਅਦ ਮੋਬਾਈਲ ਲਗਾਤਾਰ ਬੰਦ ਆ ਰਿਹਾ ਹੈ, ਜਿਸ ਕਾਰਨ ਕਿਸੇ ਅਣਹੋਣੀ ਦਾ ਡਰ ਜਤਾਇਆ ਜਾ ਰਿਹਾ ਹੈ। ਪਤੀ ਮਨੀਸ਼ ਅਨੁਸਾਰ ਪ੍ਰਗਿਆ ਕੋਲ ਨਾ ਤਾਂ ਪੈਸੇ ਹਨ ਅਤੇ ਨਾ ਹੀ ਕੋਈ ਹੋਰ ਸਾਧਨ। ਲਕਸਰ ਪੁਲਸ ਨੇ ਗੁੰਮਸ਼ੁਦਗੀ ਦਾ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ, ਪਰ ਰੇਲਵੇ ਸਟੇਸ਼ਨ ਦੇ ਕੁਝ ਸੀਸੀਟੀਵੀ (33"ᘔ) ਕੈਮਰੇ ਖਰਾਬ ਹੋਣ ਕਾਰਨ ਪੁਲਸ ਨੂੰ ਕੋਈ ਠੋਸ ਸੁਰਾਗ ਨਹੀਂ ਮਿਲ ਰਿਹਾ। ਪੁਲਸ ਹੁਣ ਇਨ੍ਹਾਂ ਕੈਮਰਿਆਂ ਦਾ ਡਾਟਾ ਰਿਕਵਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਆਪਣੀ ਪਤਨੀ ਦੀ ਭਾਲ ਵਿੱਚ ਭਟਕ ਰਹੇ ਮਨੀਸ਼ ਨੇ ਉੱਤਰਾਖੰਡ ਦੇ ਮੁੱਖ ਮੰਤਰੀ ਅਤੇ ਡੀਜੀਪੀ ਨੂੰ ਭਾਵੁਕ ਅਪੀਲ ਕਰਦਿਆਂ ਕਿਹਾ ਕਿ ਉਸ ਦੀ ਦੁਨੀਆ ਉਜੜ ਗਈ ਹੈ ਅਤੇ ਉਹ ਆਪਣੀ ਪਤਨੀ ਦੀ ਸੁਰੱਖਿਆ ਨੂੰ ਲੈ ਕੇ ਬਹੁਤ ਚਿੰਤਤ ਹੈ।

# ਅਸਾਮ 'ਚ ਫਿਰ 'ਹਿਮੰਤ ਰਾਜ': ਲਗਾਤਾਰ ਦੂਜੀ ਵਾਰ ਸੰਭਾਲਣਗੇ ਮੁੱਖ ਮੰਤਰੀ ਦੀ ਕੁਰਸੀ

ਕੌਮੀ ਪਤ੍ਰਿਕਾ

ਨੈਸ਼ਨਲ ਡੈਸਕ 10 ਮਈ। ਅਸਾਮ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਅਗਵਾਈ ਵਾਲੇ ਰਾਸ਼ਟਰੀ ਲੋਕਤੰਤਰੀ ਗਠਜੋੜ (ਐਨਡੀਏ) ਨੇ ਵਿਧਾਨ ਸਭਾ ਚੋਣਾਂ ਵਿੱਚ ਭਾਰੀ ਜਿੱਤ ਦਰਜ ਕਰਨ ਤੋਂ ਬਾਅਦ ਸਰਕਾਰ ਗਠਨ ਦੀਆਂ ਤਿਆਰੀਆਂ ਤੇਜ਼ ਕਰ ਦਿੱਤੀਆਂ ਹਨ। ਐਤਵਾਰ ਨੂੰ ਹੋਈ ਐਨਡੀਏ ਵਿਧਾਇਕ ਦਲ ਦੀ ਬੈਠਕ ਵਿੱਚ ਹਿਮੰਤ ਬਿਸਵਾ ਸਰਮਾ ਨੂੰ ਸਰਬਸੰਮਤੀ ਨਾਲ ਨੇਤਾ ਚੁਣ ਲਿਆ ਗਿਆ ਹੈ, ਜਿਸ ਨਾਲ ਉਨ੍ਹਾਂ ਦਾ ਲਗਾਤਾਰ ਦੂਜੀ ਵਾਰ ਮੁੱਖ ਮੰਤਰੀ ਬਣਨਾ ਤੈਅ ਹੋ ਗਿਆ ਹੈ। ਸਰਬਸੰਮਤੀ ਨਾਲ ਹੋਇਆ ਚੋਣ ਗੁਹਾਟੀ ਵਿੱਚ ਆਯੋਜਿਤ ਇਸ ਬੈਠਕ ਵਿੱਚ ਕੇਂਦਰੀ ਮੰਤਰੀ ਜੇਪੀ ਨੱਡਾ ਨੇ ਰਸਮੀ ਤੌਰ 'ਤੇ ਸਰਮਾ ਦੇ ਨਾਮ ਦਾ ਐਲਾਨ ਕੀਤਾ। ਗਠਜੋੜ ਦੇ ਸਹਿਯੋਗੀ ਦਲਾਂ, ਅਸਾਮ ਗਣ ਪ੍ਰੀਸ਼ਦ ਅਤੇ ਬੋਡੋਲੈਂਡ ਪੀਪਲਜ਼ ਫਰੰਟ ਨੇ ਵੀ ਉਨ੍ਹਾਂ ਦੇ ਨਾਮ ਦਾ ਪੂਰਾ ਸਮਰਥਨ ਕੀਤਾ। ਸਰਮਾ ਨੇ 6 ਮਈ ਨੂੰ ਮੁੱਖ ਮੰਤਰੀ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ ਅਤੇ ਫਿਲਹਾਲ ਉਹ ਕਾਰਜਵਾਹਕ ਮੁੱਖ ਮੰਤਰੀ ਵਜੋਂ ਜ਼ਿੰਮੇਵਾਰੀ ਸੰਭਾਲ ਰਹੇ ਸਨ। ਹਿਮੰਤ ਬਿਸਵਾ ਸਰਮਾ 12 ਮਈ ਨੂੰ ਸਵੇਰੇ 11 ਵਜੇ ਰਾਜ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕਣਗੇ। ਇਹ ਸਮਾਗਮ ਗੁਹਾਟੀ ਦੇ ਖਾਨਾਪਾੜਾ ਪਲੇਗਰਾਊਂਡ ਵਿੱਚ ਆਯੋਜਿਤ ਕੀਤਾ ਜਾਵੇਗਾ, ਜਿਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਐਨਡੀਏ ਦੇ ਕਈ ਦਿੱਗਜ ਨੇਤਾ ਸ਼ਾਮਲ ਹੋਣਗੇ। ਸਰਮਾ ਨੇ ਕਿਹਾ ਕਿ ਨਵੀਂ ਸਰਕਾਰ ਅਗਲੇ ਪੰਜ ਸਾਲਾਂ ਵਿੱਚ ਵਿਕਾਸ ਕਾਰਜਾਂ ਨੂੰ ਸਰਵਉੱਚ ਤਰਜੀਹ ਦੇਵੇਗੀ ਅਤੇ ਉਨ੍ਹਾਂ ਦਾ ਟੀਚਾ ਅਸਾਮ ਨੂੰ ਦੇਸ਼ ਦੇ ਸਭ ਤੋਂ ਵਿਕਸਤ ਰਾਜਾਂ ਵਿੱਚ ਸ਼ਾਮਲ ਕਰਨਾ ਹੈ। ਅਸਾਮ ਵਿਧਾਨ ਸਭਾ ਚੋਣਾਂ ਵਿੱਚ ਐਨਡੀਏ ਨੇ ਜ਼ੋਰਦਾਰ ਪ੍ਰਦਰਸ਼ਨ ਕਰਦਿਆਂ ਕੁੱਲ 102 ਸੀਟਾਂ 'ਤੇ ਜਿੱਤ ਹਾਸਲ ਕੀਤੀ ਹੈ। ਇਸ ਵਿੱਚ ਭਾਜਪਾ ਨੇ 82 ਸੀਟਾਂ ਜਿੱਤੀਆਂ ਹਨ, ਜਦਕਿ ਉਸਦੇ ਸਹਿਯੋਗੀ ਦਲਾਂ ਨੇ 10-10 ਸੀਟਾਂ 'ਤੇ ਜਿੱਤ ਦਰਜ ਕੀਤੀ ਹੈ। ਇਸ ਜਿੱਤ ਨਾਲ ਐਨਡੀਏ ਨੇ ਰਾਜ ਵਿੱਚ ਲਗਾਤਾਰ ਤੀਜੀ ਵਾਰ ਸੱਤਾ ਵਿੱਚ ਵਾਪਸੀ ਕੀਤੀ ਹੈ।



# ਅਮਿਤ ਸ਼ਾਹ : ਭਾਰਤ ਦੀ ਰਾਜਨੀਤੀ ਦੇ ਆਧੁਨਿਕ ਚਾਣਕਿਆ

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਨਵੀਂ ਦਿੱਲੀ 10 ਮਈ। ਅੱਜ ਦੀ ਭਾਰਤੀ ਰਾਜਨੀਤੀ 'ਚ ਜੇਕਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਤੋਂ ਬਾਅਦ ਕਿਸੇ ਨੇਤਾ ਨੇ ਦੇਸ਼ ਦੇ ਰਾਜਨੀਤਕ ਦ੍ਰਿਸ਼ ਨੂੰ ਸਭ ਤੋਂ ਵੱਧ ਪ੍ਰਭਾਵਿਤ ਅਤੇ ਬਦਲਿਆ ਹੈ ਤਾਂ ਉਹ ਬਿਨਾਂ ਸ਼ੱਕ ਅਮਿਤ ਜੀ ਹਨ। ਅਮਿਤ ਸ਼ਾਹ ਸਿਰਫ਼ ਇਕ ਰਾਜਨੇਤਾ ਨਹੀਂ ਸਗੋਂ ਆਧੁਨਿਕ ਭਾਰਤ ਦੀ ਰਾਜਨੀਤੀ ਦੇ 'ਚਾਣਕਿਆ' ਹਨ। ਉਨ੍ਹਾਂ ਦੀ ਰਾਜਨੀਤੀ ਭਾਸ਼ਣਾਂ ਜਾਂ ਪ੍ਰਚਾਰ ਤੱਕ ਸੀਮਿਤ ਨਹੀਂ ਹੈ ਸਗੋਂ ਸੰਗਠਨ, ਰਣਨੀਤੀ, ਸੂਖਮ ਪੱਧਰ ਦੀ ਯੋਜਨਾ, ਵਰਕਰ ਆਧਾਰਤ ਵਿਸਥਾਰ ਅਤੇ ਰਾਸ਼ਟਰਵਾਦੀ ਵਿਚਾਰਧਾਰਾ ਨੂੰ ਮਜ਼ਬੂਤ ਕਰਨ 'ਤੇ ਆਧਾਰਤ ਹੈ। ਪੱਛਮੀ ਬੰਗਾਲ 'ਚ ਭਾਜਪਾ ਦਾ ਉਦੈ ਇਸ ਦਾ ਸਭ ਤੋਂ ਵੱਡਾ ਉਦਾਹਰਣ ਹੈ। ਇਕ ਸਮਾਂ ਸੀ ਜਦੋਂ ਪੱਛਮੀ ਬੰਗਾਲ 'ਚ ਭਾਜਪਾ ਦੀ ਮੌਜੂਦਗੀ ਲਗਭਗ ਨਾਮੁਮਕਿਨ ਮੰਨੀ ਜਾਂਦੀ ਸੀ। ਖੱਬੇ ਪੱਖੀ ਅਤੇ ਤੁਸ਼ਟੀਕਰਨ ਦੀ ਰਾਜਨੀਤੀ ਵਿਚਾਲੇ ਇਹ ਕਲਪਨਾ ਕਰਨਾ ਵੀ ਕਠਿਨ ਸੀ ਕਿ ਭਾਜਪਾ ਰਾਜ ਦੀ ਮੁੱਖ ਰਾਜਨੀਤਕ ਸ਼ਕਤੀ ਬਣ ਕੇ ਉਭਰੇਗੀ ਪਰ ਅੱਜ ਬੰਗਾਲ ਦੀ ਰਾਜਨੀਤੀ ਪੂਰੀ ਤਰ੍ਹਾਂ ਬਦਲ ਚੁੱਕੀ ਹੈ। ਇਹ ਤਬਦੀਲੀ ਅਚਾਨਕ ਨਹੀਂ ਆਈ। ਇਸ ਦੇ ਪਿੱਛੇ ਸਾਲਾਂ ਦੀ ਸੰਗਠਨਾਤਮਕ ਮਿਹਨਤ, ਵਿਚਾਰਕ ਸੰਘਰਸ਼ ਅਤੇ ਅਮਿਤ ਸ਼ਾਹ ਦਾ ਦ੍ਰਿਸ਼ਟੀਕੋਣ ਰਹੀ। ਉਨ੍ਹਾਂ ਨੇ ਬੰਗਾਲ ਨੂੰ ਸਿਰਫ਼ ਇਕ ਚੋਣ ਰਾਜ ਨਹੀਂ ਸਗੋਂ ਡਾ. ਸ਼ਿਆਮਾ ਪ੍ਰਸਾਦ ਮੁਖਰਜੀ ਜੀ ਦੀ ਜ਼ਮੀਨ ਵਜੋਂ ਦੇਖਿਆ, ਉਸ ਮਹਾਪੁਰਸ਼ ਦੀ ਜ਼ਮੀਨ, ਜਿਨ੍ਹਾਂ ਨੇ ਭਾਰਤੀ ਜਨ ਸੰਘ ਦੀ ਨੀਂਹ ਰੱਖੀ ਅਤੇ ਭਾਰਤ ਦੀ ਏਕਤਾ ਅਤੇ ਅਖੰਡਤਾ ਲਈ ਆਪਣਾ ਜੀਵਨ ਸਮਰਪਿਤ ਕੀਤਾ। ਡਾ. ਸ਼ਿਆਮਾ ਪ੍ਰਸਾਦ ਮੁਖਰਜੀ ਨੇ ਵੰਡ ਦੇ ਸਮੇਂ ਕੋਲਕਾਤਾ ਨੂੰ ਭਾਰਤ 'ਚ ਬਣਾਏ ਰੱਖਣ 'ਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਅੱਜ ਬੰਗਾਲ ਦੀ ਰਾਸ਼ਟਰਵਾਦੀ ਵਿਚਾਰਧਾਰਾ ਦਾ ਪੁਨਰ-ਉਥਾਨ, ਕਿਤੇ ਨਾ ਕਿਤੇ ਉਸੇ ਵਿਚਾਰਕ ਵਿਰਾਸਤ ਦੀ ਵਾਪਸੀ ਹੈ। ਅਮਿਤ ਸ਼ਾਹ ਜੀ ਦੀ ਸਭ ਤੋਂ ਵੱਡੀ ਰਾਜਨੀਤਕ ਸ਼ਕਤੀ ਉਨ੍ਹਾਂ ਦੀ ਲੀਡਰਸ਼ਿਪ ਪਛਾਣਨ ਦੀ ਸਮਰੱਥਾ ਹੈ। ਭਾਵੇਂ ਹਿਮੰਤ ਬਿਸਵਾ ਸਰਮਾ ਦੇ ਮਾਧਿਅਮ ਨਾਲ ਆਸਾਮ 'ਚ ਭਾਜਪਾ ਨੂੰ ਮਜ਼ਬੂਤ ਕਰਨਾ ਹੋਵੇ ਜਾਂ ਸੁਵੇਂਦੂ ਅਧਿਕਾਰੀ



ਵਰਗੇ ਨੇਤਾਵਾਂ ਨੂੰ ਅੱਗੇ ਲਿਆ ਕੇ ਬੰਗਾਲ 'ਚ ਸੰਗਠਨ ਦਾ ਵਿਸਥਾਰ ਕਰਨਾ, ਉਨ੍ਹਾਂ ਨੇ ਹਰ ਚੁਣੌਤੀ ਨੂੰ ਮੌਕੇ 'ਚ ਬਦਲਿਆ। ਪਰ ਅਮਿਤ ਸ਼ਾਹ ਜੀ ਦਾ ਯੋਗਦਾਨ ਸਿਰਫ਼ ਚੋਣ ਰਾਜਨੀਤੀ ਤੱਕ ਸੀਮਿਤ ਨਹੀਂ ਹੈ। ਭਾਰਤ ਦੀ ਏਕਤਾ ਅਤੇ ਅਖੰਡਤਾ ਨੂੰ ਮਜ਼ਬੂਤ ਕਰਨ ਲਈ ਉਨ੍ਹਾਂ ਨੇ ਇਤਿਸਾਹਕ ਫੈਸਲਾ ਲੈਂਦੇ ਹੋਏ ਜੰਮੂ ਕਸ਼ਮੀਰ ਤੋਂ ਧਾਰਾ 370 ਹਟਾਉਣ 'ਚ ਫੈਸਲਾਕੁੰਨ ਭੂਮਿਕਾ ਨਿਭਾਈ। ਦਹਾਕਿਆਂ ਤੱਕ ਦੇਸ਼ ਨੂੰ ਵੱਖਵਾਦ, ਅੱਤਵਾਦ ਅਤੇ ਅਸਥਿਰਤ ਵੱਲ ਧੱਕਣ ਵਾਲੀ ਵਿਵਸਥਾ ਨੂੰ ਖ਼ਤਮ ਕਰ ਕੇ ਉਨ੍ਹਾਂ ਨੇ ਡਾ. ਸ਼ਿਆਮਾ ਪ੍ਰਸਾਦ ਮੁਖਰਜੀ ਦੇ ਉਸ ਸੰਕਲਪ ਨੂੰ ਪੂਰਾ ਕੀਤਾ- ''ਇਕ ਦੇਸ਼ 'ਚ 2 ਵਿਧਾਨ, 2 ਪ੍ਰਧਾਨ ਅਤੇ 2 ਨਿਸ਼ਾਨ ਨਹੀਂ ਚੱਲਣਗ।'' ਅੱਜ ਜੰਮੂ-ਕਸ਼ਮੀਰ 'ਚ ਵਿਕਾਸ, ਲੋਕਤੰਤਰ ਅਤੇ ਰਾਸ਼ਟਰੀ ਏਕੀਕਰਨ ਦਾ ਨਵਾਂ ਅਧਿਆਏ ਲਿਖਿਆ ਜਾ ਰਿਹਾ ਹੈ। ਇਸ ਤਰ੍ਹਾਂ ਦੇਸ਼ ਨੂੰ ਦਹਾਕਿਆਂ ਤੱਕ ਪ੍ਰਭਾਵਿਤ ਕਰਨ ਵਾਲੇ ਨਕਸਲਵਾਲ ਦੇ ਵਿਰੁੱਧ ਵੀ ਅਮਿਤ ਸ਼ਾਹ ਜੀ ਨੇ ਸਖ਼ਤ ਅਤੇ ਫੈਸਲਾਕੁੰਨ ਰਾਜਨੀਤੀ ਅਪਣਾਈ। ਸੁਰੱਖਿਆ ਫ਼ੋਰਸਾਂ ਦੀ ਸਮਰੱਥਾ ਵਧਾਉਣ, ਵਿਕਾਸ ਨੂੰ ਪਿੰਡ-ਪਿੰਡ ਤੱਕ ਪਹੁੰਚਾਉਣ ਅਤੇ ਰਾਸ਼ਟਰਵਿਰੋਧੀ ਹਿੰਸਾ ਦੇ ਨੈੱਟਵਰਕ ਨੂੰ ਤੋੜਨ ਕਾਰਨ ਅੱਜ ਨਕਸਲਵਾਦ ਆਪਣੇ ਅੰਤਿਮ ਪੜਾਅ 'ਚ ਪਹੁੰਚ ਚੁੱਕਿਆ ਹੈ। ਜਿਹੜੇ ਖੇਤਰਾਂ 'ਚ ਕਦੇ ਲਾਲ ਅੱਤਵਾਦ ਦਾ ਪ੍ਰਭਾਵ ਸੀ, ਉੱਥੇ ਹੁਣ ਵਿਕਾਸ, ਸੜਕ, ਸਿੱਖਿਆ ਅਤੇ ਲੋਕਤੰਤਰ ਦੀ ਆਵਾਜ਼ ਸੁਣਾਈ ਦੇ ਰਹੀ ਹੈ। ਭਾਜਪਾ ਦੇ ਵਿਰੋਧੀ ਹਮੇਸ਼ਾ ਪਾਰਟੀ 'ਤੇ ਰਾਜਨੀਤਕ ਵਿਸਥਾਰਵਾਦ ਦੇ ਦੋਸ਼ ਲਗਾਉਂਦੇ ਹਨ ਪਰ ਸੱਚਾਈ ਇਹ ਹੈ ਕਿ ਕਈ ਨੇਤਾ ਇਸ ਲਈ ਭਾਜਪਾ ਨਾਲ ਜੁੜੇ, ਕਿਉਂਕਿ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਅਤੇ ਅਮਿਤ ਸ਼ਾਹ ਦੀ ਕਾਰਜਸ਼ੈਲੀ 'ਚ ਸਪੱਸ਼ਟ ਦ੍ਰਿਸ਼ਟੀ, ਫੈਸਲਾਕੁੰਨ ਲੀਡਰਸ਼ਿਪ ਅਤੇ ਰਾਸ਼ਟਰਹਿੱਤ ਨੂੰ ਤਰਜੀਹ ਦੇਣ ਵਾਲੀ ਰਾਜਨੀਤੀ ਦਿਖਾਈ ਦਿੱਤੀ। ਅਮਿਤ ਸ਼ਾਹ ਜੀ ਨੇ ਵਿਚਾਰਿਕ ਵਚਨਬੱਧਤਾ ਅਤੇ ਵਿਵਹਾਰਿਕ ਰਾਜਨੀਤੀ ਵਿਚਾਲੇ ਅਦਭੁੱਤ ਸੰਤੁਲਨ ਸਥਾਪਤ ਕੀਤਾ ਹੈ। ਉਨ੍ਹਾਂ ਦੀ ਰਾਜਨੀਤੀ ਪ੍ਰਕਿਰਿਆਵਾਦੀ ਨਹੀਂ ਸਗੋਂ ਲੰਬੇ ਸਮੇਂ ਦੀ ਰਾਜਨੀਤੀ, ਸੰਗਠਨਾਤਮਕ ਮਜ਼ਬੂਤੀ ਅਤੇ ਲਗਾਤਾਰ ਜਨਸੰਪਰਕ 'ਤੇ ਆਧਾਰਤ ਹੈ।

## ਭਾਰਤੀ ਫ਼ੌਜ ਨੂੰ ਮਿਲਿਆ ਨਵਾਂ ਸੀ.ਡੀ.ਐੱਸ. ! ਹੁਣ ਐੱਨ.ਐੱਸ. ਰਾਜਾ ਸੁਬਰਾਮਣੀ ਸੰਭਾਲਣੇ ਕਮਾਨ

ਨਵੀਂ ਦਿੱਲੀ 10 ਮਈ। ਲੈਫਟੀਨੈਂਟ ਜਨਰਲ ਐੱਨ.ਐੱਸ. ਰਾਜਾ ਸੁਬਰਾਮਣੀ ਦੇਸ਼ ਦੇ ਅਗਲੇ ਚੀਫ਼ ਆਫ਼ ਡਿਫੈਂਸ ਸਟਾਫ (ਸੀ.ਡੀ.ਐੱਸ.) ਹੋਣਗੇ। ਉਨ੍ਹਾਂ ਦੀ ਸਭ ਤੋਂ ਵੱਡੀ ਚੁਣੌਤੀ ਅਹਿਮ 'ਥੀਏਟਰਾਈਜ਼ੇਸ਼ਨ' ਯੋਜਨਾ ਨੂੰ ਲਾਗੂ ਕਰਨਾ ਹੋਵੇਗਾ, ਜਿਸ ਦਾ ਮੰਤਵ ਫੌਜ ਦੇ ਤਿੰਨਾਂ ਅੰਗਾਂ ਦਰਮਿਆਨ ਬਿਹਤਰ ਤਾਲਮੇਲ ਸਥਾਪਤ ਕਰਨਾ ਹੈ। ਸੁਬਰਾਮਣੀ ਜਨਰਲ ਅਨਿਲ ਚੌਹਾਨ ਦੀ ਥਾਂ ਲੈਣਗੇ, ਜਿਨ੍ਹਾਂ ਦਾ ਕਾਰਜਕਾਲ 30 ਮਈ ਨੂੰ ਖ਼ਤਮ ਹੋ ਰਿਹਾ ਹੈ। ਇਸ ਸਮੇਂ ਰਾਸ਼ਟਰੀ ਸੁਰੱਖਿਆ ਕੌਂਸਲ ਸਕੱਤਰੇਤ 'ਚ ਫੌਜੀ ਸਲਾਹਕਾਰ ਵਜੋਂ ਸੇਵਾ ਨਿਭਾਅ ਰਹੇ ਲੈਫਟੀਨੈਂਟ ਜਨਰਲ ਸੁਬਰਾਮਣੀ ਨੂੰ ਪਾਕਿਸਤਾਨ ਤੇ ਚੀਨ ਦੇ ਮਾਮਲਿਆਂ ਦੇ ਮਾਹਿਰ ਮੰਨਿਆ ਜਾਂਦਾ ਹੈ। ਉਨ੍ਹਾਂ ਨੂੰ ਪੱਛਮੀ ਮੋਰਚੇ 'ਤੇ ਭਾਰਤੀ ਫੌਜ ਦੀ ਪ੍ਰਮੁੱਖ ਸਟ?ਰਾਈਕ ਕੋਰ ਸਮੇਤ 2 ਕੋਰਾਂ ਦੀ ਕਮਾਂਡ ਕਰਨ ਦਾ ਮਾਣ ਵੀ ਹਾਸਲ ਹੈ। ਉਧਰ ਵਾਈਸ ਐਡਮਿਰਲ ਕ੍ਰਿਸ਼ਨ ਸਵਾਮੀਨਾਥਨ ਨੂੰ ਭਾਰਤੀ ਸਮੁੰਦਰੀ ਫੌਜ ਦਾ ਨਵਾਂ ਮੁਖੀ ਨਿਯੁਕਤ ਕੀਤਾ ਗਿਆ ਸੀ। ਉਹ ਐਡਮਿਰਲ ਦਿਨੇਸ਼ ਕੁਮਾਰ ਤ੍ਰਿਪਾਠੀ ਦੀ ਥਾਂ ਲੈਣਗੇ, ਜੋ 31 ਮਈ ਨੂੰ ਸੇਵਾਮੁਕਤ ਹੋ ਰਹੇ ਹਨ।



## ਹਰਿਆਣਾ ਨਗਰ ਨਿਗਮ ਚੋਣਾਂ

ਚੰਡੀਗੜ੍ਹ 10 ਮਈ। ਹਰਿਆਣਾ 'ਚ ਐਤਵਾਰ ਨੂੰ ਅੰਬਾਲਾ, ਪੰਚਕੂਲਾ ਅਤੇ ਸੋਨੀਪਤ ਨਗਰ ਨਿਗਮਾਂ 'ਚ ਮੇਅਰਾਂ ਅਤੇ ਵਾਰਡ ਕੌਂਸਲਰਾਂ ਦੀ ਚੋਣ ਲਈ ਵੋਟਿੰਗ ਜਾਰੀ ਹੈ।ਇਸ ਤੋਂ ਇਲਾਵਾ ਰੇਵਾੜੀ ਨਗਰ ਪ੍ਰੀਸ਼ਦ 'ਚ ਚੇਅਰਮੈਨ ਅਤੇ ਕੌਂਸਲਰਾਂ ਦੀ ਚੋਣ ਲਈ ਵੀ ਵੋਟਿੰਗ ਜਾਰੀ ਹੈ। ਸਾਂਪਲਾ (ਰੋਹਤਕ ਜ਼ਿਲ੍ਹਾ), ਧਾਰੂਹੇੜਾ (ਰੇਵਾੜੀ ਜ਼ਿਲ੍ਹਾ) ਅਤੇ ਉਕਲਾਨਾ (ਹਿਸਾਰ ਜ਼ਿਲ੍ਹਾ) ਦੀਆਂ ਨਗਰ ਕਮੇਟੀਆਂ 'ਚ ਚੇਅਰਮੈਨ ਅਤੇ ਕੌਂਸਲਰਾਂ ਲਈ ਵੀ ਵੋਟਿੰਗ ਜਾਰੀ ਹੈ। ਟੋਹਾਣਾ, ਝੱਜਰ, ਰਾਜੌਂਦ, ਤਰਾਵੜੀ, ਕਨੀਨਾ ਅਤੇ ਸਧੌਰਾ 'ਚ ਨਗਰ ਕੌਂਸਲਾਂ ਅਤੇ ਨਗਰ ਕਮੇਟੀਆਂ 'ਚ ਇਕ-ਇਕ ਵਾਰਡ ਲਈ ਉਪ-ਚੋਣਾਂ ਵੀ ਹੋ ਰਹੀਆਂ ਹਨ। ਸਾਰੇ ਅਹੁਦਿਆਂ ਲਈ ਵੋਟਿੰਗ ਸਵੇਰੇ 8 ਵਜੇ ਸ਼ੁਰੂ ਹੋਈ ਅਤੇ ਸ਼ਾਮ 6 ਵਜੇ ਤੱਕ ਜਾਰੀ ਰਹੇਗੀ। ਵੋਟਾਂ ਦੀ ਗਿਣਤੀ 13 ਮਈ ਨੂੰ ਹੋਵੇਗੀ। ਨਗਰ ਨਿਗਮ ਚੋਣਾਂ 'ਚ ਮੁੱਖ ਮੁਕਾਬਲਾ ਕਾਂਗਰਸ ਅਤੇ ਸੱਤਾਧਾਰੀ ਭਾਰਤੀ ਜਨਤਾ ਪਾਰਟੀ (ਭਾਜਪਾ) ਵਿਚਕਾਰ ਹੋਣ ਦੀ ਉਮੀਦ ਹੈ। ਹਰਿਆਣਾ ਰਾਜ ਚੋਣ ਕਮਿਸ਼ਨਰ ਦੇਵੇਂਦਰ ਸਿੰਘ ਕਲਿਆਣ ਨੇ ਪਹਿਲਾਂ ਕਿਹਾ ਸੀ ਕਿ ਕਮਿਸ਼ਨ ਆਉਣ ਵਾਲੀਆਂ ਨਗਰ ਨਿਗਮ ਚੋਣਾਂ ਨੂੰ ਸੁਤੰਤਰ, ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਕਰਵਾਉਣ ਲਈ ਵਚਨਬੱਧ ਹੈ। ਅਧਿਕਾਰੀਆਂ ਨੇ ਦੱਸਿਆ ਕਿ ਰਾਜ 'ਚ ਨਗਰ ਨਿਗਮ ਚੋਣਾਂ ਦੌਰਾਨ ਵੋਟਰਾਂ ਨੂੰ ਕੋਈ ਅਸੁਵਿਧਾ ਨਾ ਹੋਵੇ, ਇਸ ਲਈ ਪੋਲਿੰਗ ਸਟੇਸ਼ਨਾਂ 'ਤੇ ਵਿਆਪਕ ਪ੍ਰਬੰਧ ਕੀਤੇ ਗਏ ਹਨ। ਪੋਲਿੰਗ ਸਟੇਸ਼ਨਾਂ 'ਤੇ ਸਾਫ਼ ਸਾਈਨਬੋਰਡ, ਹੈਲਪ ਡੈਸਕ, ਪੀਣ ਵਾਲਾ ਪਾਣੀ, ਪਖਾਨੇ ਅਤੇ ਹੋਰ ਬੁਨਿਆਦੀ ਸਹੂਲਤਾਂ ਪ੍ਰਦਾਨ ਕੀਤੀਆਂ ਗਈਆਂ ਹਨ। ਅਪਾਹਜਾਂ, ਬਜ਼ੁਰਗ ਨਾਗਰਿਕਾਂ ਅਤੇ ਔਰਤਾਂ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਅਧਿਕਾਰੀਆਂ ਅਨੁਸਾਰ, ਇਨ੍ਹਾਂ ਵੋਟਰਾਂ ਲਈ ਰੈਂਪ, ਵ?ਹੀਲਚੇਅਰ ਅਤੇ ਵੱਖਰੀਆਂ ਲਾਈਨਾਂ ਪ੍ਰਦਾਨ ਕੀਤੀਆਂ ਗਈਆਂ ਹਨ ਤਾਂ ਜੋ ਉਹ ਬਿਨਾਂ ਕਿਸੇ ਪਰੇਸ਼ਾਨੀ ਦੇ ਆਪਣੀ ਵੋਟ ਪਾ ਸਕਣ।

# ਕਮਲ ਹਾਸਨ, ਆਰ. ਮਾਧਵਨ, ਅਤੇ ਹੋਰਾਂ ਨੇ ਥਾਲਾਪਤੀ ਵਿਜੇ ਨੂੰ ਮੁੱਖ ਮੰਤਰੀ ਬਣਨ 'ਤੇ ਦਿੱਤੀ ਵਧਾਈ

ਕੌਮੀ ਪਤ੍ਰਿਕਾ
ਤੇਜਿੰਦਰ ਕੌਰ ਬੱਬਰ

ਨਵੀਂ ਦਿੱਲੀ 10 ਮਈ। ਕਮਲ ਹਾਸਨ ਅਤੇ ਆਰ. ਮਾਧਵਨ ਸਮੇਤ ਕਈ ਮਸ਼ਹੂਰ ਹਸਤੀਆਂ ਨੇ ਟੀਵੀਕੇ ਦੇ ਚੇਅਰਮੈਨ ਚੰਦਰਸ਼ੇਖਰ ਜੋਸਫ਼ ਵਿਜੇ ਨੂੰ ਤਾਮਿਲਨਾਡੂ ਦਾ ਮੁੱਖ ਮੰਤਰੀ ਬਣਨ 'ਤੇ ਵਧਾਈ ਦਿੱਤੀ ਅਤੇ ਇਸਨੂੰ ਇਤਿਹਾਸਕ ਜਿੱਤ ਦੱਸਿਆ। ਵਿਜੇ ਨੂੰ ਐਤਵਾਰ ਨੂੰ ਅਧਿਕਾਰਤ ਤੌਰ 'ਤੇ ਤਾਮਿਲਨਾਡੂ ਦੇ ਮੁੱਖ ਮੰਤਰੀ ਵਜੋਂ ਸਹੁੰ ਚੁਕਾਈ ਗਈ। ਇਹ ਸਮਾਰੋਹ ਚੇਨਈ ਦੇ ਜਵਾਹਰ ਲਾਲ ਨਹਿਰੂ ਇਨਡੋਰ ਸਟੇਡੀਅਮ ਵਿੱਚ ਆਯੋਜਿਤ ਕੀਤਾ ਗਿਆ ਸੀ, ਜਿੱਥੇ ਰਾਜਪਾਲ ਰਾਜੇਂਦਰ ਵਿਸ਼ਵਨਾਥ ਅਰਲੇਕਰ ਨੇ ਉਨ੍ਹਾਂ ਨੂੰ ਅਹੁਦੇ ਦੀ ਸਹੁੰ ਚੁਕਾਈ। ਕਮਲ ਹਾਸਨ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਇੱਕ ਪੋਸਟ ਰਾਹੀਂ ਵਧਾਈਆਂ ਦਿੱਤੀਆਂ। ਉਨ੍ਹਾਂ ਲਿਖਿਆ, ਤਾਮਿਲਨਾਡੂ ਦੇ ਮਾਨਯੋਗ ਮੁੱਖ ਮੰਤਰੀ, ਮੇਰੇ ਭਰਾ ਥਿਰੂ ਵਿਜੇ ਦੀ ਅਗਵਾਈ ਹੇਠ ਤਾਮਿਲਨਾਡੂ ਰਾਜ ਤਰੱਕੀ ਕਰੇ। ਇਹ ਨਵੀਆਂ ਉਚਾਈਆਂ 'ਤੇ ਪਹੁੰਚੇ। ਮੇਰੀਆਂ ਦਿਲੋਂ ਵਧਾਈਆਂ। ਉਨ੍ਹਾਂ ਕਿਹਾ, 'ਇੰਡੀਅਨ ਨੈਸ਼ਨਲ ਕਾਂਗਰਸ, ਭਾਰਤੀ ਕਮਿਊਨਿਸਟ ਪਾਰਟੀ (ਭਾਕਪਾ), ਮਾਰਕਸਵਾਦੀ ਕਮਿਊਨਿਸਟ ਪਾਰਟੀ (ਮਾਕਪਾ), ਵਿਦੁਥਲਾਈ ਚਿਰੂਥੈਗਲ ਕਾਚੀ (ਵੀਸੀਕੇ) ਅਤੇ ਇੰਡੀਅਨ ਯੂਨੀਅਨ ਮੁਸਲਿਮ ਲੀਗ ਨੂੰ ਹਾਰਦਿਕ ਵਧਾਈਆਂ, ਜਿਨ੍ਹਾਂ ਨੇ ਲੋਕਾਂ ਦੇ ਫੈਸਲੇ ਦਾ ਸਤਿਕਾਰ ਕੀਤਾ ਹੈ ਅਤੇ ਤਾਮਿਲਨਾਡੂ ਵੇਤਰੀ ਕਜ਼ਾਗਮ (ਟੀਵੀਕੇ) ਸਰਕਾਰ ਨੂੰ ਆਪਣਾ ਸਮਰਥਨ ਦਿੱਤਾ ਹੈ। ਆਰ.ਮਾਧਵਨ ਨੇ ਆਪਣੇ ਇੰਸਟਾਗ੍ਰਾਮ ਹੈਂਡਲ 'ਤੇ ਅਦਾਕਾਰ ਵਿਜੇ ਦੀ ਇੱਕ ਫੋਟੋ ਸਾਂਝੀ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਵਿਜੇ 'ਤੇ ਮਾਣ ਹੈ। ਫੋਟੋ ਦੇ ਨਾਲ ਉਨ੍ਹਾਂ ਨੇ ਲਿਖਿਆ, ਮੇਰੇ ਪਿਆਰੇ ਭਰਾ, ਤੁਹਾਨੂੰ ਬਹੁਤ ਬਹੁਤ ਵਧਾਈਆਂ। ਮੁੱਖ ਮੰਤਰੀ ਵਜੋਂ ਤੁਹਾਡਾ ਕਾਰਜਕਾਲ ਸਾਡੇ ਰਾਜ ਲਈ ਸਭ ਤੋਂ ਸਫਲ ਅਤੇ ਪ੍ਰਭਾਵਸ਼ਾਲੀ ਹੋਵੇ। ਤੁਹਾਨੂੰ ਸਾਰੇ ਚੰਗੇ ਕੰਮ ਕਰਨ ਲਈ ਲੋੜੀਂਦੀ ਤਾਕਤ ਮਿਲੇ। ਮੈਨੂੰ ਤੁਹਾਡੇ 'ਤੇ ਬਹੁਤ ਮਾਣ ਹੈ, ਭਰਾ। ਸੀਬੀ ਸੱਤਿਆਰਾਜ ਨੇ ਆਪਣੇ ਫੇਸਬੁੱਕ ਹੈਂਡਲ 'ਤੇ ਅਦਾਕਾਰ ਦੀ ਇੱਕ ਫੋਟੋ ਸਾਂਝੀ ਕੀਤੀ ਅਤੇ ਉਨ੍ਹਾਂ ਨੂੰ ਵਧਾਈ ਦਿੰਦੇ ਹੋਏ ਇੱਕ ਲੰਮਾ ਸੰਦੇਸ਼ ਲਿਖਿਆ। ਉਨ੍ਹਾਂ ਲਿਖਿਆ, ਸਾਡੇ ਮਾਨਯੋਗ ਮੁੱਖ ਮੰਤਰੀ ਥਾਲਾਪਤੀ ਵਿਜੇ ਅੰਨਾ ਨੂੰ ਇੱਕ ਵਾਰ ਫਿਰ ਆਖਰੀ ਲੜਾਈ ਜਿੱਤਣ 'ਤੇ ਵਧਾਈਆਂ। ਉਸਦੀ ਇਤਿਹਾਸਕ ਜਿੱਤ ਇਸ ਗੱਲ ਦੀ ਇੱਕ ਸੱਚੀ ਉਦਾਹਰਣ ਹੈ ਕਿ ਮੁਸ਼ਕਲਾਂ ਦੇ ਬਾਵਜੂਦ ਵੀ ਵਿਅਕਤੀ ਨੂੰ ਦ੍ਰਿੜ ਰਹਿਣਾ ਚਾਹੀਦਾ ਹੈ ਅਤੇ ਆਉਣ ਵਾਲੀਆਂ ਸਾਰੀਆਂ ਰੁਕਾਵਟਾਂ ਦੇ ਬਾਵਜੂਦ ਆਪਣੇ ਸਿਧਾਂਤਾਂ ਪ੍ਰਤੀ ਵਚਨਬੱਧ ਰਹਿਣਾ ਚਾਹੀਦਾ ਹੈ। ਪੂਜਾ ਹੇਗੜੇ ਨੇ ਆਪਣੀ ਇੰਸਟਾਗ੍ਰਾਮ ਸਟੋਰੀ 'ਤੇ ਅਦਾਕਾਰ ਦੀ ਇੱਕ ਤਸਵੀਰ ਸਾਂਝੀ ਕੀਤੀ ਅਤੇ ਲਿਖਿਆ, ਅਦਾਕਾਰ ਵਿਜੇ... ਜਾਂ ਜਿਵੇਂ ਕਿ ਹੁਣ ਕਿਹਾ ਜਾਣਾ ਚਾਹੀਦਾ ਹੈ, ਮੁੱਖ ਮੰਤਰੀ ਵਿਜੇ। ਸਰ। ਅਦਾਕਾਰ ਪ੍ਰਕਾਸ਼ ਰਾਜ ਨੇ X 'ਤੇ ਇੱਕ ਪੋਸਟ ਵਿੱਚ ਲਿਖਿਆ, ਮੁੱਖ ਮੰਤਰੀ ਵਿਜੇ ਨੂੰ ਵਧਾਈਆਂ। ਤੁਹਾਡੀ ਨਵੀਂ ਜ਼ਿੰਮੇਵਾਰੀ ਵਿੱਚ ਸਫਲਤਾ ਲਈ ਸ਼ੁਭਕਾਮਨਾਵਾਂ। ਤੁਹਾਡੇ ਸ਼ਾਸਨ ਹੇਠ ਰਾਜ ਵੀ ਖੁਸ਼ਹਾਲ ਹੋਵੇ। ਆਰਜੇ ਬਾਲਾਜੀ ਨੇ X 'ਤੇ ਆਪਣੀ ਪੋਸਟ ਵਿੱਚ ਲਿਖਿਆ, ਸੀ ਜੋਸਫ਼ ਵਿਜੇ। ਇਹ ਬਹੁਤ ਵਧੀਆ ਮਹਿਸੂਸ ਹੁੰਦਾ ਹੈ... ਤੁਹਾਨੂੰ ਅਤੇ ਤੁਹਾਡੇ ਮੰਤਰੀ ਮੰਡਲ ਨੂੰ ਦਿਲੋਂ ਵਧਾਈਆਂ... ਤੁਹਾਨੂੰ ਅਤੇ ਤੁਹਾਡੇ ਇਰਾਦਿਆਂ ਨੂੰ ਜਾਣਦੇ ਹੋਏ, ਮੈਨੂੰ ਉਮੀਦ ਹੈ ਕਿ ਤੁਹਾਡੀ ਸਮਾਵੇਸ਼ੀ ਅਤੇ ਪ੍ਰਗਤੀਸ਼ੀਲ ਸਰਕਾਰ ਸਾਡੇ ਸ਼ਾਨਦਾਰ ਰਾਜ ਨੂੰ ਅਗਲੇ ਪੱਧਰ 'ਤੇ ਲੈ ਜਾਵੇਗੀ।



# ਆਂਧਰਾ ਪ੍ਰਦੇਸ਼: ਪਾਣੀ ਦੂਸ਼ਿਤ ਹੋਣ ਕਾਰਨ ਇੱਕ ਵਿਅਕਤੀ ਦੀ ਮੌਤ, 70 ਤੋਂ ਵੱਧ ਹਸਪਤਾਲ ਦਾਖਲ

**ਕੌਮੀ ਪਤ੍ਰਿਕਾ**

ਸ਼੍ਰੀਕਾਕੁਲਮ 10 ਮਈ। ਆਂਧਰਾ ਪ੍ਰਦੇਸ਼ ਦੇ ਸ਼੍ਰੀਕਾਕੁਲਮ ਜ਼ਿਲ੍ਹੇ ਵਿੱਚ ਕਥਿਤ ਤੌਰ 'ਤੇ ਦੂਸ਼ਿਤ ਪਾਣੀ ਪੀਣ ਤੋਂ ਬਾਅਦ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ 70 ਤੋਂ ਵੱਧ ਲੋਕਾਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਇਸ ਘਟਨਾ ਤੋਂ ਬਾਅਦ ਅਧਿਕਾਰੀਆਂ ਨੇ ਐਮਰਜੈਂਸੀ ਉਪਾਅ ਕਰਨੇ ਸ਼ੁਰੂ ਕਰ ਦਿੱਤੇ। ਸ਼੍ਰੀਕਾਕੁਲਮ ਕਸਬੇ ਦੀ ਇੱਕ ਕਲੋਨੀ ਦੇ ਕਈ ਵਸਨੀਕਾਂ ਨੇ 22 ਜਨਵਰੀ ਨੂੰ ਦਸਤ ਦੀ ਸ਼ਿਕਾਇਤ ਕੀਤੀ, ਜਿਸ ਕਾਰਨ ਇਲਾਕੇ ਵਿੱਚ ਨਿਗਰਾਨੀ ਅਤੇ ਸੈਨੀਟੇਸ਼ਨ ਕਾਰਜ ਤੇਜ਼ ਕਰ ਦਿੱਤੇ ਗਏ। ਸ਼੍ਰੀਕਾਕੁਲਮ ਦੀ ਜ਼ਿਲ੍ਹਾ ਮੈਡੀਕਲ ਅਤੇ ਸਿਹਤ ਅਧਿਕਾਰੀ (ਡੀ.ਐਮ.ਐਚ.ਓ.) ਕੇ. ਅਨੀਤਾ ਨੇ ਦੱਸਿਆ, ਸ਼੍ਰੀਕਾਕੁਲਮ ਸ਼ਹਿਰ ਦੀ ਦਮਾਲਾ ਵੀਦੀ ਕਲੋਨੀ ਵਿੱਚ ਕਥਿਤ ਤੌਰ 'ਤੇ ਦੂਸ਼ਿਤ ਪਾਣੀ ਪੀਣ ਤੋਂ ਬਾਅਦ ਇੱਕ ਵਿਅਕਤੀ ਦੀ ਮੌਤ ਹੋ ਗਈ ਹੈ ਅਤੇ 70 ਤੋਂ ਵੱਧ ਹੋਰ ਲੋਕਾਂ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਫੈਲਣ ਦੇ ਸਹੀ ਕਾਰਨ ਦਾ ਪਤਾ ਲਗਾਉਣ ਲਈ ਪਾਣੀ ਅਤੇ ਹੋਰ ਜ਼ਰੂਰੀ ਨਮੂਨੇ ਇਕੱਠੇ ਕੀਤੇ ਜਾਣਗੇ ਅਤੇ ਜਾਂਚ ਕੀਤੀ ਜਾਵੇਗੀ, ਹਾਲਾਂਕਿ ਇਸ ਦੇ ਕਈ ਕਾਰਨ ਹੋ ਸਕਦੇ ਹਨ। ਡੀਐਮਐਚਓ ਦੇ ਅਨੁਸਾਰ ਪ੍ਰਭਾਵਿਤ ਖੇਤਰ ਵਿੱਚ ਘਰ-ਘਰ ਜਾ ਕੇ ਜਾਂਚ ਕੀਤੀ ਜਾ ਰਹੀ ਹੈ ਅਤੇ ਹਲਕੇ ਮਾਮਲਿਆਂ ਲਈ ਮੌਕੇ 'ਤੇ ਇਲਾਜ ਕੀਤਾ ਜਾ ਰਿਹਾ ਹੈ। ਗੰਭੀਰ ਲੱਛਣਾਂ ਵਾਲੇ ਮਰੀਜ਼ਾਂ ਨੂੰ ਬਿਹਤਰ ਇਲਾਜ ਲਈ ਨੇੜਲੇ ਮੈਡੀਕਲ ਕੈਂਪਾਂ ਦੇ ਨਾਲ-ਨਾਲ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵਿੱਚ ਤਬਦੀਲ ਕੀਤਾ ਜਾ ਰਿਹਾ ਹੈ। ਅਧਿਕਾਰੀ ਨੇ ਕਿਹਾ ਕਿ ਇਸ ਵੇਲੇ 70 ਤੋਂ ਵੱਧ ਲੋਕ ਵੱਖ-ਵੱਖ ਹਸਪਤਾਲਾਂ ਵਿੱਚ ਇਲਾਜ ਅਧੀਨ ਹਨ। ਪੂਰੀ ਕਲੋਨੀ ਵਿੱਚ ਪਾਈਪਲਾਈਨ ਬੰਦ ਕਰ ਦਿੱਤੀ ਗਈ ਹੈ ਅਤੇ ਟੈਂਕਰਾਂ ਅਤੇ ਵਿਕਲਪਿਕ ਪ੍ਰਬੰਧਾਂ ਰਾਹੀਂ ਸਾਫ਼ ਪੀਣ ਵਾਲੇ ਪਾਣੀ ਦੀ ਸਪਲਾਈ ਕੀਤੀ ਜਾ ਰਹੀ ਹੈ। ਇਸ ਦੌਰਾਨ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਐੱਨ. ਚੰਦਰਬਾਬੂ ਨਾਇਡੂ ਨੇ ਸਿਹਤ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਅਤੇ ਜ਼ਿਲ੍ਹਾ ਅਧਿਕਾਰੀਆਂ ਨਾਲ



ਸਥਿਤੀ ਦੀ ਸਮੀਖਿਆ ਕੀਤੀ। ਨਾਇਡੂ ਨੇ ਦੋਵਾਂ ਘਟਨਾਵਾਂ ਵਿੱਚ ਵੱਖ-ਵੱਖ ਹਸਪਤਾਲਾਂ ਵਿੱਚ ਇਲਾਜ ਕਰਵਾ ਰਹੇ ਲੋਕਾਂ ਦੀ ਸਿਹਤ ਸਥਿਤੀ ਬਾਰੇ ਪੁੱਛਗਿੱਛ ਕੀਤੀ ਅਤੇ ਨਿਰਦੇਸ਼ ਦਿੱਤੇ ਕਿ ਗੰਭੀਰ ਰੂਪ ਵਿੱਚ ਬਿਮਾਰ ਮਰੀਜ਼ਾਂ ਨੂੰ ਪਹਿਲ ਦਿੱਤੀ ਜਾਵੇ। ਉਨ੍ਹਾਂ ਨੇ ਅਧਿਕਾਰੀਆਂ ਨੂੰ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਦੁਹਰਾਉਣ ਤੋਂ ਰੋਕਣ ਲਈ ਵੱਖ-ਵੱਖ ਵਿਭਾਗਾਂ ਵਿਚਕਾਰ ਸੁਚਾਰੂ ਤਾਲਮੇਲ ਯਕੀਨੀ ਬਣਾਉਣ ਦੇ ਨਿਰਦੇਸ਼ ਵੀ ਦਿੱਤੇ। ਵਾਈਐਸਆਰਸੀਪੀ ਸੁਪਰੀਮੋ ਵਾਈਐਸ ਜਗਨ ਮੋਹਨ ਰੈਡੀ ਨੇ ਸ਼੍ਰੀਕਾਕੁਲਮ ਦੀ ਸਥਿਤੀ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ, ਜਿੱਥੇ ਕਥਿਤ ਤੌਰ 'ਤੇ ਦੂਸ਼ਿਤ ਪਾਣੀ ਦੀ ਵਰਤੋਂ ਕਾਰਨ ਕਈ ਲੋਕ ਹਸਪਤਾਲਾਂ ਵਿੱਚ ਇਲਾਜ ਕਰਵਾ ਰਹੇ ਹਨ। ਉਨ੍ਹਾਂ ਨੇ ਰਾਜ ਸਰਕਾਰ ਦੀ ਪ੍ਰਸ਼ਾਸਕੀ ਅਸਫਲਤਾ ਦੀ ਆਲੋਚਨਾ ਕੀਤੀ ਅਤੇ ਹਸਪਤਾਲਾਂ ਵਿੱਚ ਵੈਂਟੀਲੇਟਰਾਂ 'ਤੇ ਰਹਿਣ ਵਾਲਿਆਂ ਲਈ ਵਿਸ਼ੇਸ਼ ਦੇਖਭਾਲ ਦੀ ਮੰਗ ਕੀਤੀ। ਸ਼੍ਰੀਕਾਕੁਲਮ ਘਟਨਾ ਰਾਜਮਹੇਂਦਰਵਰਮ ਵਿੱਚ ਦੁੱਧ ਦੇ ਗੰਦਗੀ ਦੇ ਦੁਖਾਂਤ ਤੋਂ ਬਾਅਦ ਵਾਪਰੀ ਹੈ।

## ਕਾਦੀਆਂ 'ਚ ਬਿਲਡਿੰਗ ਮਟੀਰੀਅਲ ਦੀ ਦੁਕਾਨ ਤੋਂ 70,000 ਰੁਪਏ ਦੀ ਚੋਰੀ

ਕਾਦੀਆਂ 10 ਮਈ। ਹਰਚੋਵਾਲ ਰੋਡ ਕਾਦੀਆਂ 'ਤੇ ਸਥਿਤ ਇਕ ਬਿਲਡਿੰਗ ਮਟੀਰੀਅਲ ਦੀ ਦੁਕਾਨ 'ਚ ਚੋਰਾਂ ਵੱਲੋਂ ਛੱਤ ਰਾਹੀਂ ਦਾਖ਼ਲ ਹੋ ਕੇ 70 ਹਜ਼ਾਰ ਰੁਪਏ ਦੀ ਨਕਦੀ ਚੋਰੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਦੁਕਾਨ ਮਾਲਕ ਸੌਰਵ ਦੀਵਾਨ ਪੁੱਤਰ ਸੁਰਿੰਦਰ ਦੀਵਾਨ ਵਾਸੀ ਮਹੱਲਾ ਧਰਮਪੁਰਾ ਕਾਦੀਆਂ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਹ ਹਰ ਰੋਜ਼ ਦੀ ਤਰ੍ਹਾਂ ਸ਼ਾਮ ਨੂੰ ਦੁਕਾਨ ਬੰਦ ਕਰਕੇ ਘਰ ਚਲੇ ਗਏ ਸਨ। ਸਵੇਰੇ ਜਦੋਂ ਉਹ ਦੁਕਾਨ 'ਤੇ ਪਹੁੰਚੇ ਤਾਂ ਦਫ਼ਤਰ 'ਚ ਸਾਮਾਨ ਖਿਲਰਿਆ ਹੋਇਆ ਮਿਲਿਆ। ਉਨ੍ਹਾਂ ਦੱਸਿਆ ਕਿ ਜਦੋਂ ਦੁਕਾਨ 'ਚ ਲੱਗੇ ਸੀ.ਸੀ.ਟੀ.ਵੀ. ਕੈਮਰੇ ਚੈੱਕ ਕੀਤੇ ਗਏ ਤਾਂ ਤਿੰਨ ਅਣਪਛਾਤੇ ਨੌਜਵਾਨ, ਜਿਨ੍ਹਾਂ ਨੇ ਮੂੰਹ ਬੰਨ੍ਹੇ ਹੋਏ ਸਨ, ਛੱਤ ਰਾਹੀਂ ਦੁਕਾਨ 'ਚ ਦਾਖ਼ਲ ਹੋਏ ਅਤੇ ਗੱਲੇ ਵਿਚੋਂ ਕਰੀਬ 70 ਹਜ਼ਾਰ ਰੁਪਏ ਦੀ ਨਕਦੀ ਚੋਰੀ ਕਰਕੇ ਫ਼ਰਾਰ ਹੋ ਗਏ। ਇਸ ਸਬੰਧਤ ਥਾਣਾ ਕਾਦੀਆਂ ਪੁਲਸ ਨੇ ਦੁਕਾਨ ਮਾਲਕ ਦੇ ਬਿਆਨਾਂ ਦੇ ਆਧਾਰ 'ਤੇ ਅਣਪਛਾਤੇ ਤਿੰਨ ਵਿਅਕਤੀਆਂ ਖ਼?ਲਾਫ਼ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਢਾਈ ਸਾਲ ਪਹਿਲਾਂ ਕਰਵਾਇਆ ਪ੍ਰੇਮ ਵਿਆਹ ! ਹੁਣ ਪਤੀ ਤੋਂ ਪਰੇਸ਼ਨ ਹੋ ਪਤਨੀ ਨੇ ਚੁੱਕਿਆ ਖੌਫਨਾਕ ਕਦਮ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 10 ਮਈ। ਪਾਉਂਟਾ ਸਾਹਿਬ ਦੇ ਪੂਰੂਵਾਲਾ ਥਾਣਾ ਖੇਤਰ ਦੇ ਅਧੀਨ ਆਉਂਦੇ ਪਿੰਡ ਗੋਜਰ ਵਿੱਚ ਉਸ ਸਮੇਂ ਸਨਸਨੀ ਫੈਲ ਗਈ, ਜਦੋਂ ਇਕ ਔਰਤ ਵਲੋਂ ਫਾਹਾ ਲੈ ਕੇ ਖੁਦਕੁਸ਼ੀ ਕਰਨ ਦਾ ਮਾਮਲਾ ਸਾਹਮਣੇ ਆਇਆ। ਮ੍ਰਿਤਕਾ ਦੀ ਮਾਂ ਨੇ ਆਪਣੀ ਧੀ ਦੇ ਪਤੀ 'ਤੇ ਦਾਜ ਲਈ ਤੰਗ-ਪ੍ਰੇਸ਼ਾਨ ਕਰਨ ਅਤੇ ਕੁੱਟਮਾਰ ਕਰਨ ਦੇ ਗੰਭੀਰ ਦੋਸ਼ ਲਗਾਏ ਹਨ। ਸ਼ਿਕਾਇਤ ਦੇ ਆਧਾਰ 'ਤੇ ਪੁਲਸ ਨੇ ਮਾਮਲਾ ਦਰਜ ਕਰਕੇ ਇਸ ਮਾਮਲੇ ਦੀ ਜਾਂਚ ਕਰਨੀ ਸ਼ੁਰੂ ਕਰ ਦਿੱਤੀ ਹੈ। ਵੀਰਵਾਰ ਸਵੇਰੇ ਕਰੀਬ 10 ਵਜੇ ਗੋਜਰ ਗ੍ਰਾਮ ਪੰਚਾਇਤ ਦੇ ਮੁਖੀ ਨੇ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੂੰ ਫ਼ੋਨ 'ਤੇ ਸੂਚਿਤ ਕੀਤਾ ਕਿ ਰਜਨੀ ਨੇ ਫਾਹਾ ਲੈ ਲਿਆ ਹੈ। ਮ੍ਰਿਤਕਾ ਦੀ ਪਛਾਣ ਰਜਨੀ (26) ਵਜੋਂ ਹੋਈ ਹੈ। ਉਸਦੀ ਮਾਂ ਸ਼ਿਮਲਾ ਦੇਵੀ, ਜੋ ਕਿ ਸ਼ਿਆਮਪੁਰਭੂਦ ਦੀ ਰਹਿਣ ਵਾਲੀ ਹੈ, ਨੇ ਪੁਲਸ ਨੂੰ ਆਪਣੀ ਸ਼ਿਕਾਇਤ ਵਿੱਚ ਦੱਸਿਆ ਕਿ ਰਜਨੀ ਰਾਮਕੁਮਾਰ ਉਰਫ ਰੋਹਿਤ ਨਾਲ ਭੱਜ ਗਈ ਸੀ। ਲਗਭਗ ਢਾਈ ਸਾਲ ਪਹਿਲਾਂ ਉਸ ਨਾਲ ਪ੍ਰੇਮ ਵਿਆਹ ਕਰਵਾ ਲਿਆ ਸੀ। ਸ਼ੁਰੂ ਵਿੱਚ ਪਰਿਵਾਰ ਨੇ ਇਸ ਰਿਸ਼ਤੇ ਨੂੰ ਸਵੀਕਾਰ ਕਰ ਲਿਆ ਪਰ ਕੁਝ ਸਮੇਂ ਬਾਅਦ ਪਤੀ ਰਾਮਕੁਮਾਰ ਨੇ ਆਪਣਾ ਵਿਵਹਾਰ ਬਦਲ ਲਿਆ। ਮ੍ਰਿਤਕ ਦੀ ਮਾਂ ਦਾ ਦੋਸ਼ ਹੈ ਕਿ ਰਾਮਕੁਮਾਰ ਪਿਛਲੇ ਦੋ ਸਾਲਾਂ ਤੋਂ ਰਜਨੀ ਨੂੰ ਅਕਸਰ ਕੁੱਟਦਾ ਅਤੇ ਤੰਗ ਕਰਦਾ ਆ ਰਿਹਾ ਸੀ। ਉਹ ਰਜਨੀ ਅਤੇ ਉਸਦੀ ਛੋਟੀ ਧੀ ਕਾਵਿਆ ਨੂੰ ਉਸਦੇ ਮਾਪਿਆਂ ਦੇ ਘਰ ਵੀ ਨਹੀਂ ਜਾਣ ਦਿੰਦਾ ਸੀ। ਪਰਿਵਾਰ ਦਾ ਸਪੱਸ਼ਟ ਦੋਸ਼ ਹੈ ਕਿ ਰਜਨੀ ਨੇ ਆਪਣੇ ਪਤੀ ਵੱਲੋਂ ਸਰੀਰਕ ਅਤੇ ਮਾਨਸਿਕ ਤਸੀਹੇ ਦੇਣ ਕਾਰਨ ਇਹ ਸਖ਼ਤ ਕਦਮ ਚੁੱਕਿਆ। ਉਨ੍ਹਾਂ ਦੋਸ਼ ਲਗਾਇਆ ਕਿ ਲਗਾਤਾਰ ਹੋ ਰਹੀ ਹਿੰਸਾ ਅਤੇ ਗਰੀਬੀ ਨੇ ਰਜਨੀ ਨੂੰ ਖੁਦਕੁਸ਼ੀ ਕਰਨ




ਲਈ ਮਜਬੂਰ ਕਰ ਦਿੱਤਾ। ਇਸ ਸੰਵੇਦਨਸ਼ੀਲ ਮਾਮਲੇ ਦੀ ਪੁਸ਼ਟੀ ਕਰਦੇ ਹੋਏ ਪੁਲਸ ਸੁਪਰਡੈਂਟ ਸਿਰਮੌਰ ਐਨਐਸ ਨੇਗੀ ਨੇ ਕਿਹਾ ਕਿ ਪੁਲਸ ਨੂੰ ਸ਼ਿਕਾਇਤ ਮਿਲ ਗਈ ਹੈ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਕਾਨੂੰਨ ਦੀਆਂ ਢੁਕਵੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਐਸਪੀ ਨੇ ਕਿਹਾ, ਪੁਲਸ ਮਾਮਲੇ ਦੇ ਹਰ ਪਹਿਲੂ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ। ਮ੍ਰਿਤਕ ਦੇ ਪਤੀ ਅਤੇ ਹੋਰ ਸਹੁਰਿਆਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

## ਪੜ੍ਹਦੇ-ਪੜ੍ਹਦੇ ਨਿਕਲ ਗਈ ਜਾਨ ! 15 ਸਾਲਾ ਹੋਣਹਾਰ ਵਿਦਿਆਰਥਣ ਦੀ ਚੁੱਪ-ਚਪੀਤੇ ਹੋਈ ਮੌਤ

ਭਿੰਡ 10 ਮਈ। ਮੱਧ ਪ੍ਰਦੇਸ਼ ਦੇ ਭਿੰਡ ਜ਼ਿਲ੍ਹੇ ਦੇ ਲਹਾਰ ਸੈਕਸ਼ਨ ਦੇ ਆਲਮਪੁਰ 'ਚ ਪੜ੍ਹਾਈ ਕਰਦੇ ਸਮੇਂ 15 ਸਾਲਾ ਵਿਦਿਆਰਥਣ ਉਰਵਗੀ ਦੂਬੇ ਦੀ ਅਚਾਨਕ ਮੌਤ ਹੋ ਗਈ। ਤਾਲਗਾਂਵ ਵਾਸੀ ਵਿਨੇ ਕੁਮਾਰ ਦੂਬੇ ਦੀ ਧੀ ਉਰਵਗੀ ਦੀ ਮੌਤ ਦਾ ਕਾਰਨ ਸਾਈਲੈਂਟ ਅਟੈਕ ਮੰਨਿਆ ਜਾ ਰਿਹਾ ਹੈ। ਘਟਨਾ ਦੇ ਸਮੇਂ ਉਰਵਗੀ ਦੇ ਪਿਤਾ ਵਿਨੇ ਕੁਮਾਰ ਦੂਬੇ ਸਕੂਲ ਗਏ ਸਨ, ਜਦੋਂ ਕਿ ਉਸ ਦੀ ਮਾਂ ਨਾਲ ਦੇ ਕਮਰੇ 'ਚ ਟੀਵੀ ਦੇਖ ਰਹੀ ਸੀ ਅਤੇ ਛੋਟੇ ਭਰਾ-ਭੈਣ ਬਾਹਰ ਖੇਡ ਰਹੇ ਸਨ। ਸਕੂਲ ਤੋਂ ਆਉਣ ਮਗਰੋਂ ਪਿਤਾ ਨੇ ਉਰਵਗੀ ਨੂੰ ਕਈ ਵਾਰ ਆਵਾਜ਼ ਮਾਰੀ ਪਰ ਕੋਈ ਜਵਾਬ ਨਹੀਂ ਮਿਲਿਆ। ਇਸ ਤੋਂ ਬਾਅਦ ਜਦੋਂ ਉਹ ਉਸ ਨੂੰ ਦੇਖਣ ਕਮਰੇ 'ਚ ਪਹੁੰਚੇ ਤਾਂ ਉਹ ਬਿਸਤਰ 'ਤੇ ਬੇਹੋਸ਼ ਪਈ ਮਿਲੀ। ਪਰਿਵਾਰ ਵਾਲੇ ਉਸ ਨੂੰ ਤੁਰੰਤ ਡਾਕਟਰ ਕੋਲ ਲੈ ਗਏ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਡਾਕਟਰਾਂ ਨੇ ਸਾਈਲੈਂਟ ਅਟੈਕ ਦਾ ਖਦਸ਼ਾ ਜਤਾਇਆ ਹੈ। ਪਰਿਵਾਰ ਵਾਲਿਆਂ ਅਨੁਸਾਰ ਉਰਵਗੀ ਪੜ੍ਹਾਈ 'ਚ ਕਾਫ਼ੀ ਹੁਸ਼ਿਆਰ ਸੀ। ਉਸ ਨੇ ਹਾਲ 'ਚ 10ਵੀਂ ਜਮਾਤ ਦਾ ਅੰਤਿਮ ਪੇਪਰ ਦਿੱਤਾ ਸੀ ਅਤੇ ਉਸ ਨੂੰ ਉਮੀਦ ਸੀ ਕਿ ਉਸ ਨੂੰ 90 ਫੀਸਦੀ ਤੋਂ ਵੱਧ ਅੰਕ ਮਿਲਣਗੇ। ਪ੍ਰੀਖਿਆ ਚੰਗੀ ਹੋਣ ਕਾਰਨ ਉਹ ਕਾਫ਼ੀ ਖੁਸ਼ ਸੀ। ਉਰਵਗੀ ਦੇ ਪਿਤਾ ਵਿਨੇ ਕੁਮਾਰ ਦੂਬੇ ਅਰੂਸੀ ਹਾਈ ਸਕੂਲ 'ਚ ਤਾਇਨਾਤ ਹਨ। ਧੀ ਦੀ ਇਸ ਤਰ੍ਹਾਂ ਅਚਾਨਕ ਮੌਤ ਨਾਲ ਮਾਤਾ-ਪਿਤਾ ਦਾ ਰੋ-ਰੋ ਕੇ ਬੁਰਾ ਹਾਲ ਹੈ।

## 1 ਰੁਪਏ 'ਚ ਬੂਟ ! ਆਫ਼ਰ ਸੁਣ ਗਾਹਕਾਂ ਨੇ ਦੁਕਾਨ 'ਤੇ ਪਾ'ਤਾ ਗਾਹ, ਪੁਲਸ ਨੂੰ ਕਰਨਾ ਪਿਆ ਲਾਠੀਚਾਰਜ

ਕੋਝੀਕੋਡ 10 ਮਈ। ਕੇਰਲ ਦੇ ਕੋਝੀਕੋਡ 'ਚ ਮਹਿੰਗੇ ਬੂਟ ਸਿਰਫ਼ ਇਕ ਰੁਪਏ 'ਚ ਵੇਚਣ ਦੀ ਇਕ ਦੁਕਾਨ ਦੀ ਪ੍ਰਚਾਰ ਮੁਹਿੰਮ ਦੌਰਾਨ ਐਤਵਾਰ ਸਵੇਰੇ ਭਾਰੀ ਭੀੜ ਜੁਟ ਗਈ ਅਤੇ ਪੁਲਸ ਨੂੰ ਇਸ ਨੂੰ ਕੰਟਰੋਲ ਕਰਨ ਲਈ ਲਾਠੀਚਾਰਜ ਕਰਨਾ ਪਿਆ। ਵਾਇਰਲ ਵਿਗਿਆਪਨਾਂ ਤੋਂ ਆਕਰਸ਼ਿਤ ਹੋ ਕੇ ਸੈਂਕੜੇ ਗਾਹਕ ਤੜਕੇ ਹੀ ਇਲਾਕੇ 'ਚ ਇਕੱਠੇ ਹੋ ਗਏ, ਜਿਸ ਨਾਲ ਭਾਜੜ ਵਰਗੀ ਸਥਿਤੀ ਪੈਦਾ ਹੋ ਗਈ ਅਤੇ ਆਵਾਜਾਈ ਪ੍ਰਭਾਵਿਤ ਹੋ ਗਿਆ। ਪੁਲਸ ਅਨੁਸਾਰ ਦੁਕਾਨ ਨੇ ਪਹਿਲੇ 100 ਗਾਹਕਾਂ ਨੂੰ ਸਿਰਫ਼ ਇਕ ਰੁਪਏ 'ਚ ਬੂਟ ਦੇਣ ਦਾ ਵਿਗਿਆਪਨ ਦਿੱਤਾ ਸੀ, ਜਿਸ ਤੋਂ ਬਾਅਦ ਦੇਰ ਰਾਤ 2 ਵਜੇ ਤੋਂ ਹੀ ਭੀੜ ਜਮ?ਹਾ ਹੋਣ ਲੱਗੀ ਸੀ। ਪੁਲਸ ਨੇ ਦੱਸਿਆ ਕਿ ਭੀੜ ਇੰਨੀ ਵੱਧ ਸੀ ਕਿ ਦੁਕਾਨ ਦੀ ਸਮਰੱਥਾ ਤੋਂ ਵੱਧ ਗਾਹਕ ਆ ਗਏ, ਜਿਨ੍ਹਾਂ 'ਚ ਬੱਚੇ ਵੀ ਸ਼ਾਮਲ ਸਨ ਅਤੇ ਵਾਇਨਾਡ ਵਰਗੇ ਜ਼ਿਲ੍ਹਿਆਂ ਤੋਂ ਵੀ ਲੋਕ ਆਏ ਸਨ। ਵਾਇਨਾਡ ਤੋਂ ਆਏ ਇਕ ਮੁੰਡੇ ਨੇ ਦੱਸਿਆ ਕਿ ਉਹ ਦੇਰ ਰਾਤ ਢਾਈ ਵਜੇ ਦੁਕਾਨ 'ਤੇ ਪਹੁੰਚਿਆ ਪਰ ਉੱਥੇ ਪਹਿਲਾਂ ਤੋਂ ਹੀ ਭਾਰੀ ਭੀੜ ਸੀ। ਲੋਕਾਂ ਦੀ ਭਾਰੀ ਭੀੜ ਕਾਰਨ ਇਲਾਕੇ 'ਚ ਭਾਜੜਾਂ ਪੈ ਗਈਆਂ ਅਤੇ ਆਵਾਜਾਈ ਪੂਰੀ ਤਰ੍ਹਾਂ ਨਾਲ ਪ੍ਰਭਾਵਿਤ ਹੋ ਗਈ। ਜਦੋਂ ਸਥਿਤੀ ਬੇਕਾਬੂ ਹੋ ਗਈ ਤਾਂ ਪੁਲਸ ਨੂੰ ਦਖ਼ਲ ਦੇਣਾ ਪਿਆ ਅਤੇ ਭਾਜੜ ਰੋਕਣ ਲਈ ਹਲਕਾ ਲਾਠੀਚਾਰਜ ਵੀ ਕੀਤਾ ਗਿਆ। ਇਸ ਭੱਜ-ਦੌੜ ਮਗਰੋਂ, ਇਲਾਕੇ 'ਚ ਤਣਾਅ ਫੈਲਾਉਣ ਦੇ ਦੋਸ਼ 'ਚ ਦੁਕਾਨ ਮਾਲਕ ਨੂੰ ਹਿਰਾਸਤ 'ਚ ਲੈ ਲਿਆ ਗਿਆ।

## ਪਤਨੀ ਤੇ 3 ਜਵਾਕਾਂ ਦੇ ਕਤਲ ਮਗਰੋਂ ਫਰਾਰ ਵਿਅਕਤੀ ਰਾਜਸਥਾਨ ਤੋਂ ਗ੍ਰਿਫ਼ਤਾਰ

ਨਵੀਂ ਦਿੱਲੀ 10 ਮਈ। ਦਿੱਲੀ ਪੁਲਸ ਨੇ ਸ਼ਨੀਵਾਰ ਨੂੰ ਸਮੇਂਪੁਰ ਬਾਦਲੀ ਇਲਾਕੇ 'ਚ ਆਪਣੀ ਪਤਨੀ ਅਤੇ ਤਿੰਨ ਬੱਚਿਆਂ ਦਾ ਕਤਲ ਕਰਨ ਦੇ ਦੋਸ਼ 'ਚ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਬੁੱਧਵਾਰ ਨੂੰ ਆਪਣੇ ਘਰ 'ਚ ਪਤਨੀ ਅਤੇ ਤਿੰਨ ਨਾਬਾਲਗ ਬੱਚਿਆਂ ਦਾ ਕਤਲ ਕਰਨ ਤੋਂ ਬਾਅਦ ਦੋਸ਼ੀ ਮੁੰਚੁਨ ਕੇਵਟ ਗ੍ਰਿਫ਼ਤਾਰੀ ਤੋਂ ਬਚ ਰਿਹਾ ਸੀ ਪਰ ਉਸ ਨੂੰ ਰਾਜਸਥਾਨ ਦੇ ਕਿਸ਼ਨਗੜ੍ਹ ਤੋਂ



ਗ੍ਰਿਫ਼ਤਾਰ ਕਰ ਲਿਆ ਗਿਆ। ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਕੇਵਟ ਦਾ ਪਤਾ ਲਗਾਉਣ ਲਈ ਲਗਭਗ 15 ਪੁਲਸ ਟੀਮਾਂ ਗਠਿਤ ਕੀਤੀਆਂ ਗਈਆਂ ਸਨ। ਤਕਨੀਕੀ ਨਿਗਰਾਨੀ ਅਤੇ ਸਥਾਨਕ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਇਕ ਟੀਮ ਨੇ ਰਾਜਸਥਾਨ 'ਚ ਉਸ ਦੀਆਂ ਗਤੀਵਿਧੀਆਂ ਦਾ ਪਤਾ ਲਗਾਇਆ, ਜਿਸ ਦੇ ਨਤੀਜੇ ਵਜੋਂ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ।

## 12 ਬੋਤਲਾਂ ਸ਼ਰਾਬ ਤੇ ਚਿੱਟੇ ਸਮੇਤ ਤਿੰਨ ਕਾਬੂ

ਅਮਰਗੜ੍ਹ 10 ਮਈ। ਥਾਣਾ ਅਮਰਗੜ੍ਹ ਦੀ ਪੁਲਸ ਵੱਲੋਂ 12 ਬੋਤਲਾਂ ਸ਼ਰਾਬ ਦੇਸੀ ਮਾਰਕਾ ਸਮੇਤ ਦੋ ਵਿਅਕਤੀ ਅਤੇ 15 ਗ੍ਰਾਮ ਚਿੱਟੇ ਸਮੇਤ ਇਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ। ਮਾਲੇਰਕੋਟਲਾ ਪੁਲਸ ਦੀ ਸਰਕਾਰੀ ਰਿਪੋਰਟ ਦੇ ਅਨੁਸਾਰ ਏ.ਐੱਸ.ਆਈ. ਨਰੰਗ ਸਿੰਘ ਨੇ ਪੁਲਸ ਪਾਰਟੀ ਦੀ ਗਸ਼ਤ ਦੌਰਾਨ ਚੌਂਦਾਂ ਮੋੜ ਅਮਰਗੜ੍ਹ ਵਿਖੇ ਮੌਜੂਦ ਸਨ, ਉਸ ਵੇਲੇ ਪਿੰਡ ਝੱਲ ਦੀ ਸਾਈਡ ਤੋਂ ਇਕ ਮੋਟਰਸਾਈਕਲ 'ਤੇ ਦੋ ਵਿਅਕਤੀ ਸਵਾਰ ਹੋ ਕੇ ਆ ਰਹੇ ਸਨ, ਜਿਨ੍ਹਾਂ ਕੋਲ ਇਕ ਵਜ਼ਨਦਾਰ ਗੱਤੇ ਦੀ ਪੇਟੀ ਰੱਖੀ ਹੋਈ ਸੀ। ਤਲਾਸ਼ੀ ਲੈਣ 'ਤੇ ਉਸ ਵਿਚੋਂ 12 ਬੋਤਲਾਂ ਸ਼ਰਾਬ ਠੇਕਾ ਦੇਸੀ ਸ਼ਰਾਬ ਬਰਾਮਦ ਕੀਤੀ ਗਈ। ਮੁਲਜ਼ਮ ਅਮਰਜੀਤ ਸਿੰਘ ਪੁੱਤਰ ਰਾਮ ਦਾਸ ਸਿੰਘ ਵਾਸੀ ਪਿੰਡ ਨਾਰੀਕੇ ਕਲਾਂ ਤੇ ਹਾਕਮ ਸਿੰਘ ਪੁੱਤਰ ਬਲਬੀਰ ਸਿੰਘ ਵਾਸੀ ਪਿੰਡ ਨਾਰੀਕੇ ਕਲਾ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਸ ਤਰ੍ਹਾਂ ਏ.ਐੱਸ.ਆਈ. ਲਖਵਿੰਦਰ ਸਿੰਘ ਵੱਲੋਂ ਗਸ਼ਤ ਦੌਰਾਨ ਬਸ ਸਟੈਂਡ ਬਾਗੜੀਆਂ ਵਿਖੇ ਟੀ ਪੁਆਇੰਟ ਧੂਰੀ ਰੋਡ ਤੋਂ ਜੀਵਨ ਸਿੰਘ ਪੁੱਤਰ ਬਾਰੂ ਸਿੰਘ ਵਾਸੀ ਪਿੰਡ ਸਮੁੰਦਗੜ ਛੰਨਾ ਧੂਰੀ ਥਾਣਾ ਜ਼ਿਲ੍ਹਾ ਸੰਗਰੂਰ ਨੂੰ 15 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਗਿਆ ਹੈ।

## ਟਰੈਫਿਕ ਨਿਯਮ ਤੋੜਨ ਵਾਲਿਆਂ ਦਾ ਸ਼ਹਿਰ ਬਣਿਆ ਲੁਧਿਆਣਾ, ਵਾਹਨਾਂ 'ਤੇ ਸਟੰਟ ਕਰਦੇ ਨੌਜਵਾਨਾਂ ਦੀਆਂ ਵੀਡੀਓ ਵਾਇਰਲ

ਲੁਧਿਆਣਾ 10 ਮਈ। ਲੁਧਿਆਣਾ ਸ਼ਹਿਰ ਹੁਣ ਟ?ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦਾ ਕੇਂਦਰ ਬਣਦਾ ਜਾ ਰਿਹਾ ਹੈ। ਸੋਸ਼ਲ ਮੀਡੀਆ 'ਤੇ ਕਈ ਵੀਡੀਓ ਵਾਇਰਲ ਹੋ ਰਹੇ ਹਨ, ਜਿਸ 'ਚ ਨੌਜਵਾਨ ਕਾਰਾਂ ਦੇ ਉੱਪਰ ਬੈਠ ਕੇ ਸਟੰਟ ਕਰਦੇ ਜਾਂ ਰੈਲੀਆਂ ਕੱਢਦੇ ਦਿਖਾਈ ਦੇ ਰਹੇ ਹਨ। ਸ਼ਹਿਰ ਦੇ ਵਸਨੀਕਾਂ ਦਾ ਕਹਿਣਾ ਹੈ ਕਿ ਪੁਲਸ ਵਿਭਾਗ ਨੂੰ ਅਜਿਹੇ ਬੇਕਾਬੂ ਨੌਜਵਾਨਾਂ ਵਿਰੁੱਧ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ। ਹਾਲ ਹੀ ਦੇ ਮਾਮਲਿਆਂ 'ਚ ਕੁਝ ਨੌਜਵਾਨ ਰੈਲੀ 'ਚ ਵਾਹਨਾਂ ਦੇ ਉੱਪਰ ਸਵਾਰ ਹੋ ਰਹੇ ਹਨ, ਜੋ ਕਿ ਟ?ਰੈਫਿਕ ਨਿਯਮਾਂ ਦੇ ਵਿਰੁੱਧ ਹੈ। ਅਜਿਹਾ ਕਰਕੇ ਉਹ ਆਪਣੀ ਅਤੇ ਹੋਰ ਸੜਕ ਵਰਤੋਂਕਾਰਾਂ ਦੀ ਜਾਨ ਲਈ ਖ਼ਤਰਾ ਪੈਦਾ ਕਰਦੇ ਹਨ। ਅਜਿਹੀ ਹੀ ਇਕ ਹੋਰ ਵੀਡੀਓ 'ਚ ਫਿਰੋਜ਼ਪੁਰ ਰੋਡ ਐਲੀਵੇਟਿਡ ਬ੍ਰਿਜ 'ਤੇ ਇਕ ਨੌਜਵਾਨ ਨੂੰ ਬੁਲੇਟ ਮੋਟਰਸਾਈਕਲ 'ਤੇ ਖੜ੍ਹੇ ਹੋ ਕੇ ਸਟੰਟ ਕਰਦੇ ਦੇਖਿਆ ਗਿਆ। ਟ?ਰੈਫਿਕ ਅਧਿਕਾਰੀਆਂ ਦਾ ਕਹਿਣਾ ਹੈ ਕਿ ਅਜਿਹੇ ਵਿਅਕਤੀਆਂ ਵਿਰੁੱਧ ਇਕ ਵਿਸ਼ੇਸ਼ ਮੁਹਿੰਮ ਚਲਾਈ ਗਈ ਹੈ। ਉਨ੍ਹਾਂ ਦੇ ਪਤਿਆਂ ਨੂੰ ਉਨ੍ਹਾਂ ਦੇ ਵਾਹਨ ਨੰਬਰਾਂ ਦੇ ਆਧਾਰ 'ਤੇ ਟਰੇਸ ਕੀਤਾ ਜਾ ਰਿਹਾ ਹੈ ਅਤੇ ਨਿਯਮਿਤ ਤੌਰ 'ਤੇ ਚਲਾਨ ਕੱਟੇ ਜਾ ਰਹੇ ਹਨ।

# ਨਾਮਦੇਵ ਮਾਰਗ 'ਤੇ ਸਥਿਤ ਕਬਾੜੀਏ ਦੇ ਓਪਨ ਗੋਦਾਮ 'ਚ ਲੱਗੀ ਭਿਆਨਕ ਅੱਗ

**ਕੌਮੀ ਪਤ੍ਰਿਕਾ**

ਤਪਾ ਮੰਡੀ 10 ਮਈ। ਸਥਾਨਕ ਨਾਮਦੇਵ ਮਾਰਗ 'ਤੇ ਸਥਿਤ ਨਵੇਂ ਬੱਸ ਸਟੈਂਡ ਦੇ ਬਿਲਕੁਲ ਸਾਹਮਣੇ ਇਕ ਕਵਾੜ ਦੀ ਓਪਨ ਗੋਦਾਮ ਵਿਚ ਅਚਾਨਕ ਭਿਆਨਕ ਅੱਗ ਲੱਗਣ ਕਾਰਨ ਕਬਾੜ ਦਾ ਸਾਰਾ ਸਮਾਨ ਸੜ ਕੇ ਸੁਆਹ ਹੋ ਗਿਆ। ਇਸ ਵਿਚ ਮਾਲਕ ਦਾ ਭਾਰੀ ਆਰਥਿਕ ਨੁਕਸਾਨ ਝੱਲਣਾ ਪਿਆ ਹੈ। ਅੱਗ ਲੱਗਣ ਦੇ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ। ਮਿਲੀ ਜਾਣਕਾਰੀ ਅਨੁਸਾਰ ਸਵੇਰ ਦੇ ਸਮੇਂ ਜਦੋਂ ਗੁਆਂਢੀ ਦੁਕਾਨਦਾਰਾਂ ਨੇ ਸਵੇਰ ਸਮੇਂ ਦੁਕਾਨਾਂ ਖੋਲ੍ਹੀਆਂ ਤਾਂ ਕਬਾੜ ਦੇ ਓਪਨ ਗੋਦਾਮ 'ਚੋਂ ਸ਼ੰਘਣਾ ਧੂੰਆ ਉੱਠਦਾ ਦੇਖਿਆ। ਸ਼ੱਕ ਹੋਣ 'ਤੇ ਉਨ੍ਹਾਂ ਨੇ ਤੁਰੰਤ ਕਵਾੜ ਦਾ ਕੰਮ ਕਰਨ ਵਾਲੇ ਮਾਲਕ, ਕਰਤਾਰ ਰਾਮ ਵਾਸੀ ਰੂੜਕੇ ਕਲਾਂ ਨਾਲ ਸੰਪਰਕ ਕੀਤਾ,ਜੋ ਹਰ ਰੋਜ਼ ਸਵੇਰੇ ਆ ਕੇ ਸ਼ਾਮ ਨੂੰ ਘਰ ਵਾਪਸ ਜਾਂਦਾ ਹੈ। ਸੂਚਨਾ ਮਿਲਣ ਉਪਰੰਤ ਮਾਲਕ ਨੇ ਤੁਰੰਤ ਆਪਣੇ ਤਪਾ ਵਿਖੇ ਸਕੇ ਸੰਬੰਧੀਆਂ ਨੂੰ ਅੱਗ ਲੱਗਣ ਬਾਰੇ ਸੂਚਨਾ ਦਿੱਤੀ ਜਿਨ੍ਹਾਂ ਤੁਰੰਤ ਮੌਕੇ 'ਤੇ ਪਹੁੰਚਕੇ ਬਾਹਰ ਲੱਗੇ ਜਿੰਦਰੇ ਨੂੰ ਤੋੜ ਕੇ ਅੰਦਰ ਦੇਖਿਆ ਤਾਂ ਉੱਥੇ ਜ਼ਬਰਦਸਤ ਅੱਗ ਭੜਕੀ ਹੋਈ ਸੀ। ਅੱਗ ਇੰਨੀ ਭਿਆਨਕ ਸੀ ਕਿ ਕਵਾੜ ਵਿੱਚ ਪਏ



ਪਲਾਸਟਿਕ, ਰੱਬੜ ਦੇ ਟਾਇਰ, ਬਾਰਦਾਨੇ ਅਤੇ ਹੋਰ ਕਵਾੜ ਦਾ ਸਮਾਨ ਸਭ ਕੁਝ ਮਚ ਕੇ ਸੁਆਹ ਹੋ ਗਿਆ। ਹਾਲਾਤ ਦੀ ਗੰਭੀਰਤਾ ਨੂੰ ਵੇਖਦੇ ਹੋਏ ਤੁਰੰਤ ਫਾਇਰ ਬ੍ਰਿਗੇਡ ਨੂੰ ਸੂਚਿਤ ਕੀਤਾ ਗਿਆ। ਸੂਚਨਾ ਮਿਲਣ 'ਤੇ ਫਾਇਰ ਬ੍ਰਿਗੇਡ ਦੀ ਟੀਮ ਡਰਾਈਵਰ ਸੁਖਪ੍ਰੀਤ ਸਿੰਘ, ਫਾਇਰਮੈਨ ਜਗਤਾਰ ਸਿੰਘ ਅਤੇ ਫਾਇਰਮੈਨ ਲਵਦੀਪ ਸਿੰਘ ਦੀ ਅਗਵਾਈ ਹੇਠ ਮੌਕੇ 'ਤੇ ਪਹੁੰਚੀ ਅਤੇ ਅੱਗ 'ਤੇ ਕਾਬੂ ਪਾਉਣ ਦੀ ਕਾਰਵਾਈ ਸ਼ੁਰੂ ਕੀਤੀ। ਕਾਫੀ ਜੱਦੋਜਹਿਦ ਤੋਂ ਬਾਅਦ ਅੱਗ 'ਤੇ ਕਾਬੂ ਪਾ ਲਿਆ ਗਿਆ, ਪਰ ਤਦ ਤੱਕ ਕਵਾੜ ਦਾ ਵੱਡਾ ਹਿੱਸਾ ਪੂਰੀ ਤਰ੍ਹਾਂ ਸੜ ਚੁੱਕਾ ਸੀ। ਮਾਲਕ ਕਰਤਾਰ ਰਾਮ ਮੁਤਾਬਕ ਉਸਦਾ ਕਾਫੀ ਕੀਮਤੀ ਸਮਾਨ ਅੱਗ ਦੀ ਭੇਟ ਚੜ੍ਹ ਗਿਆ ਹੈ,ਜਿਸ ਨਾਲ ਉਸਨੂੰ ਲੱਖਾਂ ਰੁਪਏ ਦਾ ਨੁਕਸਾਨ ਹੋਇਆ ਹੈ। ਇਲਾਕੇ ਦੇ ਲੋਕਾਂ ਵੱਲੋਂ ਇਸ ਘਟਨਾ 'ਤੇ ਦੁੱਖ ਪ੍ਰਗਟ ਕੀਤਾ ਜਾ ਰਿਹਾ ਹੈ ਅਤੇ ਪ੍ਰਸ਼ਾਸਨ ਤੋਂ ਅੱਗ ਦੇ ਕਾਰਨਾਂ ਦੀ ਪੂਰੀ ਜਾਂਚ ਕਰਕੇ ਪੀੜਤ ਨੂੰ ਯੋਗ ਮਦਦ ਦੇਣ ਦੀ ਮੰਗ ਕੀਤੀ ਜਾ ਰਹੀ ਹੈ।

# 1000 ਕਰੋੜ ਦੀ ਠੱਗੀ ਮਾਰ ਕੇ ਭੱਜਿਆ ਰਾਸ਼ਿਦ ਨਸੀਮ ਦੁਬਈ 'ਚ ਗ੍ਰਿਫ਼ਤਾਰ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ/ਲਖਨਊ 10 ਮਈ। ਉੱਤਰ ਪ੍ਰਦੇਸ਼ 'ਚ ਨਿਵੇਸ਼ ਧੋਖਾਧੜੀ ਦੇ ਵੱਡੇ ਮਾਮਲੇ ਵਿੱਚ ਲੋੜੀਂਦੇ ਅਤੇ ਭਗੌੜੇ ਆਰਥਿਕ ਅਪਰਾਧੀ ਰਾਸ਼ਿਦ ਨਸੀਮ ਨੂੰ ਸੰਯੁਕਤ ਅਰਬ ਅਮੀਰਾਤ ("15) ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਸ਼ੁੱਕਰਵਾਰ ਨੂੰ ਅਧਿਕਾਰੀਆਂ ਨੇ ਜਾਣਕਾਰੀ ਦਿੱਤੀ ਕਿ ਦੁਬਈ ਪੁਲਿਸ ਨੇ ਨਸੀਮ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਲਖਨਊ ਸਥਿਤ ਰੀਅਲ ਅਸਟੇਟ ਫਰਮ ਸ਼ਾਈਨ ਸਿਟੀ ਗਰੁੱਪ ਦੇ ਪ੍ਰਮੋਟਰ ਰਾਸ਼ਿਦ ਨਸੀਮ 'ਤੇ ਦੋਸ਼ ਹੈ ਕਿ ਉਸ ਨੇ ਰੀਅਲ ਅਸਟੇਟ ਸਕੀਮਾਂ ਅਤੇ 'ਮਲਟੀ-ਲੈਵਲ ਮਾਰਕੀਟਿੰਗ' ਰਾਹੀਂ ਲੋਕਾਂ ਨੂੰ ਵੱਧ ਮੁਨਾਫ਼ੇ ਦਾ ਝਾਂਸਾ ਦੇ ਕੇ ਲਗਭਗ 800 ਤੋਂ 1000 ਕਰੋੜ ਰੁਪਏ ਦੀ ਠੱਗੀ ਮਾਰੀ ਹੈ। ਉੱਤਰ ਪ੍ਰਦੇਸ਼ ਪੁਲਸ ਵੱਲੋਂ ਇਸ ਗਰੁੱਪ ਖ਼?ਲਾਫ਼ 554 ਮਾਮਲੇ ਦਰਜ ਕੀਤੇ ਜਾਣ ਤੋਂ ਬਾਅਦ ਇਨਫੋਰਸਮੈਂਟ ਡਾਇਰੈਕਟੋਰੇਟ (54) ਨੇ ਮਨੀ ਲਾਂਡਰਿੰਗ ਦੇ ਤਹਿਤ




ਜਾਂਚ ਸ਼ੁਰੂ ਕੀਤੀ ਸੀ। ਜਾਂਚ ਏਜੰਸੀ ਅਨੁਸਾਰ, ਨਸੀਮ ਲਗਾਤਾਰ ਜਾਂਚ ਤੋਂ ਬਚ ਰਿਹਾ ਸੀ ਅਤੇ ਸੰਮਨ ਜਾਰੀ ਹੋਣ ਦੇ ਬਾਵਜੂਦ ਪੇਸ਼ ਨਹੀਂ ਹੋਇਆ। ਉਹ ਨੇਪਾਲ ਦੇ ਰਸਤੇ ਭਾਰਤ ਤੋਂ ਫ਼ਰਾਰ ਹੋ ਕੇ ਦੁਬਈ ਵਿੱਚ ਰਹਿ ਰਿਹਾ ਸੀ। ਲਖਨਊ ਦੀ ਵਿਸ਼ੇਸ਼ ਅਦਾਲਤ ਨੇ ਪਿਛਲੇ ਸਾਲ ਅਪ੍ਰੈਲ 'ਚ ਉਸ ਨੂੰ ਭਗੌੜੇ ਆਰਥਿਕ ਅਪਰਾਧੀ ਐਕਟ (65®1) ਦੇ ਅਧੀਨ ਅਪਰਾਧੀ ਐਲਾਨ ਕੀਤਾ ਸੀ। ਇਨਫੋਰਸਮੈਂਟ ਡਾਇਰੈਕਟੋਰੇਟ ਦੇ ਅਧਿਕਾਰੀਆਂ ਨੇ ਜਨਵਰੀ 2026 'ਚ ਯੂਏਈ ਦੇ ਅਧਿਕਾਰੀਆਂ ਨੂੰ ਇਕ ਵਿਸਤ੍ਰਿਤ ਡੋਜ਼ੀਅਰ ਸੌਂਪਿਆ ਸੀ। ਇਸ 'ਚ ਨਸੀਮ ਵਿਰੁੱਧ ਭਾਰਤ 'ਚ ਚੱਲ ਰਹੀਆਂ ਕਾਨੂੰਨੀ ਕਾਰਵਾਈਆਂ ਦਾ ਪੂਰਾ ਵੇਰਵਾ ਦਿੱਤਾ ਗਿਆ ਸੀ, ਜਿਸ ਤੋਂ ਬਾਅਦ ਇਹ ਗ੍ਰਿਫ਼ਤਾਰੀ ਸੰਭਵ ਹੋਈ ਹੈ। ਜ਼ਿਕਰਯੋਗ ਹੈ ਕਿ ਦਸੰਬਰ 2025 ਵਿੱਚ ਅਦਾਲਤ ਨੇ ਨਸੀਮ ਦੀ 127.98 ਕਰੋੜ ਰੁਪਏ ਦੀ ਜਾਇਦਾਦ ਕੁਰਕ ਕਰਨ ਦੇ ਹੁਕਮ ਵੀ ਦਿੱਤੇ ਸਨ।

## ਬੈਂਕ ਕੋਲ ਗਹਿਣੇ ਪਿਆ ਫਲੈਟ ਕਈਆਂ ਨੂੰ ਵੇਚਿਆ, ਫਿਰ ਪੁਲਸ ਨੇ 'ਠੱਗ ਜੋੜਾ' ਇੰਝ ਕੀਤਾ ਕਾਬੂ

ਨਵੀਂ ਦਿੱਲੀ 10 ਮਈ। ਦਿੱਲੀ ਪੁਲਸ ਨੇ ਦਵਾਰਕਾ ਇਲਾਕੇ 'ਚ ਇਕ ਹੀ ਫਲੈਟ ਕਈ ਲੋਕਾਂ ਨੂੰ ਵੇਚ ਕੇ ਠੱਗੀ ਕਰਨ ਦੇ ਦੋਸ਼ 'ਚ ਇਕ ਜੋੜੇ ਨੂੰ ਗ੍ਰੇਟਰ ਨੋਇਡਾ ਤੋਂ ਗ੍ਰਿਫ਼ਤਾਰ ਕੀਤਾ ਹੈ। ਪੁਲਸ ਨੇ ਸ਼ੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਅਨੁਸਾਰ, ਦੋਸ਼ੀਆਂ ਦੀ ਪਛਾਣ ਦਵਾਰਕਾ ਸੈਕਟਰ-9 ਵਾਸੀ ਨਰੇਸ਼ ਕੁਮਾਰ ਸੀਕਰੀ (57) ਅਤੇ ਉਸ ਦੀ ਪਤਨੀ ਸ਼ਾਰਦਾ ਸੀਕਰੀ ਵਜੋਂ ਹੋਈ ਹੈ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਜਾਂਚ ਦੌਰਾਨ ਪਤਾ ਲੱਗਾ ਕਿ ਜੋੜੇ ਨੇ ਬੈਂਕ ਕੋਲ ਗਿਰਵੀ ਰੱਖੀ ਗਈ ਜਾਇਦਾਦ ਕਈ ਲੋਕਾਂ ਨੂੰ ਵੇਚ ਕੇ ਉਨ੍ਹਾਂ ਨਾਲ ਠੱਗੀ ਕੀਤੀ। ਉਨ੍ਹਾਂ ਦੱਸਿਆ ਕਿ ਜੋੜੇ ਨੇ ਵੱਖ-ਵੱਖ ਲੋਕਾਂ ਤੋਂ ਲਗਭਗ ਢਾਈ ਕਰੋੜ ਰੁਪਏ ਲੈ ਲਏ। ਉਨ੍ਹਾਂ ਦੱਸਿਆ ਕਿ ਸ਼ਾਰਦਾ ਨੂੰ ਲੰਬੇ ਸਣੇਂ ਤੱਕ ਫਰਾਰ ਰਹਿਣ ਤੋਂ ਬਾਅਦ ਸਤੰਬਰ 2025 'ਚ ਇੱਥੋਂ ਦੀ ਇਕ ਸਥਾਨਕ ਅਦਾਲਤ ਨੇ ਭਗੌੜਾ ਐਲਾਨ ਦਿੱਤਾ ਸੀ। ਪੁਲਸ ਅਨੁਸਾਰ, 2024 'ਚ ਜੋੜੇ ਖ਼?ਲਾਫ਼ ਦਵਾਰਕਾ ਦੱਖਣੀ ਥਾਣੇ 'ਚ ਧੋਖਾਧੜੀ ਦੇ 2 ਮਾਮਲੇ ਦਰਜ ਕੀਤੇ ਗਏ ਸਨ, ਜਦੋਂ ਕਿ ਸ਼ਿਕਾਇਤਕਰਤਾਵਾਂ ਨੇ ਦੋਸ਼ ਲਗਾਇਆ ਕਿ ਸ਼ਾਰਦਾ ਸੀਕਰੀ ਨੇ ਆਪਣੇ ਫਲੈਟ ਦੇ




ਸੰਬੰਧ 'ਚ ਵਿਕਰੀ ਸਮਝੌਤੇ ਕਰ ਕੇ ਵੱਡੀ ਰਕਮ ਲੈ ਲਈ ਪਰ ਵਿਕਰੀ ਪ੍ਰਕਿਰਿਆ ਪੂਰੀ ਨਹੀਂ ਕੀਤੀ। ਦੋਸ਼ੀ ਬਾਅਦ 'ਚ ਫਰਾਰ ਹੋ ਗਏ। ਅਧਿਕਾਰੀਆਂ ਨੇ ਦੱਸਿਆ ਕਿ ਗੁਪਤ ਸੂਚਨਾਵਾਂ ਅਤੇ ਤਕਨੀਕੀ ਨਿਗਰਾਨੀ ਦੇ ਆਧਾਰ 'ਤੇ ਪੁਲਸ ਨੂੰ ਪਤਾ ਲੱਗਾ ਕਿ ਜੋੜਾ ਗ੍ਰੇਟਰ ਨੋਇਡਾ 'ਚ ਲੁੱਕਿਆ ਹੈ ਅਤੇ ਉਨ੍ਹਾਂ ਨੂੰ ਉੱਥੋਂ ਗ੍ਰਿਫ਼ਤਾਰ ਕਰ ਲਿਆ ਗਿਆ।

## ਨਸ਼ਿਆਂ ਨੇ ਉਜਾੜ 'ਤਾ ਹੱਸਦਾ-ਵੱਸਦਾ ਘਰ ! ਪੰਜਾਬ 'ਚ ਕਬੱਡੀ ਖਿਡਾਰੀ ਦੀ ਮੌਤ

ਜਲੰਧਰ 10 ਮਈ। ਮਹਿਤਪੁਰ ਦੇ ਪਿੰਡ ਉਧੋਵਾਲ ਵਿਚ ਕਬੱਡੀ ਖਿਡਾਰੀ ਦੀ ਸ਼ੱਕੀ ਹਾਲਾਤ ਵਿਚ ਮੌਤ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਮ੍ਰਿਤਕ ਦੀ ਪਛਾਣ ਵੰਸ਼ ਵਜੋਂ ਹੋਈ ਹੈ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਵੰਸ਼ ਦੀ ਮੌਤ ਨਸ਼ੇ ਦੀ ਓਵਰਡੋਜ਼ ਨਾਲ ਹੋਈ ਹੈ ਪਰ ਪੁਲਸ ਨੇ ਇਸ ਦੀ ਪੁਸ਼ਟੀ ਨਹੀਂ ਕੀਤੀ ਹੈ। ਵੰਸ਼ ਦੋ ਸਾਲ ਪਹਿਲਾਂ 12ਵੀਂ ਜਮਾਤ ਕੀਤੀ ਸੀ। ਉਹ ਸਕੂਲ ਤੋਂ ਹੀ ਕਬੱਡੀ ਖੇਡ ਰਿਹਾ ਸੀ ਅਤੇ ਕਈ ਟੂਰਨਾਮੈਂਟਾਂ ਵਿੱਚ ਹਿੱਸਾ ਲੈ ਚੁੱਕਾ ਸੀ। ਉਹ ਘਰ ਉਧੋਵਾਲ ਦੇ ਨਾਲ ਲੱਗਦੇ ਪਿੰਡ ਬਾਲੋਕੀ ਖੇੜਾ ਰੋਡ 'ਤੇ ਸੀ, ਜਿੱਥੇ ਉਸ ਦੀ ਲਾਸ਼ ਸ਼ੱਕੀ ਹਾਲਾਤ ਵਿੱਚ ਮਿਲੀ। ਰਾਹਗੀਰਾਂ ਨੇ ਪਿੰਡ ਦੇ ਮੁਖੀ ਅਤੇ ਪਰਿਵਾਰਕ ਮੈਂਬਰਾਂ ਨੂੰ ਸੂਚਿਤ ਕੀਤਾ। ਉਸ ਦੇ ਪਿੱਛੇ ਉਸ ਦੇ ਮਾਤਾ-ਪਿਤਾ, ਇਕ ਛੋਟਾ ਭਰਾ ਅਤੇ ਇਕ ਛੋਟੀ ਭੈਣ ਹੈ। ਪਰਿਵਾਰ ਨੇ ਵੰਸ਼ ਦੀ ਮੌਤ ਦੀ ਸ਼ਿਕਾਇਤ ਪੁਲਸ ਨੂੰ ਨਹੀਂ ਦਿੱਤੀ ਅਤੇ ਉਸ ਦਾ ਅੰਤਿਮ ਸੰਸਕਾਰ ਕਰ ਦਿੱਤਾ ਹੈ। ਪਿੰਡ ਉਧੋਵਾਲ ਦੇ ਇਕ ਪੰਚ ਮਨਪ੍ਰੀਤ ਸਿੰਘ ਨੇ ਦੱਸਿਆ ਕਿ ਵੰਸ਼ ਇਕ ਸ਼ਾਨਦਾਰ ਖਿਡਾਰੀ ਸੀ ਅਤੇ ਕਈ ਕਬੱਡੀ ਟੂਰਨਾਮੈਂਟਾਂ ਵਿੱਚ ਸਕੂਲ ਦੀ ਨੁਮਾਇੰਦਗੀ ਕਰਦਾ ਸੀ।ਉਸ ਨੇ ਦੋ ਸਾਲ ਪਹਿਲਾਂ ਆਪਣੀ 12ਵੀਂ ਜਮਾਤ ਪੂਰੀ ਕੀਤੀ ਸੀ ਅਤੇ ਜਿਵੇਂ ਹੀ ਉਹ ਸਕੂਲ ਤੋਂ ਬਾਅਦ ਆਪਣੇ ਅਧਿਆਪਕਾਂ ਤੋਂ ਦੂਰ ਹੋ ਗਿਆ ਤਾਂ ਉਹ ਨਸ਼ਿਆਂ ਦੀ ਗ੍ਰਿਫ਼ਤ ਵਿਚ ਆ ਗਿਆ। ਇਹ ਨਸ਼ੇ ਨਾਲ ਸਬੰਧਤ ਮੌਤ ਦਾ ਪਹਿਲਾ ਮਾਮਲਾ ਨਹੀਂ ਹੈ।

## ਨਣਾਨ-ਭਰਜਾਈ ਨੇ ਚੁੱਕ ਲਿਆ ਖ਼ੌਫ਼ਨਾਕ ਕਦਮ !

ਨੈਸ਼ਨਲ ਡੈਸਕ 10 ਮਈ। ਰਾਜਸਥਾਨ ਦੇ ਬੀਕਾਨੇਰ ਜ਼ਿਲ੍ਹੇ ਦੇ ਖਾਜੂਵਾਲਾ ਥਾਣਾ ਖੇਤਰ ਵਿੱਚ ਐਤਵਾਰ ਰਾਤ ਇੱਕ ਦਿਲ ਦਹਿਲਾ ਦੇਣ ਵਾਲੀ ਘਟਨਾ ਵਾਪਰੀ। ਪਿੰਡ 'ਚੱਕ 33 ਕੇਵਾਈਡੀ' ਦੇ ਨੇੜੇ ਵਣ ਵਿਭਾਗ ਦੀ ਇੱਕ ਨਰਸਰੀ ਵਿੱਚ ਦੋ ਕੁੜੀਆਂ ਨੇ ਇੱਕੋ ਦਰੱਖਤ ਨਾਲ ਲਟਕ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਪੁਲਸ ਅਨੁਸਾਰ ਮ੍ਰਿਤਕਾਂ ਦੀ ਪਛਾਣ 19 ਸਾਲਾ ਰਤਨੀ ਦੇਵੀ (ਵਿਆਹੁਤਾ) ਅਤੇ 20 ਸਾਲਾ ਮਾਇਆ ਨਾਇਕ ਵਜੋਂ ਹੋਈ ਹੈ। ਰਤਨੀ ਦੇਵੀ ਮਾਇਆ ਦੀ ਭਰਜਾਈ ਸੀ। ਦੱਸਿਆ ਜਾ ਰਿਹਾ ਹੈ ਕਿ ਦੋਵਾਂ ਨੇ ਆਪਣੀਆਂ ਚੁੰਨੀਆਂ ਨਾਲ ਫਾਹਾ ਬਣਾਇਆ ਅਤੇ ਦਰੱਖਤ ਨਾਲ ਲਟਕ ਗਈਆਂ। ਸੋਮਵਾਰ ਸਵੇਰੇ ਜਦੋਂ ਰਾਹਗੀਰਾਂ ਨੇ ਲਾਸ਼ਾਂ ਦੇਖੀਆਂ ਤਾਂ ਪੁਲਸ ਨੂੰ ਸੂਚਨਾ ਦਿੱਤੀ ਗਈ। ਮੌਕੇ 'ਤੇ ਪਹੁੰਚੇ ਸਰਕਲ ਅਫ਼ਸਰ ਅਮਰਜੀਤ ਚਾਵਲਾ ਨੇ ਦੱਸਿਆ ਕਿ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ। ਵਿਆਹੁਤਾ ਰਤਨੀ ਦੇਵੀ ਦੇ ਪਰਿਵਾਰਕ ਮੈਂਬਰਾਂ ਵੱਲੋਂ ਦਿੱਤੀ ਗਈ ਸ਼ਿਕਾਇਤ ਦੇ ਆਧਾਰ 'ਤੇ ਪੁਲਸ ਨੇ ਮਾਮਲਾ ਦਰਜ ਕਰ ਲਿਆ ਹੈ। ਪੁਲਸ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਦੋਵਾਂ ਨੇ ਇੰਨਾ ਖ਼ੌਫ਼ਨਾਕ ਕਦਮ ਕਿਉਂ ਚੁੱਕਿਆ। ਕੀ ਇਹ ਕੋਈ ਘਰੇਲੂ ਕਲੇਸ਼ ਦਾ ਮਾਮਲਾ ਸੀ ਜਾਂ ਇਸ ਪਿੱਛੇ ਕੋਈ ਹੋਰ ਕਾਰਨ ਸੀ, ਇਸ ਬਾਰੇ ਫਿਲਹਾਲ ਸਥਿਤੀ ਸਪੱਸ਼ਟ ਨਹੀਂ ਹੋ ਸਕੀ ਹੈ।

# ਨੈਨੀਤਾਲ ਹਾਈਵੇਅ 'ਤੇ ਵੱਡਾ ਹਾਦਸਾ ! ਚਲਦੀ ਕਾਰ ਬਣੀ ਅੱਗ ਦਾ ਗੋਲਾ, ਮਾਂ-ਪੁੱਤ ਦੀ ਦਰਦਨਾਕ ਮੌਤ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 10 ਮਈ। ਉੱਤਰ ਪ੍ਰਦੇਸ਼ ਦੇ ਰਾਮਪੁਰ ਜ਼ਿਲ੍ਹੇ ਤੋਂ ਇੱਕ ਦਿਲ ਦਹਿਲਾ ਦੇਣ ਵਾਲੀ ਖ਼ਬਰ ਸਾਹਮਣੇ ਆਈ ਹੈ। ਜਿਥੇ ਨੈਨੀਤਾਲ ਵਿੱਚ ਛੁੱਟੀਆਂ ਮਨਾ ਕੇ ਵਾਪਸ ਆ ਰਹੇ ਇੱਕ ਪਰਿਵਾਰ ਦੀ ਖੁਸ਼ੀ ਸੋਗ ਵਿੱਚ ਬਦਲ ਗਈ। ਇੱਕ ਤੇਜ਼ ਰਫ਼ਤਾਰ ਕਾਰ ਕਿਸੇ ਅਣਪਛਾਤੇ ਵਾਹਨ ਨਾਲ ਟਕਰਾਉਣ ਤੋਂ ਬਾਅਦ ਅਚਾਨਕ ਅੱਗ ਦੀਆਂ ਲਪਟਾਂ ਵਿੱਚ ਘਿਰ ਗਈ। ਇਸ ਭਿਆਨਕ ਹਾਦਸੇ ਵਿੱਚ ਯੂਪੀ ਪੁਲਸ ਦੀ ਇੱਕ ਮਹਿਲਾ ਕਾਂਸਟੇਬਲ ਅਤੇ ਉਸਦੇ ਦੋ ਸਾਲ ਦੇ ਪੁੱਤਰ ਦੀ ਸੜ ਜਾਣ ਨਾਲ ਦਰਦਨਾਕ ਮੌਤ ਹੋ ਗਈ। ਜਾਣਕਾਰੀ ਮੁਤਾਬਕ ਇਹ ਘਟਨਾ ਥਾਣਾ ਗੰਜ ਖੇਤਰ ਦੇ ਕਾਸ਼ੀਪੁਰ-ਆਂਗਾ ਰੋਡ 'ਤੇ ਵਾਪਰੀ। ਚਸ਼ਮਦੀਦਾਂ ਦੇ ਅਨੁਸਾਰ, ਕਾਰ ਤੇਜ਼ ਰਫ਼ਤਾਰ ਨਾਲ ਚੱਲ ਰਹੀ ਸੀ। ਇੱਕ ਅਣਪਛਾਤੇ ਵਾਹਨ ਨਾਲ ਹੋਈ ਭਿਆਨਕ ਟੱਕਰ ਤੋਂ ਤੁਰੰਤ ਬਾਅਦ ਕਾਰ ਦੇ ਇੰਜਣ ਵਿੱਚ ਅੱਗ ਲੱਗ ਗਈ। ਅੱਗ ਦੀਆਂ ਲਪਟਾਂ ਇੰਨੀਆਂ ਤੇਜ਼ ਸਨ ਕਿ ਕਾਰ ਵਿੱਚ ਬੈਠੇ ਲੋਕਾਂ ਨੂੰ ਬਾਹਰ ਨਿਕਲਣ ਦਾ ਸਮਾਂ ਨਹੀਂ ਮਿਲਿਆ। ਕਾਰ ਵਿੱਚ ਚਾਰ ਲੋਕ ਸਨ। ਜਿਵੇਂ ਹੀ ਹਾਦਸੇ ਤੋਂ ਬਾਅਦ ਕਾਰ ਨੂੰ ਅੱਗ ਲੱਗੀ, ਦੋ ਨੌਜਵਾਨ ਖਿੜਕੀ ਤੋਂ ਛਾਲ ਮਾਰ ਕੇ ਭੱਜਣ ਵਿੱਚ ਕਾਮਯਾਬ ਹੋ ਗਏ। ਇਸ ਨਾਲ ਉਨ੍ਹਾਂ ਦੀ ਜਾਨ ਬਚ ਗਈ। ਮਹਿਲਾ ਕਾਂਸਟੇਬਲ ਅਤੇ ਉਸਦਾ ਬੱਚਾ ਕਾਰ ਦੇ ਪਿਛਲੇ ਹਿੱਸੇ ਵਿੱਚ ਫਸ ਗਿਆ। ਮਾਸੂਮ ਬੱਚੇ ਦੀ ਮੌਕੇ 'ਤੇ ਮੌਤ ਹੋ ਗਈ, ਜਦੋਂ ਕਿ ਗੰਭੀਰ ਰੂਪ ਵਿੱਚ ਸੜੀ ਮਾਂ ਨੂੰ ਹਸਪਤਾਲ ਲਿਜਾਇਆ ਗਿਆ। ਡਾਕਟਰਾਂ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਉਸ




ਦੀ ਮੌਤ ਹੋ ਗਈ। ਮ੍ਰਿਤਕ ਔਰਤ ਦੀ ਪਛਾਣ ਲਤਾ ਵਜੋਂ ਹੋਈ ਹੈ। ਉਹ ਉੱਤਰ ਪ੍ਰਦੇਸ਼ ਪੁਲਸ ਵਿੱਚ ਸ਼੍ਰਾਵਸਤੀ ਵਿੱਚ ਇੱਕ ਮਹਿਲਾ ਕਾਂਸਟੇਬਲ ਵਜੋਂ ਤਾਇਨਾਤ ਸੀ। ਉਹ ਆਪਣੇ ਪਰਿਵਾਰ ਨਾਲ ਨੈਨੀਤਾਲ ਦੀ ਯਾਤਰਾ ਤੋਂ ਘਰ ਵਾਪਸ ਆ ਰਹੀ ਸੀ। ਇਸ ਘਟਨਾ ਬਾਰੇ ਪਤਾ ਲੱਗਦਿਆਂ ਹੀ ਪੁਲਸ ਵਿਭਾਗ ਅਤੇ ਪਰਿਵਾਰ ਵਿੱਚ ਹੰਗਾਮਾ ਹੋ ਗਿਆ। ਵਧੀਕ ਪੁਲਸ ਸੁਪਰਡੈਂਟ ਅਨੁਰਾਗ ਸਿੰਘ ਨੇ ਦੱਸਿਆ ਕਿ ਸੂਚਨਾ ਮਿਲਦੇ ਹੀ ਪੁਲਸ ਅਤੇ ਫਾਇਰ ਬ੍ਰਿਗੇਡ ਦੀਆਂ ਟੀਮਾਂ ਮੌਕੇ 'ਤੇ ਪਹੁੰਚ ਗਈਆਂ ਪਰ ਉਦੋਂ ਤੱਕ ਕਾਰ ਪੂਰੀ ਤਰ੍ਹਾਂ ਤਬਾਹ ਹੋ ਚੁੱਕੀ ਸੀ। ਪੁਲਸ ਉਸ ਅਣਪਛਾਤੇ ਵਾਹਨ ਦੀ ਭਾਲ ਕਰ ਰਹੀ ਹੈ, ਜਿਸਨੇ ਕਾਰ ਨੂੰ ਟੱਕਰ ਮਾਰੀ। ਨੇੜਲੇ ਸੀਸੀਟੀਵੀ ਕੈਮਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਸ ਨੇ ਮਾਂ-ਪੁੱਤਰ ਦੀਆਂ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਲਿਆ ਹੈ ਅਤੇ ਪੋਸਟਮਾਰਟਮ ਲਈ ਜ਼ਿਲ੍ਹਾ ਹਸਪਤਾਲ ਭੇਜ ਦਿੱਤਾ ਹੈ। ਅਣਪਛਾਤੇ ਡਰਾਈਵਰ ਵਿਰੁੱਧ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਪੁਲਸ ਉਸਦੀ ਭਾਲ ਲਈ ਛਾਪੇਮਾਰੀ ਕਰ ਰਹੀ ਹੈ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਬੁੜੈਲ ਜੇਲ੍ਹ ਦੇ ਕੈਦੀਆਂ ਵੱਲੋਂ ਤਿਆਰ ਹਰਬਲ ਰੰਗਾਂ ਤੇ ਮਠਿਆਈਆਂ ਬਣੀਆਂ ਲੋਕਾਂ ਦੀ ਪਹਿਲੀ ਪਸੰਦ

ਕੌਮੀ ਪੱਤ੍ਰਿਕਾ

ਚੰਡੀਗੜ੍ਹ 10 ਮਈ। ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਹੋਲੀ ਤਿਉਹਾਰ ਲਈ ਚੰਡੀਗੜ੍ਹ ਵਾਸੀਆਂ ਵੱਲੋਂ ਹਰਬਲ ਰੰਗ ਪਸੰਦ ਕੀਤੇ ਜਾ ਰਹੇ ਹਨ। ਸੈਕਟਰ-22 ਵਿਖੇ ਸ਼੍ਰੀਜਨ ਹੈਂਡਮੇਡ ਸਟੋਰ ’ਤੇ ਸੈਕਟਰ-45 ਦੀ ਬੁੜੈਲ ਜੇਲ੍ਹ ਦੇ ਕੈਦੀਆਂ ਵੱਲੋਂ ਤਿਆਰ ਕੀਤੇ ਹਰਬਲ ਰੰਗ ਤੇ ਮਿਠਾਈਆਂ ਨਾ ਸਿਰਫ਼ ਬਾਜ਼ਾਰਾਂ ’ਚ ਦੇਖੇ ਜਾ ਰਹੇ ਹਨ, ਸਗੋਂ ਬੁੜੈਲ ਜੇਲ੍ਹ ਦੀਆਂ ਕੰਧਾਂ ਦੇ ਅੰਦਰ ਵੀ ਦਿਖਾਈ ਦੇ ਰਹੇ ਹਨ। ਕੈਦੀਆਂ ਵੱਲੋਂ ਤਿਆਰ ਕੀਤੇ ਖ਼ਾਸ ਹਰਬਲ ਗੁਲਾਲ, ਨੀਲਾ ਪੀਲਾ, ਹਰਾ ਤੇ ਗੇਰੂਏ ਰੰਗਾਂ ਦੀ ਬਜ਼ਾਰ ’ਚ ਮੰਗ ਬਹੁਤ ਵੱਧ ਗਈ ਹੈ। ਇਸ ਸਬੰਧੀ ਜੇਲ੍ਹ ਪ੍ਰਬੰਧਕ ਜਯਾ ਸਰਕਾਰ ਨੇ ਕਿਹਾ ਕਿ ਰਿਫਾਇੰਡ ਘਿਓ ਨਾਲ ਤਿਆਰ ਕੀਤੀਆਂ ਗੁਜੀਆਂ ਦੀ ਮੰਗ ਇਸ ਵਾਰ ਬਹੁਤ ਜਿਆਦਾ ਹੈ। ਹੋਲੀ ਤਿਉਹਾਰ ਤੋਂ ਪਹਿਲਾਂ ਹੀ ਸੈਕਟਰ-22 ਦੇ ਸ੍ਰੀਜਨ ਸਟੋਰ ’ਤੇ ਰੰਗਾ ਤੋਂ ਲੈ ਕੇ ਮਿਠਾਈਆਂ ਦੀ ਮੰਗ ਤੇਜ਼ੀ ਨਾਲ ਵਧੀ ਹੈ। 4 ਤੋਂ 5 ਕੁਇੰਟਲ ਗੁਜੀਆਂ ਬਣਾਈ ਜਾ ਰਹੀਆਂ ਹਨ। ਹਰ ਦਿਨ 60 ਕਿੱਲੋ ਤੋਂ 100 ਕਿੱਲੋ ਤੱਕ ਮਿਠਾਈ ਦੀ ਵਿਕਰੀ ਹੋ ਰਹੀ ਹੈ। ਮਿਠਾਈ ਗੁਜੀਆਂ ਦੀ ਕੀਮਤ 300 ਰੁਪਏ ਪ੍ਰਤੀ ਕਿਲੋਗ੍ਰਾਮ ’ਚ ਉਪਲੱਬਧ ਹੈ। ਖੋਆ ਬਰਫੀ ਅਤੇ ਦੁੱਧ ਦਾ ਕੇਕ ਵੀ 400 ਰੁਪਏ ਪ੍ਰਤੀ ਕਿੱਲੋ ਵਿਕ ਰਿਹਾ ਹੈ, ਇਸ ਤੋਂ ਇਲਾਵਾ, ਬੂੰਦੀ ਤੇ ਬੇਸਣ ਦੇ ਲੱਡੂ 300 ਰੁਪਏ ਪ੍ਰਤੀ ਕਿੱਲੋ, ਬੇਸਣ ਦੀ ਬਰਫੀ




320 ਰੁਪਏ ਤੇ ਜਲੇਬੀ 250 ਰੁਪਏ ਪ੍ਰਤੀ ਕਿੱਲੋਗ੍ਰਾਮ ’ਚ ਉਪਲੱਬਧ ਹੈ। ਬਹੁਤੇ ਗਾਹਕਾਂ ਨੇ ਤਿਉਹਾਰ ਤੋਂ ਪਹਿਲਾਂ ਹੀ ਆਰਡਰ ਦੇ ਦਿੱਤੇ ਹਨ। ਇਸ ਨਾਲ ਵਿਕਰੀ ’ਚ ਕਾਫ਼ੀ ਵਾਧਾ ਹੋਣ ਦੀ ਉਮੀਦ ਹੈ। ਇਸ ਤੋਂ ਇਲਾਵਾ ਰੰਗਾਂ ’ਚ ਕੈਦੀ ਪੰਜ ਰੰਗਾਂ ’ਚ ਹਰਬਲ ਗੁਲਾਲ ਤਿਆਰ ਕਰ ਰਹੇ ਹਨ, ਹਲਕਾ ਨੀਲਾ, ਚਮਕਦਾਰ ਪੀਲਾ, ਲਾਲ, ਗੁਲਾਬੀ ਤੇ ਹਰਾ ਰੰਗ ਹੈ, ਇਸਦੀ ਕੀਮਤ 100 ਗ੍ਰਾਮ 20 ਰੁਪਏ ਦਾ ਪੈਕੇਟ ਤੇ 200 ਗ੍ਰਾਮ ਦਾ ਪੈਕੇਟ 40 ਰੁਪਏ ਦਾ ਹੈ। ਉਨ੍ਹਾਂ ਕਿਹਾ ਕਿ ਇਹ ਰੰਗ ਖ਼ਾਸ ਕੁਦਰਤੀ ਸਮੱਗਰੀ ਤੋਂ ਬਣੇ ਜੋ ਕਿ ਚਮੜੀ ਲਈ ਸੁਰੱਖਿਅਤ ਮੰਨੇ ਜਾਂਦੇ ਹਨ। ਰੰਗ ਤਿਆਰ ਕਰਨ ਤੋਂ ਲੈ ਕੇ ਸੁਕਾਉਣ, ਪੈਕਿੰਗ ਤੇ ਲੇਬਲਿੰਗ ਤੱਕ ਦੀ ਸਾਰੀ ਪ੍ਰਕਿਰਿਆ ਕੈਦੀਆਂ ਵਲੋਂ ਖ਼ੁਦ ਸੰਭਾਲੀ ਜਾਂਦੀ ਹੈ। ਪ੍ਰਸ਼ਾਸਨ ਸਮੇਂ-ਸਮੇਂ ’ਤੇ ਕੈਦੀਆਂ ਨੂੰ ਮਾਹਰਾਂ ਤੋਂ ਸਿਖਲਾਈ ਪ੍ਰਦਾਨ ਕਰਵਾਉਂਦਾ ਹੈ। ਸਿਖਲਾਈ ਪ੍ਰਾਪਤ ਕੈਦੀ ਦੂਸਰੇ ਕੈਦੀਆਂ ਨੂੰ ਸਿਖਾਉਂਦੇ ਹਨ। ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਡੇਢ ਕੁਇੰਟਲ ਤੋਂ ਵੱਧ ਗੁਲਾਲ ਵੇਚਿਆ ਗਿਆ ਸੀ ਅਤੇ ਇਸ ਵਾਰ ਮੰਗ ਤਿੰਨ ਕੁਇੰਟਲ ਤੱਕ ਪਹੁੰਚਣ ਦੀ ਉਮੀਦ ਹੈ। ਉਨ੍ਹਾਂ ਕਿਹਾ ਕਿ ਇਸ ਪਹਿਲ ਦਾ ਉਦੇਸ਼ ਕੈਦੀਆਂ ਨੂੰ ਹੁਨਰਮੰਦ ਬਣਾ ਕੇ ਆਤਮ ਨਿਰਭਰ ਬਣਾਉਣਾ ਹੈ ਤਾਂ ਜੋ ਉਹ ਰਿਹਾਈ ਤੋਂ ਬਾਅਦ ਇਕ ਸਨਮਾਨਜਨਕ ਜੀਵਨ ਜੀ ਸਕਣ। ਬੁੜੈਲ ਜੇਲ੍ਹ ਦੀ ਹੋਲੀ ਸਿਰਫ਼ ਰੰਗਾਂ ਤੇ ਮਿਠਾਸ ਤੱਕ ਸੀਮਤ ਨਹੀਂ ਹੈ, ਸਗੋਂ ਨਵੀਂ ਉਮੀਦ ਤੇ ਬਦਲਾਅ ਦੀ ਇਕ ਉਦਾਹਰਣ ਬਣ ਰਹੀ ਹੈ।

# ਮਹਿਤਪੁਰ ’ਚ ਨਸ਼ੇ ਦੀ ਓਵਰਡੋਜ਼ ਕਾਰਨ ਨੌਜਵਾਨ ਦੀ ਮੌਤ !

ਜਲੰਧਰ 10 ਮਈ। ਜਲੰਧਰ ਦੇ ਮਹਿਤਪੁਰ ਇਲਾਕੇ ’ਚ ਇਕ 23 ਸਾਲਾ ਨੌਜਵਾਨ ਦੀ ਸ਼ੱਕੀ ਹਾਲਾਤ ਨਸ਼ੇ ਦੀ ਓਵਰਡੋਜ਼ ਕਾਰਨ ਮੌਤ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਦੀ ਪਛਾਣ ਪਿੰਡ ਖੁਰਮਪੁਰ ਦੇ ਰਹਿਣ ਵਾਲੇ ਅਨਮੋਲ ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ ਅਨਮੋਲ ਦੀ ਲਾਸ਼ ਮਹਿਤਪੁਰ ਪੁਲਸ ਸਟੇਸ਼ਨ ਤੋਂ ਕਰੀਬ ਅੱਧਾ ਕਿਲੋਮੀਟਰ ਦੂਰ ਬੱਸ ਸਟੈਂਡ ਨੇੜਿਓਂ ਬਰਾਮਦ ਕੀਤੀ ਗਈ ਹੈ। ਮੁੱਢਲੀ ਜਾਂਚ ਅਤੇ ਮੌਕੇ ਦੇ ਹਾਲਾਤ ਨੂੰ ਵੇਖਦੇ ਹੋਏ ਖ਼ਦਸ਼ਾ ਜਤਾਇਆ ਜਾ ਰਿਹਾ ਹੈ ਕਿ ਨੌਜਵਾਨ ਦੀ ਮੌਤ ਡਰੱਗ ਓਵਰਡੋਜ਼ ਕਾਰਨ ਹੋਈ ਹੈ। ਦੱਸਿਆ ਜਾ ਰਿਹਾ ਹੈ ਕਿ ਲਾਸ਼ ਕੋਲੋਂ ਇਕ ਸਰਿੰਜ ਅਤੇ ਬੋਤਲ ਵੀ ਮਿਲੀ ਹੈ, ਹਾਲਾਂਕਿ ਪੁਲਸ ਨੇ ਅਜੇ ਤੱਕ ਇਸ ਦੀ ਅਧਿਕਾਰਤ ਪੁਸ਼ਟੀ ਨਹੀਂ ਕੀਤੀ ਹੈ। ਉਥੇ ਹੀ ਮ੍ਰਿਤਕ ਨੌਜਵਾਨ ਦੀ ਮਾਂ ਦੀ ਰੋਣ ਵਾਲੀ ਇਕ ਵੀਡੀਓ ਵੀ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਰਹੀ ਹੈ। ਇਸ ਇਲਾਕੇ ’ਚ ਇਕ ਹਫ਼ਤੇ ਦੇ ਅੰਦਰ ਇਹ ਤੀਜੀ ਸ਼ੱਕੀ ਮੌਤ ਹੈ। ਇਸ ਤੋਂ ਪਹਿਲਾਂ 7 ਮਾਰਚ ਪਿੰਡ ਉਧੋਵਾਲ ਦੇ ਇਕ ਕਬੱਡੀ ਖਿਡਾਰੀ ਵੰਸ਼ ਦੀ ਲਾਸ਼ ਬਾਲੋਕੀ ਖੇੜਾ ਰੋਡ ਤੋਂ ਮਿਲੀ ਸੀ। ਉਸ ਦੀ ਮੌਤ ਦਾ ਕਾਰਨ ਵੀ ਨਸ਼ੇ ਦੀ ਓਵਰਡੋਜ਼ ਸੀ। 6 ਮਾਰਚ ਨੂੰ ਪਿੰਡ ਬੂਟੇ ਦੀਆਂ ਛੰਨਾਂ ਦੇ ਸਰਪੰਚ ਮਹਿੰਦਰ ਸਿੰਘ ਦੀ ਇਲਾਜ ਦੌਰਾਨ ਮੌਤ ਹੋ ਗਈ ਸੀ। ਸਰਪੰਚ ਨੇ ਨਸ਼ਾ ਤਸਕਰਾਂ ਖ਼?ਲਾਫ਼ ਆਵਾਜ਼ ਚੁੱਕੀ ਸੀ, ਜਿਸ ਤੋਂ ਬਾਅਦ ਉਨ੍ਹਾਂ ’ਤੇ ਹਮਲਾ ਕੀਤਾ ਗਿਆ ਸੀ। ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਤਰਸੇਮ ਪੀਟਰ ਅਨੁਸਾਰ ਨਸ਼ਾ ਤਸਕਰਾਂ ਦੇ ਵਧਦੇ ਪ੍ਰਭਾਵ ਕਾਰਨ ਇਲਾਕੇ ਦੇ ਲੋਕ ਡਰ ਦੇ ਸਾਏ ਹੇਠ ਜੀਅ ਰਹੇ ਹਨ। ਉਨ੍ਹਾਂ ਕਿਹਾ ਕਿ ਕਈ ਲੋਕਾਂ ਨੇ ਲਾਸ਼ ਕੋਲ ਸਰਿੰਜ ਵੇਖੀ ਸੀ ਪਰ ਡਰ ਦੇ ਮਾਰੇ ਕੋਈ ਵੀ ਖੁੱਲ੍ਹ ਕੇ ਬੋਲਣ ਨੂੰ ਤਿਆਰ ਨਹੀਂ ਹੈ। ਪੁਲਸ ਨੇ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਪੁਲਸ ਦਾ ਕਹਿਣਾ ਹੈ ਕਿ ਮੌਤ ਦੇ ਅਸਲ ਕਾਰਨਾਂ ਦਾ ਪਤਾ ਪੋਸਟਮਾਰਟਮ ਦੀ ਰਿਪੋਰਟ ਆਉਣ ਤੋਂ ਬਾਅਦ ਹੀ ਲੱਗੇਗਾ।

# ਅਸਾਮ ’ਚ ਭਿਆਨਕ ਬੱਸ ਹਾਦਸਾ, ਚਾਰ ਯਾਤਰੀਆਂ ਦੀ ਮੌਤ, 10 ਦੇ ਕਰੀਬ ਜ਼ਖਮੀ

ਡਿਫੂ 10 ਮਈ। ਅਸਾਮ ਦੇ ਕਰਬੀ ਅੰਗਲੋਂਗ ਜ਼ਿਲ੍ਹੇ ਵਿੱਚ ਸ਼ਨੀਵਾਰ ਨੂੰ ਇੱਕ ਬੱਸ ਦੇ ਕੰਟਰੋਲ ਤੋਂ ਬਾਹਰ ਹੋ ਕੇ ਸੜਕ ਕਿਨਾਰੇ ਦਰੱਖਤ ਨਾਲ ਟਕਰਾ ਗਈ, ਜਿਸ ਨਾਲ ਭਿਆਨਕ ਸੜਕ ਹਾਦਸਾ ਵਾਪਰ ਗਿਆ। ਇਸ ਹਾਦਸੇ ਦੌਰਾਨ ਘੱਟੋ-ਘੱਟ ਚਾਰ ਲੋਕਾਂ ਦੀ ਮੌਤ ਹੋ ਗਈ ਅਤੇ 10 ਦੇ ਕਰੀਬ ਜ਼ਖਮੀ ਹੋ ਗਏ। ਅਧਿਕਾਰੀਆਂ ਨੇ ਇਸ ਦੀ ਜਾਣਕਾਰੀ ਦਿੱਤੀ। ਇੱਥੋਂ ਦੇ ਇੱਕ ਸੀਨੀਅਰ ਅਧਿਕਾਰੀ ਦੇ ਅਨੁਸਾਰ ਮੱਧ ਅਸਾਮ ਦੇ ਮੋਰੀਗਾਓਂ ਜ਼ਿਲ੍ਹੇ ਦੇ ਮੋਇਰਾਬਾਰੀ ਤੋਂ ਨਾਗਾਲੈਂਡ ਦੇ ਦੀਮਾਪੁਰ ਜਾ ਰਹੀ ਇੱਕ ਬੱਸ ਸਵੇਰੇ ਤੜਕੇ ਬੋਕਾਜਾਨ ਥਾਣਾ ਖੇਤਰ ਦੇ ਅਧੀਨ ਲਖੀਜਾਨ ਵਿੱਚ ਹਾਦਸੇ ਦਾ ਸ਼ਿਕਾਰ ਹੋ ਗਈ। ਉਨ੍ਹਾਂ ਦੱਸਿਆ ਕਿ ਸੜਕ ’ਤੇ ਇਕ ਮੋੜ ਪਾਰ ਕਰਨ ਦੀ ਕੋਸ਼ਿਸ਼ ਕਰਦੇ ਹੋਏ ਬੱਸ ਡਰਾਈਵਰ ਨੇ ਆਪਣੇ ਵਾਹਨ ਤੋਂ ਕੰਟਰੋਲ ਗੁਆ ਦਿੱਤਾ, ਜਿਸ ਕਾਰਨ ਬੱਸ ਸੜਕ ਕਿਨਾਰੇ ਲੱਗੇ ਪੇੜ ਨਾਲ ਟਕਰਾਅ ਗਈ। ਇਸ ਹਾਦਸੇ ’ਚ ਡਰਾਈਵਰ ਸਣੇ 4 ਯਾਤਰੀਆਂ ਦੀ ਮੌਤ ਹੋ ਗਈ। ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਪੁਲਸ ਮੌਕੇ ’ਤੇ ਪਹੁੰਚ ਗਈ। ਪੁਲਸ ਨੇ ਇਸ ਮਾਮਲੇ ਦੀ ਕਾਰਵਾਈ ਕਰਦੇ ਹੋਏ ਲਾਸ਼ਾਂ ਨੂੰ ਕਬਜ਼ੇ ਵਿਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ। ਅਧਿਕਾਰੀ ਨੇ ਕਿਹਾ, ਅਸੀਂ ਇੱਕ ਬੱਚੇ ਸਮੇਤ 10 ਲੋਕਾਂ ਨੂੰ ਦੀਮਾਪੁਰ ਦੇ ਇੱਕ ਹਸਪਤਾਲ ਵਿੱਚ ਇਲਾਜ ਲਈ ਭੇਜਿਆ ਹੈ। ਮ੍ਰਿਤਕਾਂ ਦੀ ਪਛਾਣ ਅਬਦੁਲ ਬਾਰੇਕ, ਖਲੀਲ ਰਹਿਮਾਨ, ਛਬੀਨਾ ਸੁਲਤਾਨਾ ਅਤੇ ਅਲਾਲ ਉਦੀਨ ਵਜੋਂ ਹੋਈ ਹੈ


**NAME CHANGE**
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

**PUBLIC NOTICE**
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**PUBLIC NOTICE**
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

**NAME CHANGE**
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

**PUBLIC NOTICE**
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.
**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**PUBLIC NOTICE**
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.
**Shyam Sharma (Adv)**

**PUBLIC NOTICE**
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

**NAME CHANGE**
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

**NAME CHANGE**
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

**NAME CHANGE**
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

**NAME CHANGE**
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I SONIKA D/O TARSEM SINGH R/o H.No-3054 New Abadi Faizpura Amritsar-1 Amritsar Punjab-143001, have changed my name to SONAMPREET KAUR.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH EX.MALL, SECTOR-9,
ROHINI, NEW DELHI

# ਰਬੀ ਸੀਜ਼ਨ ਲਈ ਕਿਸਾਨਾਂ ਨੂੰ ਸਮੇਂ ਸਿਰ ਪ੍ਰਮਾਣਿਤ ਕਣਕ ਦਾ ਬੀਜ ਉਪਲਬਧ ਕਰਵਾਉਣ ਲਈ ਅਗਰਿਮ ਤਿਆਰੀਆਂ ਸ਼ੁਰੂ : ਖੇਤੀਬਾੜੀ ਮੰਤਰੀ



**ਚੰਡੀਗੜ੍ਹ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼੍ਰੀ ਸ਼ਿਆਮ ਸਿੰਘ ਰਾਣਾ ਨੇ ਕਿਹਾ ਕਿ ਰਾਜ ਸਰਕਾਰ ਨੇ ਆਗਾਮੀ ਰਬੀ ਸੀਜ਼ਨ ਲਈ ਕਿਸਾਨਾਂ ਨੂੰ ਸਮੇਂ ਸਿਰ ਪ੍ਰਮਾਣਿਤ ਕਣਕ ਦਾ ਬੀਜ ਉਪਲਬਧ ਕਰਵਾਉਣ ਲਈ ਅਗਰਿਮ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ।

ਅੱਜ ਹਾਈ ਪਾਵਰਡ ਪਰਚੇਜ਼ ਕਮੇਟੀ ਦੀ ਮੀਟਿੰਗ ਦੀ ਅਗਵਾਈ ਕਰਨ ਤੋਂ ਬਾਅਦ ਉਨ੍ਹਾਂ ਦੱਸਿਆ ਕਿ ਬੀਜ ਪੈਕਿੰਗ ਲਈ ਲਗਭਗ 4 ਕਰੋੜ ਰੁਪਏ ਦੀ ਲਾਗਤ ਨਾਲ ਬੈਗ ਖਰੀਦਣ ਨੂੰ ਮਨਜ਼ੂਰੀ ਦਿੱਤੀ ਗਈ ਹੈ। ਇਹ ਫੈਸਲਾ ਬੀਜ ਵੰਡ ਪ੍ਰਣਾਲੀ ਨੂੰ ਮਜ਼ਬੂਤ ਬਣਾਉਣ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ।

ਖੇਤੀਬਾੜੀ ਮੰਤਰੀ ਨੇ ਕਿਹਾ ਕਿ ਹਰਿਆਣਾ ਬੀਜ ਵਿਕਾਸ ਨਿਗਮ ਲਈ ਹਾਈ ਡੈਂਸਿਟੀ ਪੋਲੀਥੀਨ (HDPE) ਬੈਗ ਅਤੇ ਜੂਟ ਦੇ ਬੈਗਾਂ ਦੀ ਖਰੀਦ ਨਾਲ ਸਬੰਧਤ ਮਹੱਤਵਪੂਰਨ ਪ੍ਰਸਤਾਵਾਂ ਨੂੰ ਪ੍ਰਵਾਨਗੀ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਸੀਜ਼ਨ ਤੋਂ ਪਹਿਲਾਂ ਇਨ੍ਹਾਂ ਬੈਗਾਂ ਦੀ ਅਗਰਿਮ ਖਰੀਦ ਦਾ ਮੁੱਖ ਉਦੇਸ਼ ਬੀਜ ਪ੍ਰੋਸੈਸਿੰਗ ਦੇ ਕੰਮ ਨੂੰ ਸਮੇਂ ਸਿਰ ਪੂਰਾ ਕਰਨਾ ਹੈ, ਤਾਂ ਜੋ ਕਿਸੇ ਕਿਸਮ ਦੀ ਦੇਰੀ ਨਾ ਹੋਵੇ।

ਉਨ੍ਹਾਂ ਅੱਗੇ ਕਿਹਾ ਕਿ ਪ੍ਰੋਸੈਸਿੰਗ ਅਤੇ ਪੈਕਿੰਗ ਦਾ ਕੰਮ ਪੂਰਾ ਹੋਣ ਤੋਂ ਬਾਅਦ ਪ੍ਰਦੇਸ਼ ਦੇ ਕਿਸਾਨਾਂ ਨੂੰ ਉੱਚ ਗੁਣਵੱਤਾ ਵਾਲੇ ਪ੍ਰਮਾਣਿਤ ਬੀਜ ਰਿਆਇਤੀ ਦਰਾਂ @ਤੇ ਬਿਜਾਈ ਤੋਂ ਪਹਿਲਾਂ ਹੀ ਉਪਲਬਧ ਕਰਵਾ ਦਿੱਤੇ ਜਾਣਗੇ। ਇਸ ਨਾਲ ਕਿਸਾਨਾਂ ਨੂੰ ਬਿਹਤਰ ਉਤਪਾਦਨ ਪ੍ਰਾਪਤ ਕਰਨ ਵਿੱਚ ਮਦਦ ਮਿਲੇਗੀ ਅਤੇ ਖੇਤੀਬਾੜੀ ਉਤਪਾਦਕਤਾ ਵਿੱਚ ਵਾਧਾ ਹੋਵੇਗਾ।

ਸ਼੍ਰੀ ਰਾਣਾ ਨੇ ਦੱਸਿਆ ਕਿ ਅੱਜ ਲਏ ਗਏ ਫੈਸਲਿਆਂ ਨਾਲ ਹਰਿਆਣਾ ਬੀਜ ਵਿਕਾਸ ਨਿਗਮ ਦੀਆਂ ਹਿਸਾਰ, ਸਿਰਸਾ, ਟੋਹਾਣਾ, ਯਮੁਨਾਨਗਰ, ਪਟੌਦੀ ਅਤੇ ਉਮਰੀ ਸਥਿਤ ਇਕਾਈਆਂ ਵਿੱਚ ਸਮੇਂ ਸਿਰ ਬੀਜ ਪ੍ਰੋਸੈਸਿੰਗ ਅਤੇ ਪੈਕਿੰਗ ਦਾ ਕੰਮ ਯਕੀਨੀ ਬਣਾਇਆ ਜਾ ਸਕੇਗਾ।

ਇਨ੍ਹਾਂ ਇਕਾਈਆਂ ਵਿੱਚ ਕੰਮ ਦੇ ਸੁਚਾਰੂ ਪ੍ਰਬੰਧ ਨਾਲ ਰਾਜ ਦੀ ਬੀਜ ਸਪਲਾਈ ਪ੍ਰਣਾਲੀ ਨੂੰ ਹੋਰ ਮਜ਼ਬੂਤ ਬਣਾਇਆ ਜਾਵੇਗਾ।

ਉਨ੍ਹਾਂ ਦੁਹਰਾਇਆ ਕਿ ਰਾਜ ਸਰਕਾਰ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਅਤੇ ਉਨ੍ਹਾਂ ਨੂੰ ਗੁਣਵੱਤਾ ਭਰਪੂਰ ਖੇਤੀਬਾੜੀ ਸਰੋਤ ਉਪਲਬਧ ਕਰਵਾਉਣ ਲਈ ਲਗਾਤਾਰ ਯਤਨਸ਼ੀਲ ਹੈ, ਤਾਂ ਜੋ ਖੇਤੀ ਨੂੰ ਵਧੇਰੇ ਲਾਹੇਵੰਦ ਬਣਾਇਆ ਜਾ ਸਕੇ।

# ਸਿੱਖਿਆ ਸਿਰਫ਼ ਡਿਗਰੀ ਪ੍ਰਾਪਤ ਕਰਨ ਦਾ ਸਾਧਨ ਨਹੀਂ, ਸਗੋਂ ਸ਼ਖ਼ਸੀਅਤ ਨਿਰਮਾਣ ਅਤੇ ਰਾਸ਼ਟਰ ਨਿਰਮਾਣ ਦੀ ਹੈ ਆਧਾਰਸ਼ਿਲਾ : ਸਿੱਖਿਆ ਮੰਤਰੀ

**ਚੰਡੀਗੜ੍ਹ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸਿੱਖਿਆ ਮੰਤਰੀ ਸ਼੍ਰੀ ਮਹੀਪਾਲ ਢਾਂਡਾ ਨੇ ਕਿਹਾ ਕਿ ਸਿੱਖਿਆ ਸਿਰਫ਼ ਡਿਗਰੀ ਪ੍ਰਾਪਤ ਕਰਨ ਦਾ ਸਾਧਨ ਨਹੀਂ ਹੈ, ਸਗੋਂ ਇਹ ਸ਼ਖ਼ਸੀਅਤ ਨਿਰਮਾਣ ਅਤੇ ਰਾਸ਼ਟਰ ਨਿਰਮਾਣ ਦੀ ਆਧਾਰਸ਼ਿਲਾ ਹੈ। ਅੱਜ ਦੇ ਮੁਕਾਬਲੇਬਾਜ਼ੀ ਵਾਲੇ ਦੌਰ ਵਿੱਚ ਵਿਦਿਆਰਥੀਆਂ ਨੂੰ ਕਿਤਾਬੀ ਗਿਆਨ ਦੇ ਨਾਲ-ਨਾਲ ਹੁਨਰ, ਤਕਨੀਕ ਅਤੇ ਸੰਸਕਾਰਾਂ ਨਾਲ ਵੀ ਅਮੀਰ ਹੋਣਾ ਪਵੇਗਾ। ਸਿੱਖਿਆ ਸਾਨੂੰ ਯੋਗ ਬਣਾਉਂਦੀ ਹੈ, ਜਦਕਿ ਦੀਖਿਆ ਅਤੇ ਸੰਸਕਾਰ ਸਾਨੂੰ ਸੰਵੇਦਨਸ਼ੀਲ ਨਾਗਰਿਕ ਬਣਾਉਂਦੇ ਹਨ। ਅੱਜ ਦੇਸ਼ ਨੂੰ ਸਿਰਫ਼ ਡਿਗਰੀਧਾਰੀ ਨੌਜਵਾਨਾਂ ਦੀ ਨਹੀਂ, ਸਗੋਂ ਸੰਸਕਾਰਵਾਨ ਅਤੇ ਰਾਸ਼ਟਰ ਹਿੱਤ ਵਿੱਚ ਸੋਚਣ ਵਾਲੇ ਨੌਜਵਾਨਾਂ ਦੀ ਲੋੜ ਹੈ।

ਸਿੱਖਿਆ ਮੰਤਰੀ ਸ਼੍ਰੀ ਮਹੀਪਾਲ ਢਾਂਡਾ ਰੋਹਤਕ ਦੇ ਪੰਡਿਤ ਨੇਕੀਰਾਮ ਸਰਕਾਰੀ ਕਾਲਜ ਦੇ ਸਾਲਾਨਾ ਇਨਾਮ ਵੰਡ ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਵਜੋ ਸੰਬੋਧਿਤ ਕਰ ਰਹੇ ਸਨ। ਸਿੱਖਿਆ ਮੰਤਰੀ ਨੇ ਇਨਾਮ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਸਨਮਾਨ ਸਿਰਫ਼ ਸਰਟੀਫਿਕੇਟ ਨਹੀਂ, ਸਗੋਂ ਉਨ੍ਹਾਂ ਦੀ ਮਿਹਨਤ, ਅਨੁਸ਼ਾਸਨ ਅਤੇ ਸੰਕਲਪ ਦਾ ਪ੍ਰਤੀਕ ਹੈ।



ਉਨ੍ਹਾਂ ਕਿਹਾ ਕਿ ਸਿੱਖਿਆ ਸਾਨੂੰ ਯੋਗ ਬਣਾਉਂਦੀ ਹੈ, ਜਦਕਿ ਦੀਖਿਆ ਅਤੇ ਸੰਸਕਾਰ ਸਾਨੂੰ ਸੰਵੇਦਨਸ਼ੀਲ ਨਾਗਰਿਕ ਬਣਾਉਂਦੇ ਹਨ। ਸਿਰਫ਼ ਡਿਗਰੀਧਾਰੀ ਨੌਜਵਾਨਾਂ ਦੀ ਨਹੀਂ, ਸਗੋਂ ਸੰਸਕਾਰਵਾਨ ਅਤੇ ਰਾਸ਼ਟਰ ਹਿੱਤ ਵਿੱਚ ਸੋਚਣ ਵਾਲੇ ਨੌਜਵਾਨਾਂ ਦੀ ਲੋੜ ਹੈ। ਇਸ ਮੌਕੇ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਲਈ ਕੁੱਲ 468 ਇਨਾਮ ਪ੍ਰਦਾਨ ਕੀਤੇ। ਇਨ੍ਹਾਂ ਵਿੱਚੋਂ ਵਿਦਿਆਰਥੀਆਂ ਨੂੰ ਵਿੱਦਿਅਕ ਖੇਤਰ ਵਿੱਚ 318, ਖੇਡਾਂ ਵਿੱਚ 80, ਸੱਭਿਆਚਾਰਕ ਗਤੀਵਿਧੀਆਂ ਵਿੱਚ 48 ਅਤੇ ਐਨਸੀਸੀ/ਐਨਐਸਐਸ ਵਿੱਚ 22 ਇਨਾਮ ਵੰਡੇ ਗਏ। ਇਨਾਮ ਪ੍ਰਾਪਤ ਕਰਕੇ ਵਿਦਿਆਰਥੀਆਂ ਦੇ ਚਿਹਰੇ ਉਤਸ਼ਾਹ ਅਤੇ ਮਾਣ ਨਾਲ ਖਿੜ ਉੱਠੇ।

ਸਿੱਖਿਆ ਮੰਤਰੀ ਢਾਂਡਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੇ 'ਵਿਕਸਿਤ ਭਾਰਤ-2047' ਦੇ ਸੰਕਲਪ ਨੂੰ ਪੂਰਾ ਕਰਨ ਵਿੱਚ ਨੌਜਵਾਨਾਂ ਦੀ ਸਭ ਤੋਂ ਵੱਡੀ ਭੂਮਿਕਾ ਹੋਵੇਗੀ। ਭਾਰਤ ਦੀ ਸਭ ਤੋਂ ਵੱਡੀ ਸ਼ਕਤੀ ਉਸ ਦੀ ਨੌਜਵਾਨ ਆਬਾਦੀ ਹੈ ਅਤੇ ਇਸੇ ਊਰਜਾ ਦੇ ਦਮ @ਤੇ ਭਾਰਤ ਵਿਸ਼ਵ ਵਿੱਚ ਮੋਹਰੀ ਰਾਸ਼ਟਰ ਬਣਨ ਦੀ ਦਿਸ਼ਾ ਵੱਲ ਵਧ ਰਿਹਾ ਹੈ। ਹਰਿਆਣਾ ਸਰਕਾਰ ਅੰਤੋਦਿਆ ਦੀ ਭਾਵਨਾ ਨਾਲ ਕੰਮ ਕਰ ਰਹੀ ਹੈ, ਤਾਂ ਜੋ ਸਮਾਜ ਦੇ ਆਖ਼ਰੀ ਵਿਅਕਤੀ ਤੱਕ ਸਿੱਖਿਆ ਅਤੇ ਵਿਕਾਸ ਦਾ ਲਾਭ ਪਹੁੰਚ ਸਕੇ। ਸਰਕਾਰ ਦਾ ਉਦੇਸ਼ ਪਿੰਡ ਅਤੇ ਸ਼ਹਿਰ ਦੇ ਹਰੇਕ ਬੱਚੇ ਨੂੰ ਗੁਣਵੱਤਾ ਭਰਪੂਰ ਅਤੇ ਆਧੁਨਿਕ ਸਿੱਖਿਆ ਉਪਲਬਧ ਕਰਵਾਉਣਾ ਹੈ। ਉਨ੍ਹਾਂ ਸਰਕਾਰੀ ਕਾਲਜਾਂ ਦੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅੱਜ ਸਰਕਾਰੀ ਸੰਸਥਾਵਾਂ ਦੇ ਵਿਦਿਆਰਥੀ ਹਰ ਖੇਤਰ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰ ਰਹੇ ਹਨ।

ਸ਼੍ਰੀ ਮਹੀਪਾਲ ਢਾਂਡਾ ਨੇ ਅਧਿਆਪਕ ਸਮੂਦਾਏ ਦੀ ਭੂਮਿਕਾ @ਤੇ ਚਾਨਣਾ ਪਾਉਂਦਿਆਂ ਕਿਹਾ ਕਿ ਮਾਤਾ-ਪਿਤਾ ਬੱਚਿਆਂ ਨੂੰ ਜਨਮ ਦਿੰਦੇ ਹਨ, ਪਰ ਅਧਿਆਪਕ ਉਨ੍ਹਾਂ ਨੂੰ ਮਹਾਨ ਬਣਾਉਂਦੇ ਹਨ। ਉਨ੍ਹਾਂ ਅਧਿਆਪਕਾਂ ਨੂੰ ਰਾਸ਼ਟਰ ਨਿਰਮਾਣ ਦਾ ਸਭ ਤੋਂ ਮਹੱਤਵਪੂਰਨ ਸਤੰਭ ਦੱਸਦਿਆਂ ਉਨ੍ਹਾਂ ਦੇ ਯੋਗਦਾਨ ਨੂੰ ਨਮਨ ਕੀਤਾ। ਉਨ੍ਹਾਂ ਵਿਸ਼ਵਵਿਆਪੀ ਪ੍ਰਸਥਿਤੀਆਂ, ਯੁੱਧ ਅਤੇ ਮਨੁੱਖਤਾ ਦੇ ਸਾਹਮਣੇ ਮੌਜੂਦ ਚੁਣੌਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਭਾਰਤ ਹਮੇਸ਼ਾ ਵਿਸ਼ਵ ਭਲਾਈ ਦੀ ਭਾਵਨਾ ਨਾਲ ਅੱਗੇ ਵਧਿਆ ਹੈ। ਭਾਰਤੀ ਸੱਭਿਆਚਾਰ, ਕੁਦਰਤ ਦੀ ਸੰਭਾਲ, ਜੀਵਾਂ ਪ੍ਰਤੀ ਸੰਵੇਦਨਸ਼ੀਲਤਾ ਅਤੇ ਵਿਸ਼ਵ ਦੀ ਭਲਾਈ ਦੀ ਭਾਵਨਾ ਹੀ ਭਾਰਤ ਦੀ ਸਭ ਤੋਂ ਵੱਡੀ ਪਛਾਣ ਹੈ। ਉਨ੍ਹਾਂ ਨੌਜਵਾਨਾਂ ਨੂੰ ਸੱਦਾ ਦਿੱਤਾ ਕਿ ਉਹ ਆਤਮ-ਨਿਰਭਰ ਭਾਰਤ ਅਤੇ 'ਲੋਕਲ ਫਾਰ ਵੋਕਲ' ਦੇ ਸੰਕਲਪ ਨੂੰ ਅੱਗੇ ਵਧਾਉਣ ਅਤੇ ਆਪਣੇ ਆਲੇ-ਦੁਆਲੇ ਦੀਆਂ ਚੁਣੌਤੀਆਂ ਨੂੰ ਸਮਝਦੇ ਹੋਏ ਸਮਾਜ ਅਤੇ ਰਾਸ਼ਟਰ ਦੇ ਵਿਕਾਸ ਵਿੱਚ ਯੋਗਦਾਨ ਪਾਉਣ।

ਸਿੱਖਿਆ ਮੰਤਰੀ ਨੇ ਕਾਲਜ ਕੈਂਪਸ ਦੇ ਵਿਕਾਸ ਲਈ ਕਾਲਜ ਪਰਿਸਰ ਦੀ ਖਸਤਾ ਹਾਲ ਸੜਕ ਦੇ ਨਿਰਮਾਣ ਲਈ 15 ਲੱਖ ਰੁਪਏ ਦੇਣ ਦਾ ਐਲਾਨ ਕੀਤਾ।

ਉਨ੍ਹਾਂ ਕਿਹਾ ਕਿ ਕਾਲਜ ਆਪਣੇ ਸ਼ਤਾਬਦੀ ਵਰ੍ਹੇ ਵੱਲ ਵਧ ਰਿਹਾ ਹੈ ਅਤੇ ਅਜਿਹੀ ਇਤਿਹਾਸਕ ਸੰਸਥਾ ਦੇ ਵਿਕਾਸ ਲਈ ਸਰਕਾਰ ਹਰ ਸੰਭਵ ਸਹਾਇਤਾ ਪ੍ਰਦਾਨ ਕਰੇਗੀ। ਉਨ੍ਹਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਸ਼੍ਰੀ ਮਨੋਹਰ ਲਾਲ ਵੱਲੋਂ ਕੀਤੇ ਗਏ ਐਲਾਨਾਂ ਦੀ ਸਮੀਖਿਆ ਕਰਕੇ ਉਨ੍ਹਾਂ ਨੂੰ ਪੂਰਾ ਕੀਤਾ ਜਾਵੇਗਾ। ਨਾਲ ਹੀ ਕਾਲਜ ਦੀ ਨਵੀਂ ਇਮਾਰਤ ਅਤੇ ਹੋਰ ਬੁਨਿਆਦੀ ਸਹੂਲਤਾਂ ਲਈ ਵਾਧੂ ਬਜਟ ਉਪਲਬਧ ਕਰਵਾਉਣ ਦਾ ਵੀ ਭਰੋਸਾ ਦਿੱਤਾ।

# ਅਧਿਕਾਰੀਆਂ ਵੱਲੋਂ ਮਰਦਮਸ਼ੁਮਾਰੀ ਦੇ ਕੰਮ ਦੀ ਸਮੀਖਿਆ

**ਜੀਂਦ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮਰਦਮਸ਼ੁਮਾਰੀ ਡਾਇਰੈਕਟਰ ਡਾ. ਲਲਿਤ ਜੈਨ ਨੇ ਭਾਰਤ ਸਰਕਾਰ ਵੱਲੋਂ ਚਲਾਏ ਜਾ ਰਹੇ 'ਹਮਾਰੀ ਜਨਗਣਨਾ-ਹਮਾਰਾ ਵਿਕਾਸ' ਦੇ ਪਹਿਲੇ ਪੜਾਅ ਦੀ ਮੁਹਿੰਮ ਤਹਿਤ ਕਰਵਾਈ ਜਾ ਰਹੀ ਜਨਗਣਨਾ ਦੇ ਕੰਮ ਦੀ ਸਮੀਖ਼ਿਆ ਕੀਤੀ।

ਉਨ੍ਹਾਂ ਨੇ ਦੱਸਿਆ ਕਿ ਸਰਕਾਰ ਦੁਆਰਾ ਸੰਚਾਲਿਤ ਮੁਹਿੰਮ ਦਾ ਮੁੱਖ ਮੰਤਵ ਨਾਗਰਿਕਾਂ ਨੂੰ ਆਪਣੀ ਵਿਅਕਤੀਗਤ ਅਤੇ ਪਰਿਵਾਰਕ ਜਾਣਕਾਰੀ ਸਵੈ-ਇੱਛਾ ਅਤੇ ਸਟੀਕ ਰੂਪ ਨਾਲ ਦਰਜ ਕਰਵਾਉਣ ਲਈ ਉਤਸ਼ਾਹਿਤ ਕਰਨਾ ਹੈ ਤਾਂ ਕਿ ਇੱਕ ਭਰੋਸੇਮੰਦ ਡਾਟਾਬੇਸ ਤਿਆਰ ਕੀਤਾ ਜਾ ਸਕੇ। ਇਹ ਡਾਟਾਬੇਸ ਸਰਕਾਰ ਦੀਆਂ ਵੰਨ-ਸੁਵੰਨੀਆਂ ਯੋਜਨਾਵਾਂ, ਨੀਤੀਆਂ ਅਤੇ ਵਿਕਾਸ ਪ੍ਰੋਗਰਾਮਾਂ ਨੂੰ ਲਾਗੂ ਕਰਨ ਵਿੱਚ ਪ੍ਰਭਾਵਸ਼ਾਲੀ ਸਹਾਇਕ ਸਿੱਧ ਹੋ ਸਕੇਗਾ।

ਉਨ੍ਹਾਂ ਨੇ ਕਿਹਾ ਕਿ ਕੰਮ ਨੂੰ ਪੂਰੀ ਪਾਰਦਰਸ਼ਤਾ ਅਤੇ ਸਪੱਸ਼ਟਤਾ ਨਾਲ ਮੁਕੰਮਲ ਕੀਤਾ ਜਾਵੇ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਜੇਕਰ ਕਿਸੇ ਕਰਮਚਾਰੀ ਦੀ ਕੋਈ ਗੱਲ ਸਮਝ ਵਿੱਚ ਨਹੀਂ ਆਉਂਦੀ ਤਾਂ ਉਹ ਬੇਝਿਜਕ ਹੋ ਕੇ ਪੁੱਛ ਸਕਦੇ ਹਨ।

ਸਮੀਖਿਆ ਬੈਠਕ ਦੌਰਾਨ ਜੈਨ ਨੇ ਜਨਗਣਨਾ ਦੀ ਪ੍ਰਗਤੀ, ਤਿਆਰੀਆਂ ਅਤੇ ਫੀਲਡ ਪੱਧਰ ਉੱਤੇ ਕੀਤੇ ਜਾ ਰਹੇ ਕੰਮਾਂ ਦਾ ਵਿਸਥਾਰ ਵਿੱਚ ਜਾਇਜ਼ਾ ਲਿਆ। ਇਸ ਮੌਕੇ ਐੱਸ ਡੀ ਐੱਮ ਸਤਿਆਵਾਨ ਸਿੰਘ ਮਾਨ, ਡੀ ਆਰ ਓ ਰਾਜ ਕੁਮਾਰ, ਡੀਵਿਜ਼ਨ ਇੰਚਾਰਜ ਰਾਧਾ ਰਮਨ,ਅਤੇ ਸਪੱਸ਼ਟਤਾ ਨਾਲ ਮੁਕੰਮਲ ਕੀਤਾ ਜਾਵੇ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਜੇਕਰ ਕਿਸੇ ਕਰਮਚਾਰੀ ਦੀ ਕੋਈ ਗੱਲ ਸਮਝ ਵਿੱਚ ਨਹੀਂ ਆਉਂਦੀ ਤਾਂ ਉਹ ਬੇਝਿਜਕ ਹੋ ਕੇ ਪੁੱਛ ਸਕਦੇ ਹਨ। ਸਮੀਖਿਆ ਬੈਠਕ ਦੌਰਾਨ ਜੈਨ ਨੇ ਜਨਗਣਨਾ ਦੀ ਪ੍ਰਗਤੀ, ਤਿਆਰੀਆਂ ਅਤੇ ਫੀਲਡ ਪੱਧਰ ਉੱਤੇ ਕੀਤੇ ਜਾ ਰਹੇ ਕੰਮਾਂ ਦਾ ਵਿਸਥਾਰ ਵਿੱਚ ਜਾਇਜ਼ਾ ਲਿਆ। ਇਸ ਮੌਕੇ ਐੱਸ ਜ਼ਿਲ੍ਹਾ ਅਧਿਕਾਰੀ ਸੁਖਬੀਰ ਸਿੰਘ ਤੇ ਹੋਰ ਹਾਜ਼ਰ ਸਨ।

# ਸਫ਼ਾਈ ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ ਦਾ ਹੱਲ ਕਰਵਾਉਣ ਦਾ ਕੀਤਾ ਜਾਵੇਗਾ ਯਤਨ : ਕ੍ਰਿਸ਼ਨ ਬੇਦੀ

**ਚੰਡੀਗੜ੍ਹ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰੀ ਸ਼੍ਰੀ ਕ੍ਰਿਸ਼ਨ ਕੁਮਾਰ ਬੇਦੀ ਨੇ ਕਿਹਾ ਹੈ ਕਿ ਸਫ਼ਾਈ ਕਰਮਚਾਰੀ ਸਵੱਛਤਾ ਦੇ ਰਾਖੇ ਹਨ ਅਤੇ ਸੂਬਾ ਸਰਕਾਰ ਨੂੰ ਆਪਣੇ ਇਨ੍ਹਾਂ ਸਫ਼ਾਈ ਯੋਧਿਆਂ @ਤੇ ਮਾਣ ਹੈ। ਉਨ੍ਹਾਂ ਦੀਆਂ ਸਾਰੀਆਂ ਜਾਇਜ਼ ਮੰਗਾਂ ਬਾਰੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨਾਲ ਮੁਲਾਕਾਤ ਕਰਕੇ ਜਲਦੀ ਹੀ ਹੱਲ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ।ਕੈਬਨਿਟ ਮੰਤਰੀ ਸ਼੍ਰੀ ਕ੍ਰਿਸ਼ਨ ਕੁਮਾਰ ਬੇਦੀ ਸ਼ੁੱਕਰਵਾਰ ਨੂੰ ਨਗਰ ਕੌਂਸਲ ਦਫ਼ਤਰ ਨਰਵਾਨਾ ਵਿਖੇ ਬੁਲਾਈ ਗਈ ਵਿਭਾਗੀ ਮੀਟਿੰਗ ਦੀ ਅਗਵਾਈ ਕਰ ਰਹੇ ਸਨ।



ਮੀਟਿੰਗ ਵਿੱਚ ਨਗਰ ਕੌਂਸਲ ਨਰਵਾਣਾ ਦੇ ਅਧੀਨ ਆਉਂਦੇ ਸ਼ਹਿਰ ਦੇ ਪ੍ਰਵਾਨਿਤ ਵਿਕਾਸ ਕਾਰਜਾਂ ਦਾ ਸਿਲਸਿਲੇਵਾਰ ਰਿਵਿਊ ਕੀਤਾ ਅਤੇ ਅਧਿਕਾਰੀਆਂ ਨੂੰ ਇਨ੍ਹਾਂ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਨਰਵਾਣਾ ਸ਼ਹਿਰ ਸੁੰਦਰ, ਸੁਰੱਖਿਅਤ ਅਤੇ ਵਿਕਸਿਤ ਬਣੇ, ਇਸ ਦੇ ਲਈ ਉਹ ਨਿਰੰਤਰ ਯਤਨਸ਼ੀਲ ਹਨ। ਉਨ੍ਹਾਂ ਕਿਹਾ ਕਿ ਨਰਵਾਣਾ ਸ਼ਹਿਰ ਦੇ ਮੁਕੰਮਲ ਵਿਕਾਸ ਲਈ ਵਿਕਾਸ ਕਾਰਜਾਂ ਦਾ ਰੋਡਮੈਪ ਤਿਆਰ ਕੀਤਾ ਜਾ ਚੁੱਕਾ ਹੈ। ਭਵਿੱਖ ਵਿੱਚ ਸਾਰੇ ਵਿਕਾਸ ਪ੍ਰੋਜੈਕਟਾਂ ਦੇ ਪੂਰੇ ਹੋਣ @ਤੇ ਸ਼ਹਿਰ ਤਰੱਕੀ ਦਾ ਨਵਾਂ ਸਫ਼ਰ ਤੈਅ ਕਰੇਗਾ। ਮੰਤਰੀ ਨੇ ਦੱਸਿਆ ਕਿ ਪਿਛਲੇ ਦਿਨੀਂ ਹਾਊਸ ਦੀ ਮੀਟਿੰਗ ਵਿੱਚ ਸ਼ਹਿਰ ਦੇ ਵਿਕਾਸ ਕਾਰਜਾਂ ਲਈ ਆਗਾਮੀ ਵਿੱਤੀ ਸਾਲ ਲਈ ਨਗਰ ਕੌਂਸਲ ਦਾ 46 ਕਰੋੜ 06 ਲੱਖ ਰੁਪਏ ਦਾ ਸਾਲਾਨਾ ਬਜਟ ਪਾਸ ਕੀਤਾ ਗਿਆ ਹੈ।

ਕੈਬਨਿਟ ਮੰਤਰੀ ਸ਼੍ਰੀ ਕ੍ਰਿਸ਼ਨ ਕੁਮਾਰ ਬੇਦੀ ਨੇ ਮੀਟਿੰਗ ਤੋਂ ਬਾਅਦ ਸਫ਼ਾਈ ਕਰਮਚਾਰੀ ਵਫ਼ਦ ਨਾਲ ਵੀ ਮੁਲਾਕਾਤ ਕੀਤੀ ਅਤੇ ਉਨ੍ਹਾਂ ਦਾ ਮੰਗ ਪੱਤਰ ਲਿਆ। ਉਨ੍ਹਾਂ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਸਾਰੀਆਂ ਜਾਇਜ਼ ਮੰਗਾਂ ਬਾਰੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨਾਲ ਮੁਲਾਕਾਤ ਕਰਕੇ ਜਲਦੀ ਹੀ ਹੱਲ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ।

ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਨੇ ਸਾਰੇ ਸਮਾਜਿਕ ਭੱਤੇ ਮਹੀਨੇ ਦੀ ਹਰ 10 ਤਾਰੀਖ ਨੂੰ ਲਾਭਕਾਰਾਂ ਤੱਕ ਪਹੁੰਚਾਉਣ ਦਾ ਵਾਅਦਾ ਕੀਤਾ ਹੋਇਆ ਹੈ, ਜਿਸ @ਤੇ ਖਰਾ ਉਤਰਦੇ ਹੋਏ ਉਨ੍ਹਾਂ ਨੇ ਸ਼ੁੱਕਰਵਾਰ ਯਾਨੀ ਇਸ ਮਹੀਨੇ ਦੀ 8 ਤਾਰੀਖ ਨੂੰ ਹੀ ਕਰੋੜਾਂ ਰੁਪਏ ਲਾਭਕਾਰਾਂ ਦੇ ਖਾਤਿਆਂ ਵਿੱਚ ਭੇਜ ਦਿੱਤੇ ਹਨ, ਜੋ ਕਿ ਸ਼ਲਾਘਾਯੋਗ ਹੈ।

# ਅੱਜ ਪੰਜਾਬ ਦੇ ਹਾਲਾਤ ਪੱਛਮੀ ਬੰਗਾਲ ਤੋਂ ਵੀ ਮਾੜੇ : ਨਾਇਬ ਸਿੰਘ ਸੈਣੀ

**ਚੰਡੀਗੜ੍ਹ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਅੱਜ ਵੱਖ-ਵੱਖ ਖੇਤਰਾਂ ਵਿੱਚ ਹਰਿਆਣਾ ਅਤੇ ਪੰਜਾਬ ਸਰਕਾਰ ਨਾਲ ਸਬੰਧਤ ਤੱਥਾਂ ਅਤੇ ਅੰਕੜਿਆਂ ਦੀ ਤੁਲਨਾ ਕਰਦਿਆਂ ਪੰਜਾਬ ਸਰਕਾਰ ਨੂੰ ਫੇਲ੍ਹ ਸਰਕਾਰ ਦੱਸਿਆ। ਉਨ੍ਹਾਂ ਕਿਹਾ ਕਿ ਪੰਜਾਬ ਦੇ ਹਾਲਾਤ ਤਾਂ ਅੱਜ ਪੱਛਮੀ ਬੰਗਾਲ ਤੋਂ ਵੀ ਮਾੜੇ ਹੋ ਗਏ ਹਨ।

ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਸ਼ੁੱਕਰਵਾਰ ਨੂੰ ਹਰਿਆਣਾ ਨਿਵਾਸ ਵਿੱਚ ਸਰਕਾਰ ਦੀਆਂ ਵੱਖ-ਵੱਖ ਯੋਜਨਾਵਾਂ ਦੇ ਲਾਭਕਾਰਾਂ ਦੇ ਖਾਤਿਆਂ ਵਿੱਚ ਲਾਭ ਰਾਸ਼ੀ ਦੇ ਸਿੱਧੇ ਟ੍ਰਾਂਸਫਰ ਤੋਂ ਬਾਅਦ ਪ੍ਰੈੱਸ ਕਾਨਫਰੰਸ ਨੂੰ ਸੰਬੋਧਿਤ ਕਰ ਰਹੇ ਸਨ।

ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪੱਛਮੀ ਬੰਗਾਲ ਵਿੱਚ ਮਮਤਾ ਬੈਨਰਜੀ ਦੇ ਸ਼ਾਸਨਕਾਲ ਵਿੱਚ ਆਮ ਜਨਤਾ ਉੱਤੇ ਅੱਤਿਆਚਾਰ ਹੁੰਦਾ ਸੀ, ਲੋਕਾਂ ਨੂੰ ਦਿਨ-ਦਿਹਾੜੇ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਸੀ ਅਤੇ ਪੁਲਿਸ ਵਿੱਚ ਐਫਆਈਆਰ ਤੱਕ ਦਰਜ ਨਹੀਂ ਹੁੰਦੀ ਸੀ। ਕੁਝ ਅਜਿਹੇ ਹੀ ਹਾਲਾਤ ਅੱਜ ਪੰਜਾਬ ਵਿੱਚ ਹੋ ਗਏ ਹਨ। ਪੰਜਾਬ ਵਿੱਚ ਨਸ਼ਾ ਅਤੇ ਕਾਨੂੰਨ ਵਿਵਸਥਾ ਸਰਕਾਰ ਦੇ ਕੰਟਰੋਲ ਤੋਂ ਬਾਹਰ ਹੈ। ਹਾਲ ਹੀ ਵਿੱਚ ਪੰਜਾਬ ਵਿੱਚ ਹੋਏ ਬੰਬ ਧਮਾਕਿਆਂ ਦੇ ਸਬੰਧ ਵਿੱਚ ਪੰਜਾਬ ਦੇ ਮੁੱਖ ਮੰਤਰੀ ਕਹਿ ਰਹੇ ਹਨ ਕਿ ਉਨ੍ਹਾਂ ਨੂੰ ਇਸ ਬਾਰੇ ਕੁਝ ਪਤਾ ਨਹੀਂ ਹੈ, ਜਦਕਿ ਉੱਥੋਂ ਦੇ ਡੀਜੀਪੀ ਅਨੁਸਾਰ ਇਸ ਦੇ ਤਾਰ ਆਈਐਸਆਈ ਨਾਲ ਜੁੜੇ ਹੋ ਸਕਦੇ ਹਨ। ਪੰਜਾਬ ਸਰਕਾਰ ਨਸ਼ੇ ਅਤੇ ਮਾਈਨਿੰਗ ਨੂੰ ਕੰਟਰੋਲ ਕਰਨ ਦਾ ਝੂਠਾ ਦਿਖਾਵਾ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਪਹਿਲਾਂ ਪੰਜਾਬ ਦੇ ਲੋਕ ਕਾਂਗਰਸ ਦੇ ਭ੍ਰਿਸ਼ਟਾਚਾਰ ਤੋਂ ਤੰਗ ਆ ਗਏ ਸਨ, ਪਰ ਮੌਜੂਦਾ ਪੰਜਾਬ ਸਰਕਾਰ ਤਾਂ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਕਾਂਗਰਸ ਤੋਂ ਵੀ ਚਾਰ ਕਦਮ ਅੱਗੇ ਨਿਕਲ ਗਈ ਹੈ। ਅੱਜ ਪੰਜਾਬ ਦੇ ਲੋਕ ਇਲਾਜ ਲਈ ਤੜਫ ਰਹੇ ਹਨ, ਆਮ ਆਦਮੀ ਪ੍ਰੇਸ਼ਾਨ ਹੋ ਰਿਹਾ ਹੈ। ਪੰਜਾਬ ਦੇ ਲੋਕ ਬਦਲਾਅ ਚਾਹੁੰਦੇ ਹਨ ਅਤੇ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਆਉਣ ਵਾਲੀਆਂ ਵਿਧਾਨਸਭਾ ਚੋਣਾਂ ਵਿੱਚ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਾਉਣ ਦਾ ਮਨ ਬਣਾ ਚੁੱਕੇ ਹਨ। ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਉੱਥੇ ਵੀ ਉਹੀ ਯੋਜਨਾਵਾਂ ਲਾਗੂ ਕੀਤੀਆਂ ਜਾਣਗੀਆਂ ਜੋ ਹਰਿਆਣਾ ਵਿੱਚ ਲਾਗੂ ਕੀਤੀਆਂ ਗਈਆਂ ਹਨ।

# ਮੁੱਖ ਮੰਤਰੀ ਨੇ 58 ਲੱਖ ਲਾਭਕਾਰਾਂ ਨੂੰ 2115 ਕਰੋੜ ਰੁਪਏ ਜਾਰੀ ਕੀਤੇ

**ਚੰਡੀਗੜ੍ਹ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਸੂਬੇ ਵਿੱਚ ਹਰਿਆਣਾ ਆਨਲਾਈਨ ਬਿਲਡਿੰਗ ਪਲਾਨ ਅਪਰੂਵਲ ਸਿਸਟਮ ਦੇ ਡਿਜੀਟਲ ਪਲੇਟਫਾਰਮ ਅਤੇ ਕਿਸਾਨਾਂ ਨੂੰ ਜੇ-ਫਾਰਮ ਵਟਸਐਪ @ਤੇ ਭੇਜੇ ਜਾਣ ਦੀ ਸ਼ੁਰੂਆਤ ਕਰ ਦਿੱਤੀ ਹੈ।

ਮੁੱਖ ਮੰਤਰੀ ਨੇ ਹਰਿਆਣਾ ਨਿਵਾਸ ਵਿਖੇ ਆਯੋਜਿਤ ਪ੍ਰੈੱਸ ਕਾਨਫਰੰਸ ਦੌਰਾਨ ਸੂਬੇ ਦੇ ਆਮ ਲੋਕਾਂ ਅਤੇ ਕਿਸਾਨਾਂ ਨੂੰ ਇਨ੍ਹਾਂ ਦੋ ਵੱਡੀਆਂ ਸੌਗਾਤਾਂ ਤੋਂ ਇਲਾਵਾ 24 ਵੱਖ-ਵੱਖ ਭਲਾਈ ਸਕੀਮਾਂ ਤਹਿਤ 2 ਹਜ਼ਾਰ 115 ਕਰੋੜ 41 ਲੱਖ ਰੁਪਏ ਦੀ ਰਾਸ਼ੀ ਸਿੱਧੀ ਲਾਭਕਾਰਾਂ ਦੇ ਖਾਤਿਆਂ ਵਿੱਚ ਜਾਰੀ ਕੀਤੀ। ਇਸ ਤਹਿਤ 58 ਲੱਖ 87 ਹਜ਼ਾਰ 479 ਯੋਗ ਲਾਭਕਾਰਾਂ ਨੂੰ ਲਾਭ ਮਿਲਿਆ ਹੈ।

ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਨੇ ਡੀਬੀਟੀ ਰਾਹੀਂ ਜਿਨ੍ਹਾਂ ਲਾਭਕਾਰਾਂ ਨੂੰ ਰਾਸ਼ੀ ਵੰਡੀ ਹੈ, ਉਨ੍ਹਾਂ ਵਿੱਚ @ਦੀਨ ਦਿਆਲ ਲਾਡੋ ਲੱਛਮੀ@ ਯੋਜਨਾ ਦੀ ਸੱਤਵੀਂ ਕਿਸ਼ਤ, @ਹਰ ਘਰ-ਹਰ ਗ੍ਰਹਿਣੀ@ ਯੋਜਨਾ ਤਹਿਤ ਜਾਰੀ ਹੋਣ ਵਾਲੀ ਸਬਸਿਡੀ ਰਾਸ਼ੀ, ਰਬੀ ਦੀ ਫਸਲ-2025 ਦਾ ਮੁਆਵਜ਼ਾ, ਭਾਵਾਂਤਰ ਭਰਪਾਈ ਯੋਜਨਾ ਦੀ ਰਾਸ਼ੀ ਤੋਂ ਇਲਾਵਾ ਸਮਾਜਿਕ ਸੁਰੱਖਿਆ ਨਾਲ ਜੁੜੀ ਪੈਨਸ਼ਨ ਰਾਸ਼ੀ ਸ਼ਾਮਲ ਹੈ।

ਮੁੱਖ ਮੰਤਰੀ ਨੇ ਕਿਹਾ ਕਿ @ਦੀਨ ਦਿਆਲ ਲਾਡੋ ਲੱਛਮੀ@ ਯੋਜਨਾ ਦੀ ਸੱਤਵੀਂ ਕਿਸ਼ਤ ਤਹਿਤ 9 ਲੱਖ 76 ਹਜ਼ਾਰ ਲਾਭਕਾਰ ਭੈਣਾਂ ਦੇ ਖਾਤਿਆਂ ਵਿੱਚ 205 ਕਰੋੜ ਰੁਪਏ ਦੀ ਰਾਸ਼ੀ ਪਾਈ ਗਈ ਹੈ। ਇਸ ਨੂੰ ਮਿਲਾ ਕੇ ਹੁਣ ਤੱਕ 7 ਕਿਸ਼ਤਾਂ ਵਿੱਚ 1 ਹਜ਼ਾਰ 415 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਜਾ ਚੁੱਕੀ ਹੈ।

ਉਨ੍ਹਾਂ ਕਿਹਾ ਕਿ ਅੱਜ 18 ਤਰ੍ਹਾਂ ਦੀਆਂ ਸਮਾਜਿਕ ਸੁਰੱਖਿਆ ਪੈਨਸ਼ਨ ਯੋਜਨਾਵਾਂ ਤਹਿਤ 1 ਹਜ਼ਾਰ 146 ਕਰੋੜ 73 ਲੱਖ ਰੁਪਏ ਦੀ ਰਾਸ਼ੀ ਸਿੱਧੀ 35 ਲੱਖ 62 ਹਜ਼ਾਰ ਲਾਭਕਾਰਾਂ ਦੇ ਖਾਤਿਆਂ ਵਿੱਚ ਪਾਈ ਗਈ ਹੈ। ਇਨ੍ਹਾਂ ਵਿੱਚ ਬੁਢਾਪਾ ਸਨਮਾਨ ਭੱਤਾ ਅਤੇ ਦਿਵਿਆਂਗਜਨ ਭੱਤਾ ਅਤੇ ਹੋਰ ਸਮਾਜਿਕ ਸੁਰੱਖਿਆ ਪੈਨਸ਼ਨ ਸ਼ਾਮਲ ਹਨ। ਮੁੱਖ ਮੰਤਰੀ ਨੇ ਕਿਹਾ ਕਿ ਡਬਲ ਇੰਜਣ ਸਰਕਾਰ ਨੇ ਵਿਵਸਥਾ ਪਰਿਵਰਤਨ ਕਰਦੇ ਹੋਏ 'ਪ੍ਰੋ-ਐਕਟਿਵ ਮਾਡਲ' ਨੂੰ ਅਪਣਾਇਆ ਹੈ। ਇਸ ਤਹਿਤ ਪਰਿਵਾਰ ਪਹਿਚਾਣ ਪੱਤਰ ਡਾਟਾਬੇਸ ਦੇ ਆਧਾਰ @ਤੇ ਯੋਗਤਾ ਆਪਣੇ ਆਪ ਨਿਰਧਾਰਤ ਹੁੰਦੀ ਹੈ ਅਤੇ ਯੋਗ ਨਾਗਰਿਕਾਂ ਨੂੰ ਦਫ਼ਤਰਾਂ ਦੇ ਚੱਕਰ ਕੱਟੇ ਬਿਨਾਂ, ਬਿਨਾਂ ਅਪਲਾਈ ਕੀਤੇ ਘਰ ਬੈਠੇ ਹੀ ਭੱਤੇ ਦਾ ਲਾਭ ਮਿਲ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਵਜ਼ੀਫ਼ਾ ਵੰਡ ਵੀ ਡੀਬੀਟੀ ਰਾਹੀਂ ਕੀਤੀ ਗਈ ਹੈ। ਸਰਕਾਰ ਨੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਅਨੁਸੂਚਿਤ ਜਾਤੀ ਦੇ 64 ਹਜ਼ਾਰ 923 ਵਿਦਿਆਰਥੀਆਂ ਨੂੰ ਵਜ਼ੀਫ਼ੇ ਵਜੋਂ 100 ਕਰੋੜ 45 ਲੱਖ ਰੁਪਏ ਦੀ ਰਾਸ਼ੀ ਜਾਰੀ ਕੀਤੀ ਹੈ। ਇਹ ਵਜ਼ੀਫ਼ਾ 2 ਲੱਖ 50 ਹਜ਼ਾਰ ਰੁਪਏ ਤੱਕ ਦੀ ਸਾਲਾਨਾ ਆਮਦਨ ਵਾਲੇ ਅਨੁਸੂਚਿਤ ਜਾਤੀ ਦੇ ਪਰਿਵਾਰਾਂ ਦੇ 11ਵੀਂ ਜਮਾਤ ਤੋਂ ਪੋਸਟ ਗ੍ਰੈਜੂਏਟ ਤੱਕ ਦੇ ਵਿਦਿਆਰਥੀਆਂ ਨੂੰ ਦਿੱਤਾ ਜਾਂਦਾ ਹੈ। ਵਜ਼ੀਫ਼ਾ ਨੈਸ਼ਨਲ ਸਕਾਲਰਸ਼ਿਪ ਪੋਰਟਲ ਰਾਹੀਂ ਰਜਿਸਟਰਡ ਯੋਗ ਵਿਦਿਆਰਥੀਆਂ ਨੂੰ ਜਾਰੀ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਵਜ਼ੀਫ਼ਾ ਰਾਸ਼ੀ ਵੰਡਣ ਦੀ ਪ੍ਰਕਿਰਿਆ ਵੱਖ-ਵੱਖ ਵਿਭਾਗੀ ਪੱਧਰਾਂ @ਤੇ ਅਧਾਰਿਤ ਸੀ, ਜਿਸ ਕਾਰਨ ਭੁਗਤਾਨ ਵਿੱਚ ਦੇਰੀ ਅਤੇ ਤਕਨੀਕੀ ਕਮੀਆਂ ਦਾ ਸਾਹਮਣਾ ਕਰਨਾ ਪੈਂਦਾ ਸੀ। ਇਸ ਲਈ ਸੂਬਾ ਸਰਕਾਰ ਨੇ ਓ.ਬੀ.ਸੀ., ਈ.ਬੀ.ਸੀ. ਅਤੇ ਡੀ.ਐਨ.ਟੀ. ਯੋਜਨਾਵਾਂ ਨੂੰ ਨੈਸ਼ਨਲ ਸਕਾਲਰਸ਼ਿਪ ਪੋਰਟਲ ਦੇ ਨਾਲ ਆਨ-ਬੋਰਡ ਕੀਤਾ ਹੈ। ਇਸ ਨਾਲ ਭੁਗਤਾਨ ਦੀ ਪ੍ਰਕਿਰਿਆ ਸਰਲ ਹੋਈ ਹੈ।



ਮੁੱਖ ਮੰਤਰੀ ਨੇ ਕਿਹਾ ਕਿ ਦਿਆਲੂ ਯੋਜਨਾ ਤਹਿਤ 5 ਹਜ਼ਾਰ 677 ਪਰਿਵਾਰਾਂ ਨੂੰ 215 ਕਰੋੜ 29 ਲੱਖ ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਗਈ ਹੈ। ਨਾਲ ਹੀ ਅੱਜ ਗੈਸ ਸਿਲੰਡਰ ਰੀਫਿਲ ਕਰਵਾਉਣ ਵਾਲੀਆਂ 11 ਲੱਖ 23 ਹਜ਼ਾਰ ਭੈਣਾਂ ਦੇ ਬੈਂਕ ਖਾਤਿਆਂ ਵਿੱਚ ਫਰਵਰੀ ਅਤੇ ਮਾਰਚ ਮਹੀਨੇ ਦੀ 38 ਕਰੋੜ 54 ਲੱਖ ਰੁਪਏ ਦੀ ਸਬਸਿਡੀ ਵੀ ਪਾਈ ਹੈ। ਇਸ ਯੋਜਨਾ ਵਿੱਚ ਯੋਗ ਮਹਿਲਾਵਾਂ ਨੂੰ ਹਰ ਮਹੀਨੇ 500 ਰੁਪਏ ਵਿੱਚ ਗੈਸ ਸਿਲੰਡਰ ਦਿੱਤਾ ਜਾ ਰਿਹਾ ਹੈ।

ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਬਾਰਿਸ਼ ਅਤੇ ਜਲ-ਭਰਾਵ ਕਾਰਨ ਖਰਾਬ ਹੋਈ ਖਰੀਫ਼ ਫਸਲ-2025 ਲਈ 1 ਲੱਖ 50 ਹਜ਼ਾਰ 583 ਕਿਸਾਨਾਂ ਨੂੰ 370 ਕਰੋੜ 52 ਲੱਖ ਰੁਪਏ ਦੀ ਮੁਆਵਜ਼ਾ ਰਾਸ਼ੀ ਜਾਰੀ ਕੀਤੀ ਹੈ। ਇਸ ਤਹਿਤ ਭਿਵਾਨੀ ਜ਼ਿਲ੍ਹੇ ਦੇ 29 ਹਜ਼ਾਰ 539 ਕਿਸਾਨਾਂ ਨੂੰ 66 ਕਰੋੜ 88 ਲੱਖ ਰੁਪਏ ਅਤੇ ਹਿਸਾਰ ਜ਼ਿਲ੍ਹੇ ਦੇ 25 ਹਜ਼ਾਰ 812 ਕਿਸਾਨਾਂ ਨੂੰ 64 ਕਰੋੜ 40 ਲੱਖ ਰੁਪਏ ਜਾਰੀ ਕੀਤੇ ਗਏ ਹਨ।

ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਕਿਸਾਨਾਂ ਨੂੰ 6 ਹਜ਼ਾਰ 272 ਕਰੋੜ ਰੁਪਏ ਦੀ ਮੁਆਵਜ਼ਾ ਰਾਸ਼ੀ ਜਾਰੀ ਕੀਤੀ ਜਾ ਚੁੱਕੀ ਹੈ। ਪਿਛਲੇ ਸਾਢੇ 11 ਸਾਲਾਂ ਵਿੱਚ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਤਹਿਤ ਕਿਸਾਨਾਂ ਨੂੰ ਫਸਲ ਖਰਾਬ ਹੋਣ @ਤੇ 9 ਹਜ਼ਾਰ 888 ਕਰੋੜ ਰੁਪਏ ਦੇ ਬੀਮਾ ਕਲੇਮ ਵੀ ਦਿੱਤੇ ਗਏ ਹਨ। ਅੱਜ ਦੀ ਰਾਸ਼ੀ ਨੂੰ ਮਿਲਾ ਕੇ ਸੂਬੇ ਵਿੱਚ ਪਿਛਲੇ ਸਾਢੇ 11 ਸਾਲਾਂ ਵਿੱਚ ਕਿਸਾਨਾਂ ਨੂੰ ਫਸਲ ਦੇ ਮੁਆਵਜ਼ੇ ਅਤੇ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਤਹਿਤ ਕੁੱਲ 16 ਹਜ਼ਾਰ 530 ਕਰੋੜ ਰੁਪਏ ਦੀ ਰਾਸ਼ੀ ਦਿੱਤੀ ਜਾ ਚੁੱਕੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਬੀਜੇਪੀ ਸਰਕਾਰ ਤੋਂ ਪਹਿਲਾਂ ਕਾਂਗਰਸ ਸਰਕਾਰ ਦੇ 10 ਸਾਲਾਂ ਦੇ ਸ਼ਾਸਨਕਾਲ ਵਿੱਚ ਸਿਰਫ਼ 1 ਹਜ਼ਾਰ 138 ਕਰੋੜ ਰੁਪਏ ਦੀ ਮੁਆਵਜ਼ਾ ਰਾਸ਼ੀ ਜਾਰੀ ਕੀਤੀ ਗਈ ਸੀ। ਇਹੀ ਨਹੀਂ, ਕਾਂਗਰਸ ਸਰਕਾਰ ਤਾਂ ਕਿਸਾਨਾਂ ਦੀ 269 ਕਰੋੜ ਰੁਪਏ ਦੀ ਮੁਆਵਜ਼ਾ ਰਾਸ਼ੀ ਬਕਾਇਆ ਛੱਡ ਕੇ ਚਲੀ ਗਈ ਸੀ। ਇਸ ਨੂੰ ਵੀ ਡਬਲ ਇੰਜਣ ਸਰਕਾਰ ਨੇ ਜਾਰੀ ਕਰਨ ਦਾ ਕੰਮ ਕੀਤਾ।

ਉਨ੍ਹਾਂ ਕਿਹਾ ਕਿ ਸਰਕਾਰ ਨੇ ਭਾਵਾਂਤਰ ਭਰਪਾਈ ਯੋਜਨਾ ਤਹਿਤ ਆਲੂ ਅਤੇ ਫੁੱਲਗੋਭੀ ਲਈ 5 ਹਜ਼ਾਰ 296 ਕਿਸਾਨਾਂ ਨੂੰ 38 ਕਰੋੜ 88 ਲੱਖ ਰੁਪਏ ਦੀ ਭਾਵਾਂਤਰ ਰਾਸ਼ੀ ਜਾਰੀ ਕੀਤੀ ਹੈ। ਇਹ ਰਾਸ਼ੀ ਪੰਜ ਜ਼ਿਲ੍ਹਿਆਂ-ਅੰਬਾਲਾ, ਕਰਨਾਲ, ਕੁਰੂਕਸ਼ੇਤਰ, ਯਮੁਨਾਨਗਰ ਅਤੇ ਪੰਚਕੂਲਾ ਦੇ ਸਬਜ਼ੀ ਉਤਪਾਦਕ ਕਿਸਾਨਾਂ ਨੂੰ ਜਾਰੀ ਕੀਤੀ ਗਈ ਹੈ। ਅੱਜ ਜਾਰੀ ਕੀਤੀ ਗਈ ਰਾਸ਼ੀ ਨੂੰ ਮਿਲਾ ਕੇ ਹੁਣ ਤੱਕ 39 ਹਜ਼ਾਰ 557 ਕਿਸਾਨਾਂ ਨੂੰ 196 ਕਰੋੜ 3 ਲੱਖ ਰੁਪਏ ਦੀ ਰਾਸ਼ੀ ਭਾਵਾਂਤਰ ਭਰਪਾਈ ਵਜੋਂ ਜਾਰੀ ਕੀਤੀ ਜਾ ਚੁੱਕੀ ਹੈ।

ਹਰਿਆਣਾ ਆਨਲਾਈਨ ਬਿਲਡਿੰਗ ਪਲਾਨ ਅਪਰੂਵਲ ਸਿਸਟਮ ਦੇ ਡਿਜੀਟਲ ਪਲੇਟਫਾਰਮ ਦੀ ਸ਼ੁਰੂਆਤ ਕੀਤੀ ਹੈ। ਹੁਣ ਇਸ ਪਲੇਟਫਾਰਮ ਤੋਂ ਆਮ ਨਾਗਰਿਕਾਂ ਨੂੰ ਘਰ ਬੈਠੇ ਹੀ ਪਲਾਟ ਅਤੇ ਨਿਰਮਾਣ ਨਾਲ ਜੁੜੀ ਮਨਜ਼ੂਰੀ ਬਿਨਾਂ ਕਿਸੇ ਦੇਰੀ ਦੇ ਆਸਾਨੀ ਨਾਲ ਮਿਲੇਗੀ। ਪਹਿਲੇ ਪੜਾਅ ਵਿੱਚ, ਪੁਰਾਣੀਆਂ ਨਗਰ ਪਾਲਿਕਾਵਾਂ ਜਾਂ ਕੋਰ ਖੇਤਰਾਂ ਵਿੱਚ ਪਲਾਨਡ ਰਿਹਾਇਸ਼ੀ ਪਲਾਟਾਂ ਦੀ ਆਨਲਾਈਨ ਮਨਜ਼ੂਰੀ ਸ਼ੁਰੂ ਕੀਤੀ ਜਾ ਰਹੀ ਹੈ। ਇਸ ਸਿਸਟਮ ਨਾਲ ਸਮੇਂ ਦੀ ਬਚਤ ਹੋਵੇਗੀ, ਭ੍ਰਿਸ਼ਟਾਚਾਰ @ਤੇ ਨੱਥ ਪਵੇਗੀ ਅਤੇ ਕੰਮ ਦੀ ਜਵਾਬਦੇਹੀ ਤੈਅ ਹੋਵੇਗੀ।

ਉਨ੍ਹਾਂ ਕਿਹਾ ਕਿ ਇਸ ਨਾਲ ਆਮ ਆਦਮੀ ਨੂੰ ਹੁਣ ਸਰਕਾਰੀ ਦਫ਼ਤਰਾਂ ਦੇ ਚੱਕਰ ਨਹੀਂ ਲਗਾਉਣੇ ਪੈਣਗੇ ਅਤੇ ਪੂਰੀ ਪ੍ਰਕਿਰਿਆ ਤੇਜ਼, ਪਾਰਦਰਸ਼ੀ ਅਤੇ ਸਰਲ ਬਣੇਗੀ। ਨਵਾਂ ਸਿਸਟਮ ਲਾਗੂ ਹੋਣ ਤੋਂ ਪਹਿਲਾਂ ਆਰਕੀਟੈਕਟਾਂ ਅਤੇ ਨਗਰ ਨਿਗਮ ਅਧਿਕਾਰੀਆਂ ਨੂੰ ਵਿਸ਼ੇਸ਼ ਸਿਖਲਾਈ ਦਿੱਤੀ ਜਾਵੇਗੀ, ਤਾਂ ਜੋ ਆਮ ਜਨਤਾ ਨੂੰ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਨਾ ਹੋਵੇ।ਉਨ੍ਹਾਂ ਕਿਹਾ ਕਿ ਅੱਜ ਜੇ-ਫਾਰਮ ਕਿਸਾਨਾਂ ਨੂੰ ਵਟਸਐਪ @ਤੇ ਭੇਜੇ ਗਏ ਹਨ, ਭਵਿੱਖ ਵਿੱਚ ਵੀ ਇੰਦਾਂ ਹੀ ਮਿਲਣਗੇ। ਸਰਕਾਰ ਨੇ 25 ਅਪ੍ਰੈਲ ਨੂੰ ਚਾਲੂ ਰਬੀ ਖਰੀਦ ਸੀਜ਼ਨ ਦੌਰਾਨ ਐਮ.ਐਸ.ਪੀ. @ਤੇ ਵੇਚੀ ਗਈ ਕਣਕ, ਸਰ੍ਹੋਂ ਅਤੇ ਛੋਲਿਆਂ ਦੀਆਂ ਫਸਲਾਂ ਦੇ ਜੇ-ਫਾਰਮ ਕਿਸਾਨ ਦੇ ਵਟਸਐਪ @ਤੇ ਭੇਜੇ ਜਾਣ ਦਾ ਐਲਾਨ ਕੀਤਾ ਸੀ। 6 ਮਈ ਤੱਕ 5 ਲੱਖ 78 ਹਜ਼ਾਰ ਕਿਸਾਨਾਂ ਵੱਲੋਂ ਆਪਣੀ ਉਪਜ ਮੰਡੀਆਂ ਵਿੱਚ ਵੇਚੀ ਗਈ। ਇਨ੍ਹਾਂ ਕਿਸਾਨਾਂ ਨੂੰ 13 ਲੱਖ 77 ਹਜ਼ਾਰ ਜੇ-ਫਾਰਮ ਜਾਰੀ ਕੀਤੇ ਗਏ ਹਨ। ਇਹ ਸਹੂਲਤ ਸੂਬੇ ਵਿੱਚ ਪਹਿਲੀ ਵਾਰ ਸ਼ੁਰੂ ਕੀਤੀ ਗਈ ਹੈ। ਹੁਣ ਕਿਸਾਨਾਂ ਨੂੰ ਆਪਣਾ ਜੇ-ਫਾਰਮ ਲੈਣ ਲਈ ਆੜ੍ਹਤੀਆਂ ਕੋਲ ਨਹੀਂ ਜਾਣਾ ਪਵੇਗਾ।

ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਰਕਾਰ ਨੇ ਕਣਕ ਦੀ ਖਰੀਦ ਲਈ ਮੰਡੀਆਂ ਵਿੱਚ ਵਿਆਪਕ ਪ੍ਰਬੰਧ ਕੀਤੇ ਹਨ। ਸੂਬੇ ਵਿੱਚ ਬੀਤੀ 1 ਅਪ੍ਰੈਲ ਤੋਂ 7 ਮਈ ਤੱਕ ਮੰਡੀਆਂ ਵਿੱਚ 84 ਲੱਖ 18 ਹਜ਼ਾਰ ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਹੈ। ਇਸ ਵਿੱਚੋਂ 83 ਲੱਖ 75 ਹਜ਼ਾਰ ਮੀਟ੍ਰਿਕ ਟਨ ਕਣਕ ਦੀ ਵਿਕਰੀ ਲਈ ਕਿਸਾਨਾਂ ਦਾ ਬਾਇਓਮੈਟ੍ਰਿਕ ਤਸਦੀਕ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਹੁਣ ਤੱਕ 82 ਲੱਖ 55 ਹਜ਼ਾਰ ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ।

ਇਸ ਦੌਰਾਨ ਮੁੱਖ ਮੰਤਰੀ ਦੇ ਵਧੀਕ ਮੁੱਖ ਸਕੱਤਰ ਅਤੇ ਮਾਲ ਅਤੇ ਆਪਦਾ ਪ੍ਰਬੰਧਨ ਅਤੇ ਸਮੇਕਨ ਵਿਭਾਗ ਦੀ ਵਿੱਤ ਕਮਿਸ਼ਨਰ ਡਾ. ਸੁਮਿਤਾ ਮਿਸ਼ਰਾ, ਅਨੁਸੂਚਿਤ ਜਾਤੀ ਅਤੇ ਪਿਛੜੀਆਂ ਸ਼੍ਰੇਣੀਆਂ ਭਲਾਈ ਅਤੇ ਅੰਤੋਂਦੇਯ (ਸੇਵਾ) ਵਿਭਾਗ ਦੀ ਵਧੀਕ ਮੁੱਖ ਸਕੱਤਰ ਸ਼੍ਰੀਮਤੀ ਜੀ. ਅਨੁਪਮਾ, ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਸ਼੍ਰੀ ਅਰੁਣ ਕੁਮਾਰ ਗੁਪਤਾ, ਸ਼ਹਿਰੀ ਵਿਕਾਸ ਅਥਾਰਿਟੀ ਵਿਭਾਗ ਪੰਚਕੂਲਾ ਦੇ ਕਮਿਸ਼ਨਰ ਅਤੇ ਸਕੱਤਰ ਅਸ਼ੋਕ ਕੁਮਾਰ ਮੀਣਾ, ਸੂਚਨਾ, ਜਨ ਸੰਪਰਕ ਅਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਨਰਲ ਸ਼੍ਰੀ ਕੇ.ਐਮ. ਪਾਂਡੁਰੰਗ, ਸ਼ਹਿਰੀ ਵਿਕਾਸ ਅਥਾਰਟੀ ਦੇ ਮੁੱਖ ਪ੍ਰਸ਼ਾਸਕ ਸ਼੍ਰੀ ਚੰਦਰਸ਼ੇਖਰ ਖਰੇ, ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਦੇ ਡਾਇਰੈਕਟਰ ਜਨਰਲ ਸ਼੍ਰੀ ਅੰਸ਼ਜ ਸਿੰਘ, ਸੂਚਨਾ, ਜਨ ਸੰਪਰਕ ਅਤੇ ਭਾਸ਼ਾ ਵਿਭਾਗ ਦੀ ਵਧੀਕ ਨਿਰਦੇਸ਼ਕ (ਪ੍ਰਸ਼ਾਸਕ) ਸ਼੍ਰੀਮਤੀ ਵਰਸ਼ਾ ਖਾਂਗਵਾਲ, ਮੁੱਖ ਮੰਤਰੀ ਦੇ ਮੀਡੀਆ ਸਕੱਤਰ ਸ਼੍ਰੀ ਪ੍ਰਵੀਨ ਆਤਰੇਅ ਵੀ ਮੌਜੂਦ ਰਹੇ।

# ਰਾਜ ਸਭਾ ਮੈਂਬਰ ਨੇ ਡਰੇਨਾਂ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਵਿਭਾਗਾਂ ਨੂੰ ਆਪਸੀ ਤਾਲਮੇਲ ਨਾਲ ਠੋਸ ਨੀਤੀ ਅਪਨਾਉਣ 'ਤੇ ਦਿੱਤਾ ਜ਼ੋਰ

**ਜਲੰਧਰ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜ ਸਭਾ ਮੈਂਬਰ ਅਤੇ ਪ੍ਰਸਿੱਧ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਅੱਜ ਕਾਲਾ ਸੰਘਿਆ ਤੇ ਜਮਸ਼ੇਰ ਡਰੇਨ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਸਾਰੇ ਵਿਭਾਗਾਂ ਨੂੰ ਆਪਸੀ ਤਾਲਮੇਲ ਨਾਲ ਠੋਸ ਨੀਤੀ ਅਪਨਾਉਣ 'ਤੇ ਜ਼ੋਰ ਦਿੱਤਾ।



ਡਰੇਨਾਂ ਨੂੰ ਪ੍ਰਦੂਸ਼ਣ ਮੁਕਤ ਬਣਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਸਬੰਧੀ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਰਾਜ ਸਭਾ ਮੈਂਬਰ ਸੰਤ ਸੀਚੇਵਾਲ ਨੇ ਨਗਰ ਨਿਗਮ ਜਲੰਧਰ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀ.ਪੀ.ਸੀ.ਬੀ.) ਅਤੇ ਸੀਵਰੇਜ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਡਰੇਨਾਂ ਵਿੱਚ ਵੇਸਟ ਦੇ ਸਿੱਧੇ ਪ੍ਰਵਾਹ ਨੂੰ ਰੋਕਣ ਲਈ ਬਿਹਤਰ ਆਪਸੀ ਤਾਲਮੇਲ ਨਾਲ ਕੰਮ ਕੀਤਾ ਜਾਵੇ, ਤਾਂ ਜੋ ਇਨ੍ਹਾਂ ਕੁਦਰਤੀ ਸਰੋਤਾਂ ਨੂੰ ਪ੍ਰਦੂਸ਼ਣ ਮੁਕਤ ਕਰਕੇ ਇਨ੍ਹਾਂ ਵਿੱਚ ਸਾਫ਼ ਪਾਣੀ ਵਗਣਾ ਯਕੀਨੀ ਬਣਾਇਆ ਜਾ ਸਕੇ।

ਇਸ ਮੌਕੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਅਤੇ ਕਮਿਸ਼ਨਰ ਨਗਰ ਨਿਗਮ ਸੰਦੀਪ ਰਿਸ਼ੀ ਵੀ ਮੌਜੂਦ ਸਨ।

ਸੰਤ ਸੀਚੇਵਾਲ ਨੇ ਕਿਹਾ ਕਿ ਕੁਦਰਤੀ ਸਰੋਤਾਂ ਨਾਲ ਖਿਲਵਾੜ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਡਰੇਨਾਂ ਨੂੰ ਪ੍ਰਦੂਸ਼ਿਤ ਕਰਦਾ ਪਾਏ ਜਾਣ 'ਤੇ ਜ਼ਿੰਮੇਵਾਰ ਖਿਲਾਫ਼ ਨਿਯਮਾਂ ਅਨੁਸਾਰ ਬਣਦੀ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਉਨ੍ਹਾਂ ਨੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਪਾਸੋਂ ਐਸ.ਟੀ.ਪੀਜ਼ ਦੀ ਨਿਯਮਿਤ ਚੈਕਿੰਗ ਅਤੇ ਸੈਂਪਲਿੰਗ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਸੀਵਰੇਜ ਟ੍ਰੀਟਮੈਂਟ ਪਲਾਂਟਾ ਦੇ ਸੰਚਾਲਨ 'ਤੇ ਨੇੜਿਓਂ ਨਜ਼ਰ ਰੱਖੀ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਇਨ੍ਹਾਂ ਦੇ ਸੰਚਾਲਨ ਦੌਰਾਨ ਵਾਤਾਵਰਣ ਨਿਯਮਾਂ ਦੀ ਪੂਰੀ ਤਰ੍ਹਾਂ ਪਾਲਣਾ ਹੋਵੇ।

ਰਾਜ ਸਭਾ ਮੈਂਬਰ ਨੇ ਕਾਲਾ ਸੰਘਿਆ ਡਰੇਨ ਵਿੱਚ ਸਾਫ਼ ਪਾਣੀ ਛੱਡੇ ਜਾਣ ਦਾ ਵੀ ਜਾਇਜ਼ਾ ਲਿਆ ਅਤੇ ਨਿਰਮਾਣ ਕਾਰਜਾਂ ਕਰਕੇ ਬੰਦ ਪਿਆ ਪਾਣੀ ਜਲਦ ਤੋਂ ਜਲਦ ਛੱਡਣ ਨੂੰ ਯਕੀਨੀ ਬਣਾਉਣ ਲਈ ਕਿਹਾ। ਇਸ ਦੌਰਾਨ ਉਨ੍ਹਾਂ ਜਮਸ਼ੇਰ ਵਿਖੇ ਸੀ.ਬੀ.ਜ਼ੀ. ਪਲਾਂਟ ਅਤੇ ਵਰਿਆਣਾ ਵਿਖੇ ਬਾਇਓ-ਮਾਈਨਿੰਗ ਪ੍ਰਾਜੈਕਟ ਦਾ ਵੀ ਜਾਇਜ਼ਾ ਲਿਆ।ਉਨ੍ਹਾਂ ਜਲੰਧਰ ਨਗਰ ਨਿਗਮ ਨੂੰ ਗਾਈਡਲਾਈਨਜ਼ ਅਨੁਸਾਰ ਪਾਣੀ ਦੀ ਸਪਲਾਈ ਕਰਨ ਦੀ ਹਦਾਇਤ ਕੀਤੀ ਕਿਉਂਕਿ ਪਾਣੀ ਦੀ ਜ਼ਿਆਦਾ ਸਪਲਾਈ ਐਸ.ਟੀ.ਪੀਜ਼. ਅਤੇ ਡਰੇਨ ਦੇ ਕੰਮਕਾਜ ਵਿੱਚ ਰੁਕਾਵਟ ਪਾ ਸਕਦੀ ਹੈ।

ਮੁੱਖ ਮੰਤਰੀ ਸ੍ਰ.ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਕੁਦਰਤੀ ਸਰੋਤਾਂ ਦੀ ਸੁਚੱਜੀ ਸੰਭਾਲ ਦੀ ਵਚਤਬੱਧਤਾ ਦੁਹਰਾਉਂਦਿਆਂ ਰਾਜ ਸਭਾ ਮੈਂਬਰ ਨੇ ਕਿਹਾ ਕਿ ਇਸ ਪ੍ਰਤੀ ਆਮ ਲੋਕਾਂ ਨੂੰ ਵੀ ਵੱਡੇ ਪੱਧਰ 'ਤੇ ਜਾਗਰੂਕ ਕੀਤਾ ਜਾਵੇ ਤਾਂ ਜੋ ਉਨ੍ਹਾਂ ਦੇ ਸਹਿਯੋਗ ਨਾਲ ਇਸ ਕੁਦਰਤੀ ਖਜ਼ਾਨੇ ਦੀ ਉਚਿਤ ਸੰਭਾਲ ਯਕੀਨੀ ਬਣਾਈ ਜਾ ਸਕੇ।

ਸੰਤ ਸੀਚੇਵਾਲ ਨੇ ਡਰੇਨਾਂ ਅਤੇ ਚਿੱਟੀ ਵੇਈਂ ਦੀ ਸਫਾਈ ਦੇ ਨਾਲ-ਨਾਲ ਬਰਸਾਤ ਦੇ ਸੀਜ਼ਨ ਤੋਂ ਪਹਿਲਾਂ ਗਿੱਦੜਪਿੰਡੀ ਰੇਲਵੇ ਪੁਲ ਹੇਠੋਂ ਮਿੱਟੀ ਕੱਢਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ।

ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਹ ਕੰਮ ਤਰਜੀਹ ਦੇ ਆਧਾਰ 'ਤੇ ਕਰਵਾਏ ਜਾਣ। ਉਨ੍ਹਾਂ ਨੈਸ਼ਨਲ ਹਾਈਵੇ ਕਾਲੀਆ ਕਲੋਨੀ ਨੇੜੇ ਪੁਲੀ ਦੇ ਸਥਾਈ ਹੱਲ ਤੱਕ ਡਰੇਨ ਦੇ ਕੰਢੇ ਉੱਚੇ ਕਰਨ ਦੇ ਨਿਰਦੇਸ਼ ਵੀ ਦਿੱਤੇ, ਤਾਂ ਜੋ ਬਰਸਾਤ ਦੌਰਾਨ ਲੋਕਾਂ ਨੂੰ ਪਾਣੀ ਦੀ ਨਿਕਾਸੀ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ।

ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਭਰੋਸਾ ਦਿਵਾਇਆ ਕਿ ਡਰੇਨਾ ਨੂੰ ਪੂਰੀ ਤਰ੍ਹਾਂ ਪ੍ਰਦੂਸ਼ਣ ਮੁਕਤ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਸਖ਼ਤ ਨਿਗਰਾਨੀ ਦੇ ਨਾਲ-ਨਾਲ ਕੁਦਰਤੀ ਸੋਮਿਆਂ ਨੂੰ ਪ੍ਰਦੂਸ਼ਿਤ ਕਰਨ ਦੇ ਜ਼ਿੰਮੇਵਾਰਾਂ ਖਿਲਾਫ਼ ਕਰੜੀ ਕਾਰਵਾਈ ਵੀ ਯਕੀਨੀ ਬਣਾਈ ਜਾਵੇਗੀ। ਉਨ੍ਹਾਂ ਵਿਭਾਗਾਂ ਨੂੰ ਡਰੇਨਾਂ ਨੂੰ ਪ੍ਰਦੂਸ਼ਿਤ ਹੋਣ ਤੋਂ ਰੋਕਣ ਲਈ ਆਪਸੀ ਤਾਲਮੇਲ ਵਾਲੀ ਪਹੁੰਚ ਅਪਣਾਉਣ ਦੀ ਹਦਾਇਤ ਕੀਤੀ ਅਤੇ ਨਾਲ ਹੀ ਇਹ ਵੀ ਕਿਹਾ ਕਿ ਇਸ ਕੰਮ ਵਿੱਚ ਕਿਸੇ ਕਿਸਮ ਦੀ ਊਣਤਾਈ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਕਮਿਸ਼ਨਰ ਨਗਰ ਨਿਗਮ ਨੇ ਜਾਣੂ ਕਰਵਾਇਆ ਕਿ ਵਰਿਆਣਾ ਵਿਖੇ 8 ਲੱਖ ਮੀਟ੍ਰਿਕ ਟਨ ਕੂੜੇ ਦੇ ਨਿਪਟਾਰੇ ਦਾ ਕੰਮ ਚੱਲ ਰਿਹਾ ਹੈ ਅਤੇ ਇਸ ਕੰਮ ਦੀ ਗਤੀ ਦੁੱਗਣੀ ਕਰਨ ਲਈ ਜਲਦ ਹੀ ਹੋਰ ਮਸ਼ੀਨਰੀ ਲਗਾਈ ਜਾ ਰਹੀ ਹੈ।

ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਦਿਵਿਆ ਪੀ., ਸਮੂਹ ਐਸ.ਡੀ.ਐਮਜ਼, ਡਰੇਨੇਜ਼, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਸੀਵਰੇਜ ਬੋਰਡ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਦੇ ਨਿਰਦੇਸ਼

**ਰਤੀਆ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ. ਵਿਵੇਕ ਭਾਰਤੀ ਨੇ ਕਿਹਾ ਕਿ 'ਸਮਾਧਾਨ ਕੈਂਪ' ਵਿੱਚ ਆਉਣ ਵਾਲੀਆਂ ਸ਼ਿਕਾਇਤਾਂ ਦਾ ਪਹਿਲ ਦੇ ਆਧਾਰ 'ਤੇਹੱਲ ਯਕੀਨੀ ਬਣਾਇਆ ਜਾ ਰਿਹਾ ਹੈ। ਆਮ ਲੋਕਾਂ ਦੀਆਂ ਸਰਕਾਰੀ ਅਤੇ ਨਿੱਜੀ ਸ਼ਿਕਾਇਤਾਂ ਦੇ ਹੱਲ ਦਾ ਕੇਂਦਰ ਬਿੰਦੂ ਸਮਾਧਾਨ ਕੈਂਪ ਬਣ ਰਹੇ ਹਨ। ਸਕੱਤਰੇਤ ਦੇ ਸਭਾ ਘਰ ਵਿੱਚ ਕਰਵਾਏ ਸਮਾਧਾਨ ਕੈਂਪ ਦੌਰਾਨ ਡੀ ਸੀ ਡਾ. ਭਾਰਤੀ ਨੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਸੁਣਿਆ ਅਤੇ ਸਬੰਧਤ ਅਧਿਕਾਰੀਆਂ ਨੂੰ ਮੌਕੇ 'ਤੇ ਹੀ ਤੁਰੰਤ ਹੱਲ ਕਰਨ ਦੇ ਹੁਕਮ ਦਿੱਤੇ।

ਡੀ ਸੀ ਨੇ ਕਿਹਾ ਕਿ ਸਮਾਧਾਨ ਕੈਂਪ ਦਾ ਮਕਸਦ ਲੋਕਾਂ ਦੀਆਂ ਸਮੱਸਿਆਵਾਂ ਦਾ ਪਹਿਲ ਦੇ ਆਧਾਰ 'ਤੇ ਨਿਪਟਾਰਾ ਕਰਨਾ ਹੈ, ਤਾਂ ਜੋ ਨਾਗਰਿਕਾਂ ਨੂੰ ਸਮੇਂ ਸਿਰ ਰਾਹਤ ਮਿਲ ਸਕੇ। ਉਨ੍ਹਾਂ ਨੇ ਕੈਂਪ ਵਿੱਚ ਆਈਆਂ ਸ਼ਿਕਾਇਤਾਂ ਦੀ ਸੁਣਵਾਈ ਕਰਦੇ ਹੋਏ ਲੋਕਾਂ ਨੂੰ ਰਾਹਤ ਪ੍ਰਦਾਨ ਕੀਤੀ।



ਡੀਸੀ ਨੇ ਅਧਿਕਾਰੀਆਂ ਨੂੰ ਹੁਕਮ ਦਿੰਦਿਆਂ ਕਿਹਾ ਕਿ ਐਸ ਐਮ ਜੀ ਟੀ ਪੋਰਟਲ 'ਤੇ ਪ੍ਰਾਪਤ ਹੋਣ ਵਾਲੀਆਂ ਸਾਰੀਆਂ ਸ਼ਿਕਾਇਤਾਂ ਦਾ ਨਿਰਧਾਰਤ ਸਮੇਂ ਵਿੱਚ ਨਿਪਟਾਰਾ ਕੀਤਾ ਜਾਵੇ।

ਉਨ੍ਹਾਂ ਨੇ ਵਿਭਾਗ ਵਾਰ ਸਮੀਖਿਆ ਕਰਦਿਆਂ ਕਿਹਾ ਕਿ ਸਾਰੇ ਅਧਿਕਾਰੀ ਪੋਰਟਲ 'ਤੇ ਆਈਆਂ ਸ਼ਿਕਾਇਤਾਂ ਨੂੰ ਤਰਜੀਹ ਨਾਲ ਲੈਣ ਅਤੇ ਉਨ੍ਹਾਂ ਦੇ ਹੱਲ ਤੋਂ ਬਾਅਦ ਤੁਰੰਤ ਏਟੀਆਰ ਅੱਪਲੋਡ ਕਰਨਾ ਯਕੀਨੀ ਬਣਾਉਣ। ਉਨ੍ਹਾਂ ਨੇ ਕਿਹਾ ਕਿ ਪਾਰਦਰਸ਼ਤਾ ਅਤੇ ਜਵਾਬਦੇਹੀ ਬਣਾਈ ਰੱਖਣ ਲਈ ਇਹ ਪ੍ਰਕਿਰਿਆ ਬਹੁਤ ਮਹੱਤਵਪੂਰਨ ਹੈ।

## ਸੰਪਾਦਕੀ

# ਉਚੇਰੀ ਸਿੱਖਿਆ ਦਾ ਸੰਕਟ

ਸਿੱਖਿਆ ਮਨੁੱਖ ਦੇ ਮਨ ਨੂੰ ਜਾਗਰੂਕ ਕਰਦੀ, ਸੋਚ ਨੂੰ ਗਹਿਰਾਈ ਦਿੰਦੀ ਅਤੇ ਜੀਵਨ ਵਿੱਚ ਨਵੇਂ ਮੌਕਿਆਂ ਦੇ ਰਾਹ ਖੋਲ੍ਹਦੀ ਹੈ। ਇਹ ਸਿਰਫ਼ ਜਾਣਕਾਰੀ ਨਹੀਂ, ਸਗੋਂ ਸਮਝ ਅਤੇ ਚੇਤਨਾ ਬਖ਼ਸ਼ਦੀ ਹੈ। ਇਸ ਪ੍ਰਸੰਗ ਵਿੱਚ ਸੰਵਿਧਾਨ ਦੇ ਨਿਰਦੇਸ਼ਕ ਸਿਧਾਂਤ ਅਤੇ ਕਲਿਆਣਕਾਰੀ ਰਾਜ ਦੀ ਧਾਰਨਾ ਸਪੱਸ਼ਟ ਕਰਦੇ ਹਨ ਕਿ ਚੁਣੀ ਹੋਈ ਸਰਕਾਰ ਉੱਤੇ ਹਰ ਨਾਗਰਿਕ ਲਈ ਸਿੱਖਿਆ ਤੱਕ ਸਮਾਨ ਪਹੁੰਚ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਹੈ। ਇਹ ਸਿਰਫ਼ ਨੀਤੀ ਨਹੀਂ, ਸਗੋਂ ਲੋਕਤੰਤਰ ਦੀ ਅਸਲ ਨੀਂਹ ਹੈ। ਹਕੀਕਤ ਇਸ ਦੇ ਉਲਟ ਹੈ। ਬੱਜਟ ਵਿੱਚ ਸਿੱਖਿਆ ਲਈ ਲਗਾਤਾਰ ਘਟਦੀ ਵਿੱਤੀ ਵੰਡ, ਸਰਕਾਰੀ ਯੂਨੀਵਰਸਿਟੀਆਂ ਵਿੱਚ ਵਧ ਰਹੀਆਂ ਫੀਸਾਂ ਅਤੇ ਸਕਾਲਰਸ਼ਿਪਾਂ ਤੇ ਫੈਲੋਸ਼ਿਪਾਂ ਵਿੱਚ ਕਟੌਤੀ ਇਸ ਗੱਲ ਨੂੰ ਸਾਫ਼ ਤੌਰ ’ਤੇ ਦਰਸਾਉਂਦੀਆਂ ਹਨ ਕਿ ਉੱਚ ਸਿੱਖਿਆ ਦੇ ਖੇਤਰ ਵਿੱਚ ਸਰਕਾਰ ਦੀ ਜਨਤਕ ਜ਼ਿੰਮੇਵਾਰੀ ਲਗਾਤਾਰ ਸਿਮਟ ਰਹੀ ਹੈ। ਕੇਂਦਰੀ ਬੱਜਟ ਵਿੱਚ ਸਿੱਖਿਆ ਲਈ ਲਗਾਤਾਰ ਘਟ ਰਹੀ ਰਾਸ਼ੀ ਇਸ ਤੋਂ ਪਿੱਛੇ ਹਟਣ ਦਾ ਪਹਿਲਾ ਸੰਕੇਤ ਹੈ। 2015 ਵਿੱਚ ਸਿੱਖਿਆ ਲਈ ਬੱਜਟ ਦਾ 3.88 ਫ਼ੀਸਦੀ ਰੱਖਿਆ ਗਿਆ, ਜਿਸ ਵਿੱਚੋਂ ਸਿਰਫ਼ 1.51 ਫ਼ੀਸਦੀ ਉਚੇਰੀ ਸਿੱਖਿਆ ਲਈ ਸੀ। ਸਮੇਂ ਦੇ ਨਾਲ ਇਹ ਹਿੱਸਾ ਘਟਦਾ ਗਿਆ ਅਤੇ 2024-25 ਦੇ ਬਜਟ ਵਿੱਚ ਇਹ ਲਗਪਗ 2.5 ਫ਼ੀਸਦੀ ਤੱਕ ਰਹਿ ਗਿਆ। ਇਸੇ ਤਰ੍ਹਾਂ ਜੀ ਡੀ ਪੀ ਦੇ ਹਿੱਸੇ ਵਜੋਂ ਸਿੱਖਿਆ ’ਤੇ ਖ਼ਰਚ ਪਿਛਲੇ ਸਾਲਾਂ ਵਿੱਚ ਸਿਰਫ਼ 0.50 ਫ਼ੀਸਦੀ ਤੋਂ 0.75 ਫ਼ੀਸਦੀ ਤੱਕ ਹੀ ਰਿਹਾ ਹੈ, ਜੋ ਕਿ ਕੌਮੀ ਸਿੱਖਿਆ ਨੀਤੀ ਅਤੇ ਪਹਿਲੀਆਂ ਕਮੇਟੀਆਂ ਦੁਆਰਾ ਸੁਝਾਏ ਗਏ 6 ਫ਼ੀਸਦੀ ਤੋਂ ਕਾਫ਼ੀ ਘੱਟ ਹੈ। ਪੰਜਾਬ ਦੇ ਬਜਟ ਵਿੱਚ 2015 ’ਚ ਸਿੱਖਿਆ ਲਈ ਬਜਟ ਦਾ 11.20 ਫ਼ੀਸਦੀ ਹਿੱਸਾ ਸੀ ਜਦੋਂਕਿ ਉੱਚ ਸਿੱਖਿਆ ਨੂੰ ਮਹਿਜ਼ 0.75 ਫ਼ੀਸਦੀ ਮਿਲਿਆ। 2020 ਵਿੱਚ ਇਸ ਵਿੱਚ ਤੇਜ਼ੀ ਨਾਲ ਗਿਰਾਵਟ ਆਈ, ਜਦੋਂ ਸਿੱਖਿਆ ਦਾ ਹਿੱਸਾ ਘਟ ਕੇ 8.06 ਫ਼ੀਸਦੀ ਰਹਿ ਗਿਆ ਅਤੇ ਉੱਚ ਸਿੱਖਿਆ ਦਾ ਹਿੱਸਾ ਹੋਰ ਘਟ ਕੇ 0.55 ਫ਼ੀਸਦੀ ਤੱਕ ਆ ਗਿਆ। ਹਾਲਾਂਕਿ 2025 ਵਿੱਚ ਸਿੱਖਿਆ ਲਈ ਵੰਡ ਮੁੜ ਵਧ ਕੇ ਕੁੱਲ ਰਾਜ ਖਰਚ ਦਾ 12.3 ਫ਼ੀਸਦੀ ਹੋ ਗਈ, ਪਰ ਉੱਚ ਸਿੱਖਿਆ ਦਾ ਹਿੱਸਾ ਸਿਰਫ਼ 0.25 ਫ਼ੀਸਦੀ ਤੱਕ ਸਿਮਟ ਗਿਆ। ਇਸ ਦੌਰਾਨ ਲਗਾਤਾਰ ਅਸਮਾਨਤਾ ਵੇਖੀ ਗਈ ਹੈ ਕਿਉਂਕਿ ਉੱਚ ਸਿੱਖਿਆ ਲਈ ਹਮੇਸ਼ਾ ਘੱਟ ਹਿੱਸਾ ਮਿਲਿਆ ਜਦੋਂਕਿ ਵੱਡਾ ਹਿੱਸਾ ਸਕੂਲੀ ਪੱਧਰ ਦੇ ਵਿਕਾਸ ਕਾਰਜਾਂ ਵੱਲ ਗਿਆ। ਇਹ ਗੱਲ ਸਪੱਸ਼ਟ ਕਰਦੀ ਹੈ ਕਿ ਭਾਰਤ ਵਿੱਚ ਉਚੇਰੀ ਸਿੱਖਿਆ ਖੇਤਰ ਹਾਲੇ ਤੱਕ ਕੇਂਦਰ ਸਰਕਾਰ ਅਤੇ ਰਾਜ ਸਰਕਾਰ ਦੀਆਂ ਮੁੱਖ ਤਰਜੀਹਾਂ ਵਿੱਚ ਸ਼ਾਮਿਲ ਨਹੀਂ ਹੋ ਸਕਿਆ। ਘਟਦੀਆਂ ਵਿੱਤੀ ਵੰਡਾਂ ਦਾ ਸਭ ਤੋਂ ਸਿੱਧਾ ਅਤੇ ਗੰਭੀਰ ਅਸਰ ਸਕਾਲਰਸ਼ਿਪਾਂ ਅਤੇ ਫੈਲੋਸ਼ਿਪਾਂ ਦੇ ਲਾਭਪਾਤਰੀਆਂ ਦੀ ਘਟਦੀ ਗਿਣਤੀ ਵਜੋਂ ਸਾਹਮਣੇ ਆਇਆ ਹੈ। ਕੇਂਦਰੀ ਬਜਟ 2025-26 ਵਿੱਚ ਅਨੁਸੂਚਿਤ ਜਨਜਾਤੀ ਦੇ ਵਿਦਿਆਰਥੀਆਂ ਲਈ ਕੌਮੀ ਫੈਲੋਸ਼ਿਪ ਅਤੇ ਸਕਾਲਰਸ਼ਿਪ ਯੋਜਨਾ ਨੂੰ ਲਗਪਗ ਖ਼ਤਮ ਕਰ ਦਿੱਤਾ ਗਿਆ ਕਿਉਂਕਿ ਇਸ ਦੀ ਵੰਡ 165 ਕਰੋੜ ਰੁਪਏ ਤੋਂ ਘਟਾ ਕੇ ਸਿਰਫ਼ 0.02 ਕਰੋੜ ਰੁਪਏ ਕਰ ਦਿੱਤੀ ਗਈ। ਇਹ ਤਕਰੀਬਨ 99.9 ਫ਼ੀਸਦੀ ਦੀ ਕਟੌਤੀ ਹੈ। ਇਸੇ ਰੁਝਾਨ ਅਨੁਸਾਰ, ਹੋਰ ਪੱਛੜੇ ਵਰਗਾਂ ਲਈ ਪੋਸਟ-ਮੈਟ੍ਰਿਕ ਸਕਾਲਰਸ਼ਿਪ ਅਤੇ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਕੌਮੀ ਫੈਲੋਸ਼ਿਪ ਵੰਡ ਵਿੱਚ ਵੀ ਕਮੀ ਕੀਤੀ ਗਈ ਹੈ। ਨਤੀਜੇ ਵਜੋਂ ਸਮਾਜ ਦੇ ਸਮਰੱਥ ਅਤੇ ਗ਼ਰੀਬ ਵਰਗਾਂ ਵਿਚਕਾਰ ਪਾੜਾ ਹੋਰ ਵੀ ਵਧ ਰਿਹਾ ਹੈ।ਇੱਕ ਅੰਗਰੇਜ਼ੀ ਅਖ਼ਬਾਰ ਵਿੱਚ ਛਾਪੀ ਗਈ ਰਿਪੋਰਟ ਅਨੁਸਾਰ, ਪਿਛਲੇ ਪੰਜ ਸਾਲਾਂ ਵਿੱਚ ਓ ਬੀ ਸੀ ਵਿਦਿਆਰਥੀਆਂ ਲਈ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਦੇ ਲਾਭਪਾਤਰੀਆਂ ਦੀ ਗਿਣਤੀ 77 ਫ਼ੀਸਦੀ ਘਟ ਗਈ ਹੈ। ਗਿਣਤੀ ਵਿੱਚ ਆਈ ਇਹ ਗਿਰਾਵਟ ਮਹਿਜ਼ ਚਾਰ ਸਾਲਾਂ ਵਿੱਚ 94 ਫ਼ੀਸਦੀ ਤੱਕ ਪਹੁੰਚ ਗਈ ਹੈ ਜਦੋਂਕਿ ਐੱਸ ਸੀ ਵਿਦਿਆਰਥੀਆਂ ਲਈ ਸਕਾਲਰਸ਼ਿਪਾਂ ਵਿੱਚ 57 ਫ਼ੀਸਦੀ ਦੀ ਕਮੀ ਦਰਜ ਕੀਤੀ ਗਈ ਹੈ। ਲਗਾਤਾਰ ਘਟਦੀ ਵਿੱਤੀ ਸਹਾਇਤਾ ਦਰਸਾਉਂਦੀ ਹੈ ਕਿ ਵਿਦਿਆਰਥੀ ਸਹਾਇਤਾ ਪ੍ਰਣਾਲੀ ਨੂੰ ਤਰਤੀਬਵਾਰ ਢੰਗ ਨਾਲ ਸੀਮਿਤ ਕੀਤਾ ਜਾ ਰਿਹਾ ਹੈ। ਇਹ ਰੁਝਾਨ ਨੀਤੀਘਾੜਿਆਂ ਅਤੇ ਸਿਆਸੀ ਅਗਵਾਈ ਦੀ ਸਾਂਝੀ ਨਾਕਾਮੀ ਨੂੰ ਬੇਨਕਾਬ ਕਰਦਾ ਹੈ, ਜਿੱਥੇ ਉੱਚ ਸਿੱਖਿਆ ਵਿੱਚ ਸਮਾਨਤਾ ਦੇ ਮੂਲ ਸਿਧਾਂਤ ਨੂੰ ਕਾਇਮ ਰੱਖਣ ਵਿੱਚ ਅਸਫਲਤਾ ਦਿਖਾਈ ਦਿੰਦੀ ਹੈ। ਸਕਾਲਰਸ਼ਿਪਾਂ ਨੂੰ ਮੰਗ-ਆਧਾਰਿਤ ਨਹੀਂ, ਸਗੋਂ ਫੰਡ-ਆਧਾਰਿਤ ਦੱਸਣ ਦੀ ਤਰਕਸ਼ੀਲਤਾ ਉਸ ਵੇਲੇ ਖੋਖਲੀ ਲੱਗਦੀ ਹੈ, ਜਦੋਂ ਉਪਲਬਧ ਫੰਡਾਂ ਦੀ ਵਰਤੋਂ ਨਾ ਹੋਣ ਦੇ ਮਾਮਲੇ ਸਾਹਮਣੇ ਆਉਂਦੇ ਹਨ।ਸੀ ਏ ਜੀ ਦੀ 2017-18 ਦੀ ਰਿਪੋਰਟ ਮੁਤਾਬਿਕ 2006-07 ਤੋਂ ਲੈ ਕੇ 94,036 ਕਰੋੜ ਰੁਪਏ ਦੀ ਰਕਮ ਸੈਕੰਡਰੀ ਅਤੇ ਹਾਇਰ ਐਜੂਕੇਸ਼ਨ ਸੈੱਸ ਵਜੋਂ ਇਕੱਠੀ ਕੀਤੀ ਗਈ, ਪਰ ਇਸ ਦਾ ਵੱਡਾ ਹਿੱਸਾ ਭਾਰਤ ਦੇ ਸੰਯੁਕਤ ਫੰਡ ਵਿੱਚ ਹੀ ਪਿਆ ਰਿਹਾ ਅਤੇ ਇਸ ਦਾ ਪੂਰਾ ਲਾਭ ਸਿੱਖਿਆ ਖੇਤਰ ਤੱਕ ਨਹੀਂ ਪਹੁੰਚਿਆ।

# ਪੰਜਵਾ ਦਿਨ:- ਜਲਾਲਾਬਾਦ ਵਾਸੀਆਂ ਲਈ ਇੱਕ ਹੋਰ ਖੁਸ਼ਖਬਰੀ

**ਫਾਜ਼ਿਲਕਾ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਇਕ ਜਲਾਲਾਬਾਦ ਸ੍ਰੀ. ਜਗਦੀਪ ਕੰਬੋਜ ਗੋਲਡੀ ਨੇ ਅੱਜ ਪੰਜਵੇਂ ਦਿਨ ਜਲਾਲਾਬਾਦ ਵਿਖੇ ਪੁਰਾਣਾ ਸਿਵਲ ਹਸਪਤਾਲ ਦੀ ਥਾਂ ਤੇ ਨਵਾਂ ਪ੍ਰਾਇਮਰੀ ਹੈਲਥ ਸੈਂਟਰ ਦਾ ਨੀਂਹ ਪੱਥਰ ਰੱਖਿਆ। ਉਨ੍ਹਾਂ ਕਿਹਾ ਕਿ ਇਸ ਨਵਾਂ ਪ੍ਰਾਇਮਰੀ ਹੈਲਥ ਸੈਂਟਰ ਬਣਨ ਨਾਲ ਇੱਥੋਂ ਦੇ ਵਸਨੀਕ ਆਪਣਾ ਇਲਾਜ ਕਰਵਾ ਸਕਣਗੇ।

ਵਿਧਾਇਕ ਗੋਲਡੀ ਕੰਬੋਜ ਨੇ ਜਲਾਲਾਬਾਦ ਵਾਸੀਆਂ ਨੂੰ ਵਧਾਈ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਲਗਾਤਾਰ ਵਿਕਾਸ ਕਾਰਜਾਂ ਲਈ ਫੰਡ ਜਾਰੀ ਕੀਤੇ ਜਾ ਰਹੇ ਹਨ ਤੇ ਅੱਜ ਦਾ ਦਿਨ ਜਲਾਲਾਬਾਦ ਵਾਸੀਆਂ ਲਈ ਖੁਸ਼ਖਬਰੀ ਦਾ ਦਿਨ ਹੈ ਜੋ ਪੰਜਾਬ ਸਰਕਾਰ ਵੱਲੋਂ ਪੁਰਾਣਾ ਸਿਵਲ ਹਸਪਤਾਲ ਦੀ ਥਾਂ ਤੇ ਨਵਾਂ ਪ੍ਰਾਇਮਰੀ ਹੈਲਥ ਸੈਂਟਰ ਮਨਜ਼ੂਰ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਇੱਥੇ ਪੁਰਾਣ ਸਿਵਲ ਹਸਪਤਾਲ 13-14 ਸਾਲਾਂ ਤੋਂ ਬੰਦ ਪਿਆ ਸੀ ਤੇ ਪਹਿਲੀਆਂ ਸਰਕਾਰਾਂ ਨੇ ਵੀ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ ਪਰ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸਰਕਾਰ ਬਣਦਿਆਂ ਸਾਰ ਹੀ ਸਿਹਤ ਸਹੂਲਤਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਤੇ ਪਿੰਡਾਂ ਵਿੱਚ ਆਮ ਆਦਮੀ ਕਲੀਨਕ ਬਣਾਏ ਤਾਂ ਜੋ ਲੋਕਾਂ ਨੂੰ ਆਪਣੇ ਪਿੰਡਾਂ ਵਿੱਚ ਸਾਰੀਆਂ ਸਿਹਤ ਸਹੂਲਤਾਂ ਮਿਲ ਸਕਣ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਰਕਾਰੀ ਹਸਪਤਾਲਾਂ ਦੀ ਨੁਹਾਰ ਬਦਲਣ ਦੇ ਨਾਲ-ਨਾਲ ਆਧੁਨਿਕ ਸਹੂਲਤਾਂ ਨਾਲ ਨਵੇਂ ਹਸਪਤਾਲਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ ਤਾਂ ਜੋ ਕਿਸੇ ਵੀ ਮਰੀਜ਼ ਨੂੰ ਇਲਾਜ ਕਰਵਾਉਣ ਲਈ ਮਹਿੰਗੇ ਪ੍ਰਾਈਵੇਟ ਹਸਪਤਾਲਾਂ ਅਤੇ ਦੂਸਰੇ ਸ਼ਹਿਰਾਂ ਵਿੱਚ ਨਾ ਜਾਣਾ ਪਵੇ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਇੱਕੋ ਇੱਕ ਮਨੋਰਥ ਪੰਜਾਬ ਨੂੰ ਰੰਗਲਾ ਤੇ ਸਿਹਤਮੰਦ ਬਣਾਉਣਾ ਹੈ ਤੇ ਇਸੇ ਤਹਿਤ ਹੀ ਜਿੱਥੇ ਸਰਕਾਰ ਸੂਬੇ ਨੂੰ ਨਸ਼ਾ ਮੁਕਤ ਕਰਨ ਵਿੱਚ ਲੱਗੀ ਹੋਈ ਹੈ ਉੱਥੇ ਹੀ ਸੂਬੇ ਦੇ ਲੋਕਾਂ ਨੂੰ ਸਿਹਤਮੰਦ ਬਣਾਉਣ ਲਈ ਨਵੇਂ ਹਸਪਤਾਲ ਆਧੁਨਿਕ ਤਕਨੀਕਾਂ ਨਾਲ ਲੈਸ ਕਰਕੇ ਬਣਵਾ ਰਹੀ ਹੈ ਤਾਂ ਜੋ ਲੋਕ ਮੁਫ਼ਤ ਵਿੱਚ ਆਪਣਾ ਇਲਾਜ ਕਰਵਾ ਸਕਣ।

# ਨਿਊ ਕੁੰਦਨਪੁਰੀ ਵਿੱਚ ਵਿਧਾਇਕ ਬੱਗਾ ਨੇ ਕੀਤਾ ਟਿਊਬਵੈੱਲ ਦਾ ਉਦਘਾਟਨ



**ਲੁਧਿਆਣਾ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮਹਾਨਗਰ ਲੁਧਿਆਣਾ ਦੇ ਵਿਧਾਨ ਸਭਾ ਉੱਤਰੀ ਦੇ ਵਾਰਡ-91 ਦੇ ਇਲਾਕੇ ਨਿਊ ਕੁੰਦਨਪੁਰੀ ਦੇ ਨਿਵਾਸੀਆਂ ਦੀ ਪਾਣੀ ਦੀ ਸਮੱਸਿਆ ਨੂੰ ਦੂਰ ਕਰਨ ਲਈ ਵਿਧਾਇਕ ਚੌਧਰੀ ਮਦਨ ਲਾਲ ਬੱਗਾ ਨੇ ਨਵੇਂ ਲੱਗੇ ਟਿਊਬਵੈੱਲ ਦਾ ਉਦਘਾਟਨ ਕੀਤਾ। ਇਸ ਮੌਕੇ ਕੌਂਸਲਰ ਤਜਿੰਦਰ ਕੌਰ ਰਾਜਾ ਅਤੇ ਆਪ ਆਗੂ ਤਜਿੰਦਰ ਸਿੰਘ ਰਾਜਾ ਵੀ ਮੌਜੂਦ ਸਨ। ਇਸ ਟਿਊਬਵੈੱਲ ਦੇ ਸ਼ੁਰੂ ਹੋਣ ਨਾਲ ਹੀ ਆਸ-ਪਾਸ ਦੇ ਸੈਂਕੜੇ ਪਰਿਵਾਰਾਂ ਦੇ ਘਰਾਂ ਤੱਕ ਸਾਫ ਸੁਥਰਾ ਪਾਣੀ ਪਹੁੰਚਣ ਲੱਗ ਪਿਆ। ਜਿਸ ਨਾਲ ਅੱਤ ਦੀ ਗਰਮੀ ਵਿੱਚ ਸਥਾਨਕ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ।

ਵਿਧਾਇਕ ਚੌਧਰੀ ਮਦਨ ਲਾਲ ਬੱਗਾ ਨੇ ‘ਹਰ ਘਰ ਤੱਕ ਸ਼ੁੱਧ ਜਲ ਯੋਜਨਾ’ ਦੇ ਤਹਿਤ ਮੰਗਲਵਾਰ ਨੂੰ ਸ਼ੁਰੂ ਹੋਏ ਟਿਊਬਵੈੱਲ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਮ ਆਦਮੀ ਪਾਰਟੀ ਸਰਕਾਰ ਦਾ ਮਕਸਦ ਵਿਧਾਨ ਸਭਾ ਉੱਤਰੀ ਦੇ ਆਖਰੀ ਕੋਨੇ ’ਚ ਬੈਠੇ ਹਰ ਨਾਗਰਿਕ ਤੱਕ ਮੁਢਲੀਆਂ ਸਹੂਲਤਾਂ ਪਹੁੰਚਾ ਕੇ ਸਮਾਜ ਪ੍ਰਤੀ ਆਪਣਾ ਫਰਜ ਨਿਭਾਉਣਾ ਹੈ।

ਇਸ ਦੌਰਾਨ ਉਨ੍ਹਾਂ ਹਲਕੇ ਦੀਆਂ ਸੜਕਾਂ, ਸੀਵਰੇਜ ਅਤੇ ਨਿਰਵਿਘਨ ਤੇ ਮੁਫ਼ਤ ਬਿਜਲੀ ਸੇਵਾਵਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਹਲਕੇ ਵਿੱਚ ਹਰ ਤਰ੍ਹਾਂ ਦੀ ਸਹੂਲਤ ਪਹੁੰਚਾਈ ਜਾ ਰਹੀ ਹੈ। ਭਵਿੱਖ ਦੀਆਂ ਯੋਜਨਾਵਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਸਥਾਨਕ ਲੋਕਾਂ ਦੀ ਮੰਗ ਅਨੁਸਾਰ ਵਿਕਾਸ ਕਾਰਜ ਸ਼ੁਰੂ ਕਰਵਾਏ ਜਾ ਰਹੇ ਹਨ।

ਇਸ ਮੌਕੇ ਤੇ ਕੌਂਸਲਰ ਤਜਿੰਦਰ ਕੌਰ ਰਾਜਾ ਅਤੇ ਤਜਿੰਦਰ ਸਿੰਘ ਰਾਜਾ ਨੇ ਵਿਧਾਇਕ ਬੱਗਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਯਤਨਾਂ ਨਾਲ ਨਿਊ ਕੁੰਦਨਪੁਰੀ ਵਿੱਚ ਨਵੇਂ ਟਿਊਬਵੈੱਲ ਦੇ ਸ਼ੁਰੂ ਹੋਣ ਨਾਲ ਸਥਾਨਕ ਲੋਕਾਂ ਨੂੰ ਕਾਫ਼ੀ ਰਾਹਤ ਮਿਲੇਗੀ। ਇਸ ਮੌਕੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ, ਬਲਾਕ ਅਤੇ ਵਾਰਡ ਪੱਧਰ ਦੇ ਅਹੁਦੇਦਾਰਾਂ ਸਮੇਤ ਸਥਾਨਕ ਨਿਵਾਸੀ ਹਾਜ਼ਰ ਸਨ।

# ਆਪ ਸਰਕਾਰ ਹਰ ਫਰੰਟ ਤੇ ਹੋਈ ਫੇਲ੍ਹ : ਡਾਕਟਰ ਅਮਰ ਸਿੰਘ



**ਮਾਛੀਵਾੜਾ ਸਾਹਿਬ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸੀ ਮੈਂਬਰ ਪਾਰਲੀਮੈਂਟ ਲੋਕ ਸਭਾ ਹਲਕਾ ਸ੍ਰੀ ਫਤਹਿਗੜ੍ਹ ਸਾਹਿਬ ਤੋਂ ਡਾ. ਅਮਰ ਸਿੰਘ ਵਲੋਂ ਮਾਛੀਵਾੜਾ ਬਲਾਕ ਦੇ ਪਿੰਡ ਭਰਥਲਾ ਵਿਖੇ ਨਵੇਂ ਬਣਨ ਜਾ ਰਹੇ ਸਟੇਡੀਅਮ ਅਤੇ ਜਿੰਮ ਦਾ ਨੀਂਹ ਪੱਥਰ ਰੱਖਿਆ।

ਪਿੰਡ ਭਰਥਲਾ ਦੀ ਪੰਚਾਇਤ ਦੇ ਯਤਨਾਂ ਸਦਕਾ ਬਣ ਰਹੇ ਖੇਡ ਸਟੇਡੀਅਮ ਦੇ ਨੀਂਹ ਪੱਥਰ ਤੋਂ ਪਰਦਾ ਹਟਾਉਂਦਿਆਂ ਐੱਮ.ਪੀ. ਅਮਰ ਸਿੰਘ ਨੇ ਕਿਹਾ ਕਿ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਇਹ ਸ਼ਲਾਘਾਯੋਗ ਉਪਰਾਲਾ ਹੈ।

ਉਨ੍ਹਾਂ ਕਿਹਾ ਕਿ ਪੰਚਾਇਤਾਂ ਪਾਰਟੀ ਪੱਧਰ ਤੋਂ ਉੱਪਰ ਉੱਠ ਕੇ ਆਪਣੇ ਪਿੰਡਾਂ ਵਿਚ ਖੇਡ ਸਟੇਡੀਅਮ, ਜਿੰਮ ਅਤੇ ਕੋਚਾਂ ਦਾ ਪ੍ਰਬੰਧ ਕਰਨ ਤਾਂ ਜੋ ਪੰਜਾਬ ਦੀ ਜਵਾਨੀ ਨੂੰ ਕੁਰਾਹੇ ਪੈਣ ਤੋਂ ਬਚਾਇਆ ਜਾ ਸਕੇ। ਇਸ ਮੌਕੇ ਉਨ੍ਹਾਂ ਨਾਲ ਮੌਜੂਦ ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਦੇ ਯਤਨਾਂ ਸਦਕਾ ਐੱਮ.ਪੀ. ਅਮਰ ਸਿੰਘ ਨੇ ਆਪਣੇ ਵਲੋਂ ਪਿੰਡ ਦੇ ਵਿਕਾਸ ਕਾਰਜਾਂ ਲਈ 3 ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਐਲਾਨ ਕੀਤਾ। ਰਾਜਾ ਗਿੱਲ ਨੇ ਕਿਹਾ ਕਿ ਕਾਂਗਰਸ ਸਰਕਾਰ ਆਉਣ ’ਤੇ ਪਿੰਡਾਂ ਦੀ ਨੁਹਾਰ ਬਦਲ ਦਿੱਤੀ ਜਾਵੇਗੀ ਅਤੇ ਕਿਸੇ ਪਿੰਡ ਨੂੰ ਗ੍ਰਾਂਟ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

ਕਿਉਂਕਿ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਵਿੱਚ ਬੁਰੀ ਤਰ੍ਹਾਂ ਫੇਲ੍ਹ ਸਾਬਿਤ ਹੋਈ ਹੈ ਹਰ ਵਰਗ ਅਤੇ ਹਰ ਵਿਭਾਗ ਦੇ ਕਰਮਚਾਰੀ ਵੀ ਇਹਨਾਂ ਤੋਂ ਦੁਖੀ ਹਨ। ਇਸ ਮੌਕੇ ਸਰਪੰਚ ਅਰੁਣ ਕੁਮਾਰ, ਅਜਮੇਰ ਸਿੰਘ ਪੂਰਬਾ, ਹਰਚੰਦ ਸਿੰਘ, ਗੁਰਮੁਖ ਸਿੰਘ ਆਦਿ ਵੀ ਮੌਜੂਦ ਸਨ।

# ਕੈਬਨਿਟ ਮੰਤਰੀ ਮੋਹਿੰਦਰ ਭਗਤ ਵੱਲੋਂ ਨਸ਼ਿਆਂ ਖਿਲਾ.ਫ ਜਾਗਰੂਕਤਾ ਵਾਹਨ ਰਵਾਨਾ

**ਜਲੰਧਰ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਰਕਾਰ ਦੀ ਨਸ਼ਾ ਵਿਰੋਧੀ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਤਹਿਤ ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਵੱਲੋਂ ਅੱਜ ਸਥਾਨਕ ਬਸਤੀ ਨੌ ਤੋਂ ਨਸ਼ਿਆਂ ਖਿਲਾਫ਼ ਜਾਗਰੂਕਤਾ ਵਾਹਨ ਨੂੰ ਰਵਾਨਾ ਕੀਤਾ ਗਿਆ।

ਇਸ ਮੌਕੇ ਸੰਬੋਧਨ ਦੌਰਾਨ ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ਼ ਵਿੱਢੀ ਮੁਹਿੰਮ ਤਹਿਤ ਨਸ਼ਾ ਮੁਕਤੀ ਮੋਰਚਾ ਵੱਲੋਂ ਇਸ ਜਾਗਰੂਕਤਾ ਵਾਹਨ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਰਾਹੀਂ ਦੋ ਦਿਨ ਵਿਧਾਨ ਸਭਾ ਹਲਕਾ ਪੱਛਮੀ ਦੇ ਹਰ ਵਾਰਡ ਵਿੱਚ ਪਹੁੰਚ ਕਰਕੇ ਲੋਕਾਂ ਨੂੰ ਨਸ਼ਿਆਂ ਦੀ ਲਾਹਣਤ ਖਿਲਾਫ਼ ਲਾਮਬੰਦ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨਸ਼ਿਆਂ ਨੂੰ ਜੜ੍ਹੋਂ ਖਤਮ ਕਰਨ ਲਈ ਦ੍ਰਿੜ ਸੰਕਲਪ ਹੈ ਅਤੇ ਇਸੇ ਵਚਨਬੱਧਤਾ ਤਹਿਤ ਨਸ਼ੇ ਦੇ ਕਾਰੋਬਾਰੀਆਂ ਖਿਲਾਫ਼ ਵੱਡੇ ਪੱਧਰ ’ਤੇ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਜਿਥੇ ਵੱਡੀ ਗਿਣਤੀ ਨਸ਼ਾ ਤਸਕਰਾਂ ਨੂੰ ਜ਼ੇਲ੍ਹਾਂ ਦੀਆਂ ਸਲਾਖਾਂ ਪਿੱਛੇ ਭੇਜਿਆ ਹੈ, ਉਥੇ ਨਸ਼ੇ ਦੀ ਦਲਦਲ ਵਿੱਚ ਫਸੇ ਨੌਜਵਾਨਾਂ ਦੇ ਮੁੜ ਵਸੇਬੇ ਲਈ ਵੱਡੇ ਪੱਧਰ ’ਤੇ ਉਪਰਾਲੇ ਕੀਤੇ ਹਨ।

ਸ਼੍ਰੀ ਭਗਤ ਨੇ ਕਿਹਾ ਕਿ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਪੰਜਾਬ ਸਰਕਾਰ ਵੱਲੋਂ ਚਲਾਈ ਮੁਹਿੰਮ ਲੋਕਾਂ ਦੇ ਸਹਿਯੋਗ ਨਾਲ ਲੋਕ ਲਹਿਰ ਬਣ ਰਹੀ ਹੈ ਅਤੇ ਇਸ ਅਲਾਮਤ ਦੇ ਖਾਤਮੇ ਲਈ ਲੋਕ ਖੁਦ ਅੱਗੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਨਸ਼ਾ ਇਕ ਸਮਾਜਿਕ ਬੁਰਾਈ ਹੈ, ਜਿਸ ਨੂੰ ਸਮਾਜ ਦੇ ਹਰੇਕ ਵਰਗ ਦੇ ਸਹਿਯੋਗ ਨਾਲ ਜੜ੍ਹੋਂ ਖ਼ਤਮ ਕੀਤਾ ਜਾਵੇਗਾ।

ਇਸ ਮੌਕੇ ਏ.ਸੀ.ਪੀ. ਜਲੰਧਰ ਵੈਸਟ ਆਤਿਸ਼ ਭਾਟੀਆ, ਨਾਇਬ ਤਹਿਸੀਲਦਾਰ ਗੁਰਸਿਮਰਨ ਸਿੰਘ, ਦੋਆਬਾ ਇੰਚਾਰਜ ਨਸ਼ਾ ਮੁਕਤੀ ਮੋਰਚਾ ਅਤੀਨ ਅਗਨੀਹੋਤਰੀ, ਸੰਜੀਵ ਭਗਤ, ਸੰਗਠਨ ਇੰਚਾਰਜ ਵੈਸਟ ਹਰਚਰਨ ਸਿੰਘ ਸੰਧੂ, ਕੌਂਸਲਰ ਹਰਜਿੰਦਰ ਲਾਡਾ, ਵਾਈਸ ਪ੍ਰਧਾਨ ਨਸ਼ਾ ਮੁਕਤੀ ਮੋਰਚਾ ਸ਼ੈਂਕੀ ਭਗਤ, ਚਾਹਤ ਕੌਰ, ਮੋਨੂੰ ਭਗਤ, ਕੁਲਦੀਪ ਭਗਤ, ਵਰੁਣ ਸੱਜਣ ਬਲਾਕ ਪ੍ਰਧਾਨ, ਜੈਰਥ ਕਾਕਾ ਅਤੇ ਇਲਾਕਾ ਵਾਸੀ ਵੀ ਮੌਜੂਦ ਸਨ।

# ਕਣਕ ਦਾ ਨਾੜ ਸਾੜਨ ਵਾਲੇ ਕਿਸਾਨਾਂ ਪ੍ਰਤੀ ਪ੍ਰਸ਼ਾਸ਼ਨ ਸਖ਼ਤ

**ਗੁਰਦਾਸਪੁਰ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੀਆਂ ਹਦਾਇਤਾਂ ਅਤੇ ਡਿਪਟੀ ਕਮਿਸ਼ਨਰ, ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅੱਜ ਤਹਿਸੀਲ ਡੇਰਾ ਬਾਬਾ ਨਾਨਕ ਦੇ ਉਪ ਮੰਡਲ ਮੈਜਿਸਟਰੇਟ ਅਦਿੱਤਿਆ ਸ਼ਰਮਾ ਵੱਲੋਂ ਆਪਣੀ ਟੀਮ ਲੈ ਕੇ ਇਲਾਕੇ ਦਾ ਦੌਰਾ ਕੀਤਾ। ਟੀਮ ਵਿੱਚ ਡੇਰਾ ਬਾਬਾ ਨਾਨਕ ਦੇ ਡੀਐੱਸਪੀ ਜੋਗਾ ਸਿੰਘ ਅਤੇ ਖੇਤੀਬਾੜੀ ਅਫ਼ਸਰ ਸੁਖਬੀਰ ਸਿੰਘ ਸੰਧੂ ਉਹਨਾਂ ਨਾਲ ਮੌਜੂਦ ਸਨ।

ਐੱਸ ਡੀ ਐਮ ਵਲੋਂ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਗਿਆ ਕਿ ਉਹ ਆਪਣੇ ਖੇਤਾਂ ਵਿਚਲਾ ਕਣਕ ਦਾ ਨਾੜ ਨਾ ਸਾੜਨ ਸਗੋਂ ਇਸ ਨੂੰ ਆਪਣੇ ਖੇਤਾਂ ਵਿੱਚ ਮਿਲਾ ਕੇ ਜਮੀਨ ਦੀ ਉਪਜਾਊ ਸ਼ਕਤੀ ਵਧਾਉਣ ਤਾਂ ਜੋ ਉਹਨਾਂ ਦੀ ਫ਼ਸਲ ਦੀ ਪੈਦਾਵਾਰ ਵਧੇ ਅਤੇ ਖਾਦਾਂ ਦਾ ਖ਼ਰਚਾ ਘਟੇ। ਨਾੜ ਸਾੜ ਕੇ ਜਿੱਥੇ ਕਿਸਾਨ ਆਪਣੀ ਜਮੀਨ ਦੀ ਸਿਹਤ ਵਿਗਾੜ ਰਹੇ ਹਨ, ਉਥੇ ਨਾਲ ਹੀ ਵਾਤਾਵਰਣ ਨੂੰ ਪ੍ਰਦੂਸ਼ਿਤ ਕਰ ਰਹੇ ਹਨ। ਇਹਨਾਂ ਦਿਨਾਂ ਵਿੱਚ ਤੇਜ ਹਵਾਵਾਂ ਚੱਲਣ ਕਾਰਨ ਇਹ ਅੱਗ ਬੇਕਾਬੂ ਹੋ ਕੇ ਜਾਨੀ ਮਾਲੀ ਨੁਕਸਾਨ ਵੀ ਕਰ ਸਕਦੀ ਹੈ। ਇਸ ਦੇ ਨਾਲ ਹੀ ਖੇਤਾਂ ਵਿਚਲੇ ਅਤੇ ਸੜਕਾਂ ਕੰਢੇ ਲੱਗੇ ਰੁੱਖ ਬੂਟੇ ਅਤੇ ਕਈ ਤਰ੍ਹਾਂ ਦੇ ਜੀਵ ਜੰਤੂ, ਪੰਛੀ ਅਤੇ ਜਾਨਵਰ ਇਸ ਅੱਗ ਦੀ ਲਪੇਟ ਵਿੱਚ ਆ ਕੇ ਝੁਲਸ ਜਾਂਦੇ ਹਨ।

ਉਹਨਾਂ ਨੇ ਦੱਸਿਆ ਕਿ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੀਆਂ ਹਦਾਇਤਾਂ ਅਨੁਸਾਰ ਖੇਤਾਂ ਵਿੱਚ ਕਣਕ ਦੇ ਨਾੜ ਨੂੰ ਅੱਗ ਲਗਾਉਣ ਵਾਲੇ ਕਿਸਾਨਾਂ ਦੇ ਚਲਾਨ ਕੱਟੇ ਜਾ ਰਹੇ ਹਨ ਅਤੇ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

# ਗਗਨਦੀਪ ਕਤਲ ਮਾਮਲੇ ਵਿੱਚ ਪੁਲਿਸ ਵੱਲੋਂ ਤਿੰਨ ਹੋਰ ਦੋਸ਼ੀ ਗ੍ਰਿਫਤਾਰ

**ਮਾਛੀਵਾੜਾ ਸਾਹਿਬ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਮਾਛੀਵਾੜਾ ਸਾਹਿਬ ਦੇ ਬਹੁਤ ਚਰਚਿਤ ਕਤਲ ਕੇਸ ਗਗਨਦੀਪ ਸਿੰਘ ਬਿੱਲਾ ਪਿੰਡ ਹੈਡੋ ਬੇਟ ਦੇ ਮਾਮਲੇ ਵਿੱਚ ਮਾਛੀਵਾੜਾ ਪੁਲਿਸ ਵੱਲੋਂ ਅਣਪਛਾਤਿਆਂ ਵਿੱਚੋਂ ਤਿੰਨ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਪ੍ਰਾਪਤ ਹੋਈ ਹੈ॥ ਡੀ.ਐਸ.ਪੀ. ਸਮਰਾਲਾ ਪ੍ਰਿਤਪਾਲ ਸਿੰਘ ਨੇ ਅੱਜ ਇਸ ਮਾਮਲੇ ਸਬੰਧੀ ਤਾਜ਼ਾ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮਾਮਲੇ ਵਿੱਚ 11 ਵਿਅਕਤੀਆਂ ਅਤੇ 10 ਤੋਂ 12 ਅਣਪਛਾਤੇ ਵਿਅਕਤੀਆਂ ਤੇ ਪਰਚਾ ਦਰਜ ਕੀਤਾ ਹੋਇਆ ਹੈ। ਜਿਸ ਵਿੱਚੋਂ ਚਾਰ ਦੋਸ਼ੀਆਂ ਨੂੰ ਪਹਿਲਾਂ ਗ੍ਰਿਫਤਾਰ ਕਰ ਲਿਆ ਗਿਆ ਸੀ ਜਦ ਕਿ ਬੀਤੇ ਦਿਨੀਂ ਪੰਜਵੇਂ ਦੋਸ਼ੀ ਕਾਬਲ ਉਰਫ ਪੰਨੂ ਵਾਸੀ ਮੁਗਲੇਵਾਲ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀਤੇ ਅਨ ਮਾਛੀਵਾੜਾ ਪੁਲਿਸ ਨੂੰ ਉਸ ਵੇਲੇ ਹੋਰ ਵੱਡੀ ਸਫਲਤਾ ਮਿਲੀ ਜਦੋਂ ਇਸ ਕੇਸ ਨਾਲ ਸੰਬੰਧਿਤ ਅਣਪਛਾਤੇ ਵਿਅਕਤੀਆਂ ਵਿੱਚੋਂ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਜਿਨ੍ਹਾਂ ਵਿੱਚ ਦਵਿੰਦਰ ਸਿੰਘ ਉਰਫ ਜਿੰਦਾ ਵਾਸੀ ਤੱਖਰਾਂ ,ਹਰਜੀਤ ਸਿੰਘ ਭੌਂਪੁਰ ਅਤੇ ਲਵਦੀਪ ਸਿੰਘ ਵਾਸੀ ਬੋਹਾਪੁਰ ਸ਼ਾਮਿਲ ਹਨ।

ਉਹਨਾਂ ਕਿਹਾ ਕਿ ਬਹੁਤ ਜਲਦ ਰਹਿੰਦੇ ਦੋਸ਼ੀਆਂ ਨੂੰ ਵੀ ਗ੍ਰਿਫਤਾਰ ਕਰ ਸਲਾਖਾਂ ਪਿੱਛੇ ਭੇਜ ਦਿੱਤਾ ਜਾਵੇਗਾ। ਇੱਥੇ ਇਹ ਵੀ ਦੱਸਣ ਯੋਗ ਹੈ ਕਿ ਵੱਖ-ਵੱਖ ਸਿੱਖ ਜਥੇਬੰਦੀਆਂ ਕਿਸਾਨ ਜਥੇਬੰਦੀਆਂ ਅਤੇ ਗਗਨਦੀਪ ਸਿੰਘ ਬਿੱਲਾ ਦੇ ਪਰਿਵਾਰਿਕ ਮੈਂਬਰਾਂ ਵੱਲੋਂ ਇਸ ਸ਼ਰਤ ਤੇ ਹੀ ਗਗਨਦੀਪ ਦਾ ਪੋਸਟਮਾਰਟਮ ਕਰਵਾ ਸੰਸਕਾਰ ਕਰ ਦਿੱਤਾ ਗਿਆ ਸੀ ਕਿ ਪੁਲਿਸ ਨੇ ਉਹਨਾਂ ਨੂੰ 15 ਤਰੀਕ ਤੱਕ ਸਾਰੇ ਮੁਲਜਮਾਂ ਨੂੰ ਗ੍ਰਿਫਤਾਰ ਕਰਨ ਦਾ ਭਰੋਸਾ ਦਿੱਤਾ ਹੈ। ਉਹਨਾਂ ਦੱਸਿਆ ਕਿ ਫੜੇ ਗਏ ਇਹਨਾਂ ਤਿੰਨਾਂ ਦੋਸ਼ੀਆਂ ਵਿੱਚੋਂ ਦਵਿੰਦਰ ਸਿੰਘ ਜਿੰਦਾ ਤੇ ਪਹਿਲਾਂ ਵੀ ਮਾਰਕਟਾਈ ਦੇ ਪਰਚੇ ਦਰਜ ਹਨ।

# ਜਾਗਰੂਕ ਸਰਕਾਰੀ ਅਧਿਕਾਰੀ ਤੇ ਕਰਮਚਾਰੀ ਡਿਜੀਟਲ ਜਨਗਣਨਾ-2027 ਮੁਹਿੰਮ ਵਿੱਚ ਨਿਭਾ ਰਹੇ ਅਹਿਮ ਭੂਮਿਕਾ

**ਮਲੇਰਕੋਟਲਾ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਡਿਜੀਟਲ ਜਨਗਣਨਾ-2027 ਤਹਿਤ ਚੱਲ ਰਹੀ ਸਵੈ-ਗਣਨਾ ਮੁਹਿੰਮ ਨੂੰ ਜ਼ਿਲ੍ਹਾ ਮਾਲੇਰਕੋਟਲਾ ਵਿੱਚ ਸਰਕਾਰੀ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਭਰਪੂਰ ਹੁੰਗਾਰਾ ਮਿਲ ਰਿਹਾ ਹੈ।

ਇਸੇ ਕੜੀ ਤਹਿਤ ਐਸ.ਡੀ.ਐਮ. ਅਹਿਮਦਗੜ੍ਹ ਦਫ਼ਤਰ ਦੇ ਕਰਮਚਾਰੀ ਜਤਿਨ ਕੁਮਾਰ (ਡੀ.ਪੀ.ਆਰ.ਓ ਦਫਤਰ ਵਿਖੇ ਤਾਇਨਾਤ) ਵੱਲੋਂ ਆਪਣੇ ਪਰਿਵਾਰ ਦੀ ਸਵੈ-ਗਣਨਾ ਆਨਲਾਈਨ ਪੋਰਟਲ ’ਤੇ ਸਫਲਤਾਪੂਰਵਕ ਪੂਰੀ ਕਰਕੇ ਹੋਰਨਾਂ ਲਈ ਪ੍ਰੇਰਣਾਦਾਇਕ ਮਿਸਾਲ ਪੇਸ਼ ਕੀਤੀ ਗਈ।

ਜਤਿਨ ਕੁਮਾਰ ਨੇ ਇਸ ਮੌਕੇ ਸਮੂਹ ਸਰਕਾਰੀ ਅਧਿਕਾਰੀਆਂ, ਕਰਮਚਾਰੀਆਂ ਅਤੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੀ ਡਿਜੀਟਲ ਜਨਗਣਨਾ ਮੁਹਿੰਮ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਅਤੇ ਆਪਣੇ ਪਰਿਵਾਰਾਂ ਦੀ ਜਾਣਕਾਰੀ ਖੁਦ ਆਨਲਾਈਨ ਦਰਜ ਕਰਨ। ਉਨ੍ਹਾਂ ਕਿਹਾ ਕਿ ਸਵੈ-ਗਣਨਾ ਪ੍ਰਕਿਰਿਆ ਨਾ ਸਿਰਫ਼ ਆਸਾਨ ਅਤੇ ਸੁਵਿਧਾਜਨਕ ਹੈ, ਸਗੋਂ ਇਸ ਨਾਲ ਗਿਣਤੀਕਾਰਾਂ ਦਾ ਕੀਮਤੀ ਸਮਾਂ ਅਤੇ ਮਿਹਨਤ ਵੀ ਬਚਦੀ ਹੈ। ਉਨ੍ਹਾਂ ਦੱਸਿਆ ਕਿ ਜਨਗਣਨਾ ਦੇ ਅੰਕੜੇ ਸਰਕਾਰ ਦੀਆਂ ਭਵਿੱਖੀ ਯੋਜਨਾਵਾਂ, ਸਮਾਜਿਕ ਭਲਾਈ ਸਕੀਮਾਂ ਅਤੇ ਵਿਕਾਸ ਨੀਤੀਆਂ ਦੀ ਬੁਨਿਆਦ ਹੁੰਦੇ ਹਨ। ਇਸ ਲਈ ਹਰ ਨਾਗਰਿਕ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸਹੀ ਅਤੇ ਸਟੀਕ ਜਾਣਕਾਰੀ ਦਰਜ ਕਰਕੇ ਦੇਸ਼ ਦੇ ਵਿਕਾਸ ਵਿੱਚ ਆਪਣਾ ਯੋਗਦਾਨ ਪਾਏ।

ਉਨ੍ਹਾਂ ਲੋਕਾਂ ਨੂੰ ਆਨਲਾਈਨ ਪੋਰਟਲ https://se.census.gov.in ਰਾਹੀਂ ਸਵੈ-ਗਣਨਾ ਕਰਨ ਲਈ ਉਤਸ਼ਾਹਿਤ ਕੀਤਾ ਅਤੇ ਕਿਹਾ ਕਿ ਜਾਗਰੂਕ ਨਾਗਰਿਕ ਹੀ ਮਜ਼ਬੂਤ ਅਤੇ ਵਿਕਸਿਤ ਭਾਰਤ ਦੀ ਨੀਂਹ ਹੁੰਦੇ ਹਨ

# ਮਾਸ਼ਾ ਅਲੀ ਦੀ ਆਵਾਜ਼ ਵਿੱਚ ਸੰਜੀਵ ਆਨੰਦ ਦਾ ਲਿਖਿਆ ਗੀਤ ਬਦਲ ਗਿਆ: ਖੂਬ ਚਰਚਾ ਵਿੱਚ

**ਮਾਛੀਵਾੜਾ ਸਾਹਿਬ, 10**
**-ਕੌਮੀ ਪੱਤ੍ਰਿਕਾ ਬਿਊਰੋ-**



ਮਾਛੀਵਾੜਾ ਸਾਹਿਬ ਦੀ ਧਰਤੀ ਦਾ ਮਾਣ ਸ਼ਕਤੀ ਅਨੰਦ ਪਰਿਵਾਰ ਦਾ ਅਨਮੋਲ ਹੀਰਾ ਸੰਸਾਰ ਪ੍ਰਸਿੱਧ ਗੀਤਕਾਰ ਸੰਜੀਵ ਆਨੰਦ ਆਪਣੀ ਲਿਖਤ ਨੂੰ ਲੈ ਕੇ ਇੱਕ ਵਾਰ ਫਿਰ ਖੂਬ ਸੁਰਖੀਆਂ ਬਟੋਰ ਰਿਹਾ ਹੈ। ਆਨੰਦ ਰਿਕਾਰਡਸ ਵੱਲੋਂ ਬੀਤੇ ਦਿਨੀ ਪੰਜਾਬੀ ਗਾਇਕ ਮਾਸ਼ਾ ਅਲੀ ਦੀ ਆਵਾਜ਼ ਅਤੇ ਸੰਜੀਵ ਆਨੰਦ ਦਾ ਲਿਖਿਆ ਗੀਤ *ਜਿਹਦੇ ਕਰਕੇ ਦੁਨੀਆਂ ਛੱਡੀ, ਉਹ ਦੁਨੀਆ ਕਰਕੇ ਬਦਲ ਗਿਆ* ਅੱਜ ਕੱਲ੍ਹ ਖੂਬ ਚਰਚਾ ਵਿੱਚ ਹੈ ।

ਜਤਿੰਦਰ ਜੀਤੂ ਦੇ ਦਿੱਤੇ ਮਿਊਜ਼ਿਕ , ਪ੍ਰੋਡਿਊਸਰ ਹਰਸ਼ਿਤ ਆਨੰਦ ਅਤੇ ਡਾਇਰੈਕਟਰ ਸਾਹਿਤ ਕੁਮਾਰ ਦੀ ਸਮੁੱਚੀ ਟੀਮ ਵੱਲੋਂ ਤਿਆਰ ਕੀਤਾ ਗਿਆ ਇਹ ਗੀਤ *ਬਦਲ ਗਿਆ* ਅੱਜ ਦੇ ਨੌਜਵਾਨਾਂ ਦੀ ਖੂਬ ਪਸੰਦ ਬਣ ਰਿਹਾ। ਪੰਜਾਬੀ ਗਾਇਕੀ ਦੇ ਬੋਰਡ ਬਾਬਾ ਗੁਰਦਾਸ ਮਾਨ ਤੋਂ ਲੈ ਕੇ ਅੱਜ ਦੇ ਨੌਜਵਾਨ ਗਾਇਕ ਮਾਸ਼ਾ ਅਲੀ ਤੱਕ ਸੈਂਕੜੇ ਹੀ ਗਾਇਕਾਂ ਨੇ ਸੰਜੀਵ ਆਨੰਦ ਲਿਖੇ ਹੋਏ ਗੀਤਾਂ ਨੂੰ ਪੰਜਾਬੀ ਸਾਹਿਤ ਦੀ ਝੋਲੀ ਪਾਇਆ। ਜਿਨਾਂ ਵਿੱਚ ਵੱਡੇ ਕਲਾਕਾਰ ਗੁਰਦਾਸ ਮਾਨ, ਸਰਦੂਲ ਸਿਕੰਦਰ ,ਗੁਰਬਖਸ਼ ਸ਼ੌਂਕੀ ,ਹੰਸਰਾਜ ਹੰਸ, ਵਡਾਲੀ ਬ੍ਰਦਰਜ਼ ,ਜਸਵੀਰ ਜੱਸੀ, ਦਲੇਰ ਮਹਿੰਦੀ ,ਮੀਕਾ ਸਿੰਘ, ਨਛੱਤਰ ਗਿੱਲ ,ਲਖਵਿੰਦਰ ਵਡਾਲੀ,ਸਤਵਿੰਦਰ ਬੁੱਗਾ ,ਕੁਲਵਿੰਦਰ ਕੈਲੀ ,ਮਾਸ਼ਾ ਅਲੀ, ਬਾਬਾ ਗੁਲਾਬ ਸਿੰਘ ਅਤੇ ਹੋਰ ਸੈਂਕੜੇ ਹੀ ਕਲਾਕਾਰ ਜਿਨਾਂ ਧਾਰਮਿਕ ਸ਼ਬਦ ਗੀਤ ਮਾਤਾ ਦੀਆਂ ਭੇਟਾਂ ਗਾਈਆਂ। ਪਿਛਲੇ ਦਿਨੀ ਬਾਬਾ ਗੁਲਾਬ ਸਿੰਘ ਦੀ ਮਿੱਠੀ ਆਵਾਜ਼ ਵਿੱਚ ਆਇਆ ਗੀਤ* ਖਰੀਆਂ ਕਮਾ ਲੈ ਜਾਂ ਕਮਾ ਲੈ ਖੋਟੀਆਂ , ਖਾਣੀਆਂ ਤਾਂ ਬੰਦਿਆ ਤੂੰ ਦੋ ਰੋਟੀਆਂ *ਖੂਬ ਪਸੰਦ ਕੀਤਾ ਗਿਆ ਜੋ ਹਰ ਇਨਸਾਨ ਦੀ ਜ਼ਿੰਦਗੀ ਨਾਲ ਮੇਲ ਖਾਂਦਾ ਖੂਬਸੂਰਤ ਗੀਤ ਹੈ। ਇਸ ਤੋਂ ਬਿਨਾਂ ਪਤਾ ਨਹੀਂ ਹੋਰ ਕਿੰਨੇ ਕੁ ਕਲਾਕਾਰ ਹਨ ਜਿਨਾਂ ਨੇ ਸੰਜੀਵ ਆਨੰਦ ਦੀ ਕਲਮ ਦੁਆਰਾ ਲਿਖੇ ਗੀਤਾਂ ਨੂੰ ਆਪਣੀ ਆਵਾਜ਼ ਦੇ ਕੇ ਸੰਗੀਤ ਪ੍ਰੇਮੀਆਂ ਦੇ ਕੰਨਾਂ ਤੱਕ ਪਹੁੰਚਾਇਆ। ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਸੰਸਾਰ ਪ੍ਰਸਿੱਧ ਗਾਇਕ ਦਲੇਰ ਮਹਿੰਦੀ ਦਾ ਤਕਰੀਬਨ ਹਰ ਤੀਜਾ ਹਿਟ ਗੀਤ ਸੰਜੀਵ ਆਨੰਦ ਦੀ ਕਲਮ ਦੁਆਰਾ ਲਿਖਿਆ ਹੋਇਆ ਹੈ, ਜਿਨਾਂ ਵਿੱਚੋਂ *ਹੋ ਗਈ ਤੇਰੀ ਬੱਲੇ ਬੱਲੇ, ਹੋ ਜਾਵੇਗੀ ਬੱਲੇ ਬੱਲੇ*, ਤੁਣਕ ਤੁਣਕ ਤੁਨ,* ਸਾਡੇ ਦਿਲ ਤੇ ਛੁਰੀਆਂ ਚਲਾਈਆਂ*, ਹਰ ਤਰਫ ਤੇਰਾ ਜਲਵਾ* ਆਦਿ ਮੁੱਖ ਹਨ। ਪੰਜਾਬੀ ਗਾਇਕੀ ਦੇ ਬਾਬਾ ਬੋਹੜ ਗੁਰਦਾਸ ਮਾਨ ਦੇ ਗੀਤ *ਤੇਰੀ ਆਉਣੀ ਜਾਣੀ ਉੱਚਿਆ ਚੁਬਾਰਿਆਂ ਦੇ ਨਾਲ* ਤੋਂ ਲੈ ਕੇ ਮਾਸ਼ਾ ਅਲੀ ਦਾ ਗੀਤ *ਬਦਲ ਗਿਆ* ਤੱਕ ਹਰ ਗੀਤ ਨੇ ਪੰਜਾਬੀ ਸੰਗੀਤ ਨੌਜਵਾਨਾਂ ,ਬਜ਼ੁਰਗਾਂ ਅਤੇ ਹਰ ਉਮਰ ਦੇ ਸੰਗੀਤ ਪ੍ਰੇਮੀਆਂ ਨੂੰ ਸਕੂਨ ਦਿੱਤਾ ਅਤੇ ਦੁਨੀਆਂ ਭਰ ਵਿੱਚ ਵਸਦੇ ਪੰਜਾਬੀਆਂ ਨੇ ਸੰਜੀਵ ਅਨੰਦ ਦੀ ਕਲਮ ਨੂੰ ਖੂਬ ਪਸੰਦ ਕੀਤਾ।

ਮਾਛੀਵਾੜਾ ਸਾਹਿਬ ਦੇ ਸਮੂਹ ਸਮਾਜ ਸੇਵੀ ਸੱਜਣਾਂ,ਪੱਤਰਕਾਰਾਂ ,ਰਾਜਨੀਤਿਕ ,ਧਾਰਮਿਕ ,ਸਮਾਜਿਕ ਜਥੇਬੰਦੀਆਂ ਵੱਲੋਂ ਸ਼ਕਤੀ ਅਨੰਦ ਪਰਿਵਾਰ ਨੂੰ ਸੰਜੀਵ ਅਨੰਦ ਦੀ ਅਪਾਰ ਸਫਲਤਾ ਤੇ ਵਧਾਈਆਂ ਦਿੱਤੀਆਂ ਗਈਆਂ।

# ਖੇਤੀਬਾੜੀ ਵਿਭਾਗ ਨੇ ਪਿੰਡ ਢੰਡ ਵਿਖੇ ਲਗਾਇਆ ਕਿਸਾਨ ਸਿਖਲਾਈ ਕੈਂਪ

**ਤਰਨਤਾਰਨ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਦੀ ਰਹਿਨੁਮਾਈ ਅਤੇ ਮੁੱਖ ਖੇਤੀਬਾੜੀ ਅਫਸਰ ਡਾ. ਤੇਜਬੀਰ ਸਿੰਘ ਭੰਗੂ ਦੀ ਅਗਵਾਈ ਹੇਠ ਕਰਾਪ ਰੈਜੀਡਿਊ ਮੈਨੇਜਮੈਂਟ ਸਕੀਮ ਅਧੀਨ ਬਲਾਕ ਗੰਡੀਵਿੰਡ ਦੇ ਪਿੰਡ ਢੰਡ ਵਿਖੇ ਕਿਸਾਨ ਟ੍ਰੇਨਿੰਗ ਕੈਂਪ ਲਗਾਇਆ ਗਿਆ। ਇਸ ਵਿੱਚ ਕ੍ਰਿਸ਼ੀ ਵਿਗਿਆਨ ਕੇਂਦਰ ਬੂਹ ਤੋਂ ਡਾ. ਨਵਜੋਤ ਸਿੰਘ ਬਰਾੜ ਨੇ ਝੋਨੇ/ਬਾਸਮਤੀ ਅਤੇ ਮੱਕੀ ਤੋਂ ਮਿਆਰੀ ਅਤੇ ਵੱਧ ਝਾੜ ਲੈਣ ਲਈ ਕਿਸਮਾਂ, ਬਿਜਾਈ, ਖ਼ਾਦਾਂ ਆਦਿ ਸਬੰਧੀ ਤਕਨੀਕੀ ਜਾਣਕਾਰੀ ਦਿੱਤੀ। ਡਾ. ਸਾਹਿਲ ਨੇ ਮੱਛੀ ਪਾਲਣ ਅਤੇ ਡੇਅਰੀ ਫਾਰਮਿੰਗ ਸਬੰਧੀ ਜਾਣਕਾਰੀ ਦਿੱਤੀ।

ਪਸ਼ੂ ਪਾਲਣ ਵਿਭਾਗ ਤੋਂ ਆਏ ਡਾ. ਨਰਿਪਜੀਤ ਕੌਰ ਅਤੇ ਇੰਦੂ ਬਾਲਾ ਨੇ ਪਸ਼ੂ ਪਾਲਣ ਵਿਭਾਗ ਅੰਦਰ ਚੱਲ ਰਹੀਆਂ ਵੱਖ-ਵੱਖ ਸਕੀਮਾਂ ਬਾਰੇ ਕਿਸਾਨਾਂ ਨੂੰ ਜਾਣਕਾਰੀ ਦਿੱਤੀ ਅਤੇ ਪਸ਼ੂਆਂ ਨੂੰ ਗਰਮੀ ਤੋਂ ਬਚਾਉਣ ਲਈ ਕਿਸਾਨਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਬਾਗਬਾਨੀ ਵਿਭਾਗ ਤੋਂ ਬਾਗਬਾਨੀ ਵਿਕਾਸ ਅਫ਼ਸਰ ਡਾ. ਬਿਕਰਮਜੀਤ ਸਿੰਘ ਨੇ ਬਾਗਬਾਨੀ ਵਿਭਾਗ ਅੰਦਰ ਚੱਲ ਰਹੀਆਂ ਵੱਖ-ਵੱਖ ਸਕੀਮਾਂ ਅਤੇ ਸਬਸਿਡੀਆਂ ਬਾਰੇ ਜਾਣਕਾਰੀ ਦਿੱਤੀ ਅਤੇ ਕਿਸਾਨਾਂ ਨੂੰ ਵਰਮੀ ਕੰਪੋਸਟ ਅਤੇ ਮੱਖੀ ਪਾਲਣ ਨੂੰ ਸਹਾਇਕ ਧੰਦੇ ਵਜੋਂ ਅਪਣਾਉਣ ਲਈ ਅਪੀਲ ਕੀਤੀ ਤਾਂ ਜੋ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕੀਤਾ ਜਾ ਸਕੇ। ਬੀ ਟੀ ਐਮ ਜਤਿਨ ਪਾਲ ਵੱਲੋਂ ਖੇਤੀਬਾੜੀ ਵਿਭਾਗ ਅੰਦਰ ਚੱਲ ਰਹੀ ਆਤਮਾ ਸਕੀਮ ਦੀਆਂ ਗਤੀਵਿਧੀਆਂ ਬਾਰੇ ਕਿਸਾਨਾਂ ਨੂੰ ਜਾਣਕਾਰੀ ਦਿੱਤੀ ਗਈ। ਇਸ ਕਿਸਾਨ ਸਿਖਲਾਈ ਕੈਂਪ ਵਿੱਚ ਸਰਕਲ ਇੰਚਾਰਜ ਖੇਤੀਬਾੜੀ ਵਿਸਥਾਰ ਅਫ਼ਸਰ ਗੁਰਮੀਤ ਸਿੰਘ ਵੱਲੋਂ ਕਿਸਾਨਾਂ ਨੂੰ ਆਪਣੀ-ਆਪਣੀ ਫਾਰਮਰ ਆਈ.ਡੀ ਬਣਾਉਣ ਦੀ ਅਪੀਲ ਕੀਤੀ ਗਈ ਤਾਂ ਕਿ ਸਰਕਾਰ ਵੱਲੋਂ ਮਿਲ ਰਹੀਆਂ ਸਹੂਲਤਾਂ ਵਿੱਚ ਕੋਈ ਮੁਸ਼ਕਿਲ ਨਾ ਆਵੇ। ਬਲਾਕ ਖੇਤੀਬਾੜੀ ਅਫ਼ਸਰ ਗੰਡੀਵਿੰਡ ਗੁਰਿੰਦਰਜੀਤ ਸਿੰਘ ਨੇ ਮਹਿਕਮੇ ਦੇ ਅੰਦਰ ਚੱਲ ਰਹੀਆਂ ਵੱਖ-ਵੱਖ ਸਕੀਮਾਂ ਬਾਰੇ ਕਿਸਾਨਾਂ ਨੂੰ ਜਾਣਕਾਰੀ ਦਿੱਤੀ। ਖੇਤੀਬਾੜੀ ਅਫਸਰ ਵੱਲੋਂ ਕਿਸਾਨਾਂ ਨੂੰ ਸਿੱਧੀ ਬਿਜਾਈ ਹੇਠ ਆਪਣਾ ਰਕਬਾ ਵਧਾਉਣ ਦੀ ਅਪੀਲ ਕੀਤੀ ਗਈ ਅਤੇ ਸਰਕਾਰ ਵੱਲੋਂ ਦਿੱਤੀ ਜਾ ਰਹੀ ਸਿੱਧੀ ਬਿਜਾਈ ਉੱਪਰ 1500 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਰਾਸ਼ੀ ਬਾਰੇ ਕਿਸਾਨਾਂ ਨੂੰ ਜਾਣਕਾਰੀ ਦਿੱਤੀ।

ਇਸ ਤੋਂ ਇਲਾਵਾ ਫ਼ਸਲੀ ਵਿਭਿੰਨਤਾ ਸਕੀਮ ਅਧੀਨ ਝੋਨੇ ਹੇਠੋਂ ਰਕਬਾ ਘਟਾ ਕੇ ਮੱਕੀ ਦੀ ਕਾਸ਼ਤ ਕਰਨ ਬਾਰੇ ਵਿਚਾਰ ਸਾਂਝੇ ਕੀਤੇ ਅਤੇ ਮੱਕੀ ਦੀ ਕਾਸ਼ਤ ਉਪਰ ਸਰਕਾਰ ਵੱਲੋਂ ਦਿੱਤੀ ਜਾਣ ਵਾਲੀ 17500 ਰੁਪਏ ਦੀ ਵਿੱਤੀ ਸਹਾਇਤਾ ਪ੍ਰਤੀ ਹੈਕਟੇਅਰ ਬਾਰੇ ਜਾਣਕਾਰੀ ਦਿੱਤੀ। ਬਲਾਕ ਖੇਤੀਬਾੜੀ ਅਫ਼ਸਰ ਵੱਲੋਂ ਕਿਸਾਨਾਂ ਨੂੰ ਖ਼ਾਦਾਂ ਦੀ ਲੋੜ ਅਨੁਸਾਰ ਵਰਤੋ ਕਰਨ ਲਈ ਕਿਹਾ ਗਿਆ। ਉਹਨਾਂ ਨੇ ਟ੍ਰੇਨਿੰਗ ਵਿੱਚ ਸ਼ਾਮਿਲ ਹੋਏ ਕਿਸਾਨਾਂ ਅਤੇ ਮਾਹਿਰਾਂ ਦਾ ਧੰਨਵਾਦ ਕੀਤਾ।

ਟ੍ਰੇਨਿੰਗ ਦੇ ਮੰਚ ਦਾ ਸੰਚਾਲਨ ਸਤਿੰਦਰ ਸਿੰਘ ਏ ਈ ਓ ਨੇ ਕੀਤਾ। ਇਸ ਟ੍ਰੇਨਿੰਗ ਨੂੰ ਸਫ਼ਲ ਬਣਾਉਣ ਲਈ ਪ੍ਰਦੀਪ ਨੰਦਾ ਏ ਐਸ ਆਈ, ਵਿਜੈ ਸਿੰਘ ਅਤੇ ਬੀ ਟੀ ਐਮ ਜਤਿਨ ਪਾਲ ਵੱਲੋਂ ਖੇਤੀਬਾੜੀ ਵਿਭਾਗ ਅੰਦਰ ਚੱਲ ਰਹੀ ਆਤਮਾ ਸਕੀਮ ਦੀਆਂ ਗਤੀਵਿਧੀਆਂ ਬਾਰੇ ਕਿਸਾਨਾਂ ਨੂੰ ਜਾਣਕਾਰੀ ਦਿੱਤੀ ਗਈ। ਇਸ ਕਿਸਾਨ ਸਿਖਲਾਈ ਕੈਂਪ ਵਿੱਚ ਸਰਕਲ ਇੰਚਾਰਜ ਖੇਤੀਬਾੜੀ ਵਿਸਥਾਰ ਅਫ਼ਸਰ ਗੁਰਮੀਤ ਸਿੰਘ ਵੱਲੋਂ ਕਿਸਾਨਾਂ ਨੂੰ ਆਪਣੀ-ਆਪਣੀ ਫਾਰਮਰ ਆਈ.ਡੀ ਬਣਾਉਣ ਦੀ ਅਪੀਲ ਕੀਤੀ ਗਈ ਤਾਂ ਕਿ ਸਰਕਾਰ ਵੱਲੋਂ ਮਿਲ ਰਹੀਆਂ ਸਹੂਲਤਾਂ ਵਿੱਚ ਕੋਈ ਮੁਸ਼ਕਿਲ ਨਾ ਆਵੇ। ਬਲਾਕ ਖੇਤੀਬਾੜੀ ਅਫ਼ਸਰਮਨਪ੍ਰੀਤ ਸਿੰਘ ਸਹਾਇਕ ਤਕਨੀਕੀ ਮੈਨੇਜਰ ਨੇ ਯੋਗਦਾਨ ਪਾਇਆ। ਇਸ ਟ੍ਰੇਨਿੰਗ ਵਿੱਚ 100 ਤੋਂ ਵੱਧ ਆਗਾਹਵਧੂ ਕਿਸਾਨ ਨੇ ਭਾਗ ਲਿਆ।

# ਸ੍ਰੀ ਅਨੰਦਪੁਰ ਸਾਹਿਬ ਵਿੱਚ ਸੀਐਮ ਦੀ ਯੋਗਸ਼ਾਲਾ ਮੁਹਿੰਮ ਨਾਲ ਲੋਕਾਂ ਵਿੱਚ ਵੱਧ ਰਿਹਾ ਯੋਗ ਪ੍ਰਤੀ ਉਤਸ਼ਾਹ



**ਸ੍ਰੀ ਆਨੰਦਪੁਰ ਸਾਹਿਬ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਸੀਐਮ ਦੀ ਯੋਗਸ਼ਾਲਾ ਮੁਹਿੰਮ ਤਹਿਤ ਜ਼ਿਲ੍ਹਾ ਰੂਪਨਗਰ ਵਿੱਚ ਲੋਕਾਂ ਨੂੰ ਸਿਹਤਮੰਦ ਜੀਵਨ ਸ਼ੈਲੀ ਵੱਲ ਪ੍ਰੇਰਿਤ ਕਰ ਰਹੀ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਚਲਾਈ ਜਾ ਰਹੀ ਇਸ ਪਹਿਲ ਦਾ ਮਕਸਦ ਲੋਕਾਂ ਨੂੰ ਯੋਗ ਨਾਲ ਜੋੜ ਕੇ ਸਰੀਰਕ ਅਤੇ ਮਾਨਸਿਕ ਤੌਰ 'ਤੇ ਤੰਦਰੁਸਤ ਬਣਾਉਣਾ ਹੈ। ਜ਼ਿਲ੍ਹੇ ਦੇ ਵੱਖ-ਵੱਖ ਖੇਤਰਾਂ ਵਿੱਚ ਵੱਡੀ ਗਿਣਤੀ ਵਿੱਚ ਲੋਕ ਰੋਜ਼ਾਨਾ ਯੋਗ ਕਲਾਸਾਂ ਵਿੱਚ ਭਾਗ ਲੈ ਰਹੇ ਹਨ ਅਤੇ ਇਸ ਮੁਹਿੰਮ ਨੂੰ ਭਰਪੂਰ ਸਮਰਥਨ ਮਿਲ ਰਿਹਾ ਹੈ।

ਸੀਐਮ ਦੀ ਯੋਗਸ਼ਾਲਾ ਤਹਿਤ ਲੋਕਾਂ ਨੂੰ ਮੁਫ਼ਤ ਯੋਗ ਸਿਖਲਾਈ ਦਿੱਤੀ ਜਾ ਰਹੀ ਹੈ ਤਾਂ ਜੋ ਹਰ ਉਮਰ ਵਰਗ ਦੇ ਲੋਕ ਸਿਹਤਮੰਦ ਜੀਵਨ ਅਪਨਾ ਸਕਣ। ਇਸ ਸਮੇਂ ਜ਼ਿਲ੍ਹੇ ਵਿੱਚ 501 ਯੋਗ ਕਲਾਸਾਂ ਚੱਲ ਰਹੀਆਂ ਹਨ, ਜਿਨ੍ਹਾਂ ਦੀ ਨਿਗਰਾਨੀ ਸੁਪਰਵਾਈਜ਼ਰ ਸੁਰਿੰਦਰ ਕੁਮਾਰ ਝਾ ਵੱਲੋਂ ਕੀਤੀ ਜਾ ਰਹੀ ਹੈ। ਸ੍ਰੀ ਅਨੰਦਪੁਰ ਸਾਹਿਬ, ਨੂਰਪੁਰ ਬੇਦੀ ਅਤੇ ਰੂਪਨਗਰ ਸਮੇਤ ਕਈ ਖੇਤਰਾਂ ਵਿੱਚ ਸਵੇਰੇ ਅਤੇ ਸ਼ਾਮ ਦੇ ਸੈਸ਼ਨ ਨਿਯਮਿਤ ਤੌਰ 'ਤੇ ਲਗਾਏ ਜਾ ਰਹੇ ਹਨ।

ਇਨ੍ਹਾਂ ਯੋਗ ਕਲਾਸਾਂ ਵਿੱਚ ਮਹਿਲਾਵਾਂ, ਨੌਜਵਾਨਾਂ, ਬਜ਼ੁਰਗਾਂ ਅਤੇ ਵਿਦਿਆਰਥੀਆਂ ਦੀ ਭਾਗੀਦਾਰੀ ਲਗਾਤਾਰ ਵੱਧ ਰਹੀ ਹੈ। ਯੋਗ ਪ੍ਰਸ਼ਿਕਸ਼ਕਾਂ ਵੱਲੋਂ ਭਾਗੀਦਾਰਾਂ ਨੂੰ ਯੋਗ ਆਸਨ, ਪ੍ਰਾਣਾਯਾਮ ਅਤੇ ਧਿਆਨ ਦੇ ਨਾਲ-ਨਾਲ ਸਿਹਤਮੰਦ ਜੀਵਨ ਅਪਨਾਉਣ ਬਾਰੇ ਵੀ ਜਾਣਕਾਰੀ ਦਿੱਤੀ ਜਾ ਰਹੀ ਹੈ। ਯੋਗਾ ਟ੍ਰੇਨਰ ਅਨੁਸਾਰ ਨਿਯਮਿਤ ਯੋਗ ਕਰਨ ਨਾਲ ਤਣਾਅ ਘਟਦਾ ਹੈ, ਮਨ ਨੂੰ ਸ਼ਾਂਤੀ ਮਿਲਦੀ ਹੈ ਅਤੇ ਸਰੀਰ ਦੀ ਰੋਗਾਂ ਨਾਲ ਲੜਨ ਦੀ ਸਮਰੱਥਾ ਮਜ਼ਬੂਤ ਹੁੰਦੀ ਹੈ।

ਉਨ੍ਹਾਂ ਨੇ ਕਿਹਾ ਕਿ ਸੀਐਮ ਦੀ ਯੋਗਸ਼ਾਲਾ ਮੁਹਿੰਮ ਸਿਹਤਮੰਦ ਅਤੇ ਜਾਗਰੂਕ ਸਮਾਜ ਦੀ ਸਿਰਜਣਾ ਵੱਲ ਇੱਕ ਮਹੱਤਵਪੂਰਨ ਕਦਮ ਸਾਬਤ ਹੋ ਰਹੀ ਹੈ।

ਪ੍ਰਸ਼ਾਸਨ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਨੇੜਲੇ ਯੋਗ ਕੇਂਦਰਾਂ ਨਾਲ ਜੁੜ ਕੇ ਨਿਯਮਿਤ ਯੋਗ ਕਰਨ ਅਤੇ ਤੰਦਰੁਸਤ ਪੰਜਾਬ ਦੇ ਨਿਰਮਾਣ ਵਿੱਚ ਆਪਣਾ ਯੋਗਦਾਨ ਪਾਉਣ।

# ਚੌਥਾ ਦਿਨ-ਇੱਕ ਹੋਰ ਵੱਡਾ ਐਲਾਨ



**ਫਾਜ਼ਿਲਕਾ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਇਕ ਜਲਾਲਾਬਾਦ ਸ੍ਰੀ. ਜਗਦੀਪ ਕੰਬੋਜ ਗੋਲਡੀ ਨੇ ਦੱਸ ਦਿਨ ਦੱਸ ਵੱਡੇ ਐਲਾਨ ਦੇ ਅੱਜ ਚੌਥੇ ਦਿਨ ਮੰਡੀ ਅਰਨੀਵਾਲਾ ਨੂੰ ਇੱਕ ਹੋਰ ਵੱਡਾ ਤੋਹਫਾ ਦਿੱਤਾ ਹੈ। ਵਿਧਾਇਕ ਗੋਲਡੀ ਕੰਬੋਜ ਨੇ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਮੰਡੀ ਅਰਨੀਵਾਲਾ ਵਿੱਚ ਆਧੁਨਿਕ ਸੀਵਰੇਜ ਸਿਸਟਮ ਲਈ ਐੱਸਡੀਐੱਮ ਸਕੀਮ ਤਹਿਤ 21 ਕਰੋੜ 39 ਲੱਖ ਰੁਪਏ ਜਾਰੀ ਕਰ ਦਿੱਤੇ ਗਏ ਹਨ, ਜਿਸ ਦਾ ਟੈਂਡਰ ਜਾਰੀ ਹੋ ਗਿਅ ਹੈ ਤੇ ਆਉਣ ਵਾਲੇ ਲਗਭਗ 15 ਦਿਨਾਂ ਵਿੱਚ ਇਹ ਕੰਮ ਸ਼ੁਰੂ ਹੋ ਜਾਵੇਗਾ।

ਵਿਧਾਇਕ ਜਲਾਲਾਬਾਦ ਜਗਦੀਪ ਕੰਬੋਜ ਗੋਲਡੀ ਨੇ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਏਨੀ ਵੱਡੀ ਰਾਸ਼ੀ ਅਰਨੀਵਾਲਾ ਨੂੰ ਦਿੱਤੀ ਹੈ ਤੇ ਹੁਣ ਸਾਰੇ ਅਰਨੀਵਾਲੇ ਵਿੱਚ ਸੀਵਰੇਜ ਪਵੇਗਾ। ਇਸ ਤੋਂ ਪਹਿਲਾ ਵੀ ਅਰਨੀਵਾਲਾ ਨੂੰ ਪੰਜਾਬ ਸਰਕਾਰ ਵੱਲੋਂ 5 ਕਰੋੜ ਰੁਪਇਆ ਤੇ ਫਿਰ 13 ਕਰੋੜ ਤੋਂ ਵੱਧ ਰੁਪਏ ਜਾਰੀ ਕੀਤੇ ਗਏ ਹਨ ਤੇ ਹੁਣ ਫਿਰ ਸੀਵਰੇਜ ਸਿਸਟਮ ਲਈ 21 ਕਰੋੜ 39 ਲੱਖ ਰੁਪਇਆ ਜਾਰੀ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਮੰਡੀ ਅਰਨੀਵਾਲਾ ਵਾਸੀਆਂ ਨੂੰ ਸੀਵਰੇਜ ਦੀ ਸਮੱਸਿਆ ਤੋਂ ਨਿਜ਼ਾਤ ਮਿਲ ਜਾਵੇਗੀ।

ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਕੋਲ ਫੰਡਾਂ ਦੀ ਕੋਈ ਘਾਟ ਨਹੀਂ ਹੈ ਤੇ ਹਲਕੇ ਦੇ ਸਾਰੇ ਵਿਕਾਸ ਦੇ ਕੰਮ ਬਿਨਾਂ ਪਾਰਟੀਬਾਜ਼ੀ ਅਤੇ ਆਪਸੀ ਭੇਦਭਾਵ ਤੋਂ ਉੱਪਰ ਉੱਠ ਕੇ ਕੀਤੇ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਜੋ ਪਹਿਲੀਆਂ ਸਰਕਾਰ ਨੇ ਨਹੀਂ ਕੀਤਾ ਉਹ ਮੁੱਖਮ ਤਰੀ ਸ. ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਕਰ ਦਿਖਾਇਆ ਹੈ ਤੇ ਸੂਬੇ ਦੇ ਪਿੰਡਾਂ ਵਿੱਚ ਵਿਕਾਸ ਦੇ ਕੰਮਾਂ ਦੀ ਝੜੀ ਲਗਾ ਦਿੱਤੀ ਗਈ ਹੈ ਤੇ ਜਲਾਲਾਬਾਦ ਵਿੱਚ ਸੜਕਾਂ ਦੇ ਸੁੰਦਰੀਕਰਨ, ਸਿਹਤ ਸੁਵਿਧਾਵਾਂ ਵਿੱਚ ਵਾਧਾ, ਸੀਵਰੇਜ਼ ਸਮੱਸਿਆ ਦਾ ਹੱਲ, ਪਾਰਕ, ਸਟੇਡੀਅਮ ਆਦਿ ਅਨੇਕਾ ਹੀ ਵਿਕਾਸ ਦੇ ਕੰਮ ਕੀਤੇ ਜਾ ਰਹੇ ਹਨ ਜਿਸ ਲਈ ਉਹ ਪੰਜਾਬ ਸਰਕਾਰ ਦੇ ਧੰਨਵਾਦੀ ਹਨ।

# ਵਿਧਾਇਕ ਜਲਾਲਾਬਾਦ ਨੇ ਪਿੰਡ ਚੱਕ ਖੀਵਾ ਵਿਖੇ ਪ੍ਰਾਇਮਰੀ ਸਕੂਲ ਵਾਲੀ ਸੀ.ਸੀ.ਰੋਡ ਦਾ ਕੀਤਾ ਉਦਘਾਟਨ



**ਫਾਜ਼ਿਲਕਾ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜਲਾਲਾਬਾਦ ਦੇ ਵਿਧਾਇਕ ਸ੍ਰੀ. ਜਗਦੀਪ ਕੰਬੋਜ ਗੋਲਡੀ ਨੇ ਹਲਕੇ ਦੇ ਪਿੰਡ ਚੱਕ ਖੀਵਾ ਵਿਖੇ ਪ੍ਰਾਇਮਰੀ ਸਕੂਲ ਵਾਲੀ ਸੀ.ਸੀ.ਰੋਡ ਦਾ ਉਦਘਾਟਨ ਕੀਤਾ। ਇਸ ਮੌਕੇ ਬੋਲਦਿਆਂ ਵਿਧਾਇਕ ਗੋਲਡੀ ਕੰਬੋਜ ਨੇ ਕਿਹਾ ਕਿ ਮਾਣਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਪੇਂਡੂ ਵਿਕਾਸ ਅਤੇ ਪੰਜਾਬ ਵਿਭਾਗ, ਪੰਜਾਬ ਵੱਲੋਂ 15ਵਾਂ ਅਫ.ਸੀ. ਸਕੀਮ ਤਹਿਤ ਇਹ ਰੋਡ 15 ਲੱਖ ਦੀ ਲਾਗਤ ਨਾਲ ਬਣਾਇਆ ਗਿਆ ਹੈ।

ਵਿਧਾਇਕ ਗੋਲਡੀ ਕੰਬੋਜ ਨੇ ਅੱਗੇ ਦੱਸਿਆ ਕਿ ਪਿੰਡ ਵਾਸੀਆਂ ਦੀ ਕਾਫੀ ਲੰਬੇ ਸਮੇਂ ਤੋਂ ਮੰਗ ਸੀ ਜਿਸ ਨੂੰ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕਾਰਜਕਾਲ ਦੌਰਾਨ ਪੂਰਾ ਕੀਤਾ ਗਿਆ ਹੈ ਤੇ ਪਿੰਡ ਵਾਸੀਆਂ ਵਿੱਚ ਕਾਫੀ ਖੁਸ਼ੀ ਦੀ ਲਹਿਰ ਹੈ। ਉਨ੍ਹਾਂ ਕਿਹਾ ਕਿ ਇਸ ਰੋਡ ਦੇ ਬਣਨ ਨਾਲ ਹੁਣ ਰਾਹੀਗਰਾਂ ਦਾ ਸਫਰ ਕਾਫੀ ਸੁਖਾਲਾ ਹੋਵੇਗਾ ਤੇ ਟ੍ਰੈਫਿਕ ਵਰਗੀ ਸਮੱਸਿਆ ਵੀ ਘਟੇਗੀ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪਿੰਡਾਂ ਦੇ ਵਿਕਾਸ ਵਿੱਚ ਕੋਈ ਕਸਰ ਨਹੀਂ ਛੱਡ ਰਹੀ ਚਾਹੇ ਉਹ ਸੜਕਾਂ ਦੇ ਸੁਧਾਰ, ਸਿਹਤ ਸੁਧਾਰ, ਸਿੱਖਿਆ ਸੁਧਾਰ ਤੇ ਬਨਿਆਦੀ ਢਾਂਚੇ ਦਾ ਹੀ ਕਿਉਂ ਨਾ ਹੋਵੇ ਇਸ ਤਹਿਤ ਪੰਜਾਬ ਸਰਕਾਰ ਨਵੇਂ ਨਵੇਂ ਪ੍ਰੋਜੈਕਟ ਉਲੀਕ ਰਹੀ ਹੈ ।

ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਹੁਣ ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਇਹ ਮੰਗ ਪੂਰੀ ਕੀਤੀ ਗਈ ਹੈ, ਜਿਸ ਨਾਲ ਇਲਾਕੇ ਦੇ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਵੀ ਇਲਾਕੇ ਦੇ ਵਿਕਾਸ ਲਈ ਇਸੇ ਤਰ੍ਹਾਂ ਦੇ ਕਾਰਜ ਜਾਰੀ ਰਹਿਣਗੇ।

# ਸਟੇਟ ਐਵਾਰਡੀ ਪਰਮਿੰਦਰ ਭਲਵਾਨ ਆਲ ਇੰਡੀਆ ਵਲੰਟੀਅਰ ਆਰਗਨਾਈਜੇਸ਼ਨ ਅਮਰ ਜੋਤੀ ਫਾਊਂਡੇਸ਼ਨ ਨਵੀਂ ਦਿੱਲੀ ਦੇ ਕਾਰਜਕਾਰੀ ਚੇਅਰਮੈਨ ਇੰਡੀਆ ਬਣੇ

**ਪਟਿਆਲਾ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਸਟੇਟ ਐਵਾਰਡੀ ਪਰਮਿੰਦਰ ਭਲਵਾਨ ਕੌਮੀ ਪ੍ਰਧਾਨ ਯੂਥ ਫੈਡਰੇਸ਼ਨ ਆਫ ਇੰਡੀਆ ਜੋਂ ਕਿ 1998 ਤੋ ਭਾਰਤ ਦੇ ਵੱਖ ਵੱਖ ਰਾਜਾਂ ਵਿਚ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ, ਸਮਾਜਿਕ ਕੁਰੀਤੀਆਂ ਭਰੂਣ ਹੱਤਿਆਂ,ਦਾਜ ਪ੍ਰਥਾ,ਏਡਜ ਵਿਰੋਧੀ ਪ੍ਰੋਗਰਾਮ, ਵਾਤਾਵਰਣ ਸ਼ੁੱਧਤਾ ਲਈ ਬੂਟੇ ਲਗਾਉਣੇ, ਲੋੜਵੰਦ ਲੜਕੀਆਂ ਲਈ ਸਿਲਾਈ ਕਢਾਈ ਸੈਂਟਰ ਖੋਲਣੇ, ਲੋੜਵੰਦ ਪਰਿਵਾਰਾਂ ਲਈ ਮੈਡੀਕਲ ਕੈਂਪਾ ਦਾ ਆਯੋਜਨ ਕਰਨਾ, ਕੌਮੀਂ ਏਕਤਾ ਕੈਂਪਾਂ ਦਾ ਆਯੋਜਨ ਕਰਨਾ, ਅੰਤਰਰਾਜੀ ਯੂਥ ਐਕਸਚੇਂਜ ਪ੍ਰੋਗਰਾਮ ਦਾ ਆਯੋਜਨ ਕਰਨਾ ਅਤੇ ਇਸ ਇਲਾਵਾ ਖੂਨਦਾਨ ਕੈਂਪਾ ਦਾ ਆਯੋਜਨ ਕਰਕੇ ਹੁਣ ਤੱਕ 40000 ਤੋ ਉਪਰ ਬਲੱਡ ਵੱਖ ਵੱਖ ਸੰਸਥਾਵਾਂ ਨਾਲ ਮਿਲ ਕੇ ਵੱਖ ਵੱਖ ਬਲੱਡ ਬੈਂਕਾਂ ਨੂੰ ਦਿੱਤਾ ਜਾ ਚੁੱਕਾ ਹੈ।

ਇਸ ਤੋਂ ਇਲਾਵਾ ਖੁਦ ਪਰਮਿੰਦਰ ਭਲਵਾਨ ਵੱਲੋਂ 95 ਵਾਰ ਖ਼ੂਨਦਾਨ ਕੀਤਾ ਜਾ ਚੁੱਕਾ ਹੈ। ਇਸ ਤੋਂ ਇਲਾਵਾ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਵੱਲੋਂ ਹੁਣ ਤੱਕ 150 ਤੋਂ ਉਪਰ ਭਾਰਤ ਦੇ ਵੱਖ ਵੱਖ ਰਾਜਾਂ ਵਿੱਚ ਜਾਂ ਕੇ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਬਣਾਈ ਰੱਖਣ ਲਈ ਅਤੇ ਨੋਜਵਾਨਾ ਵਿੱਚ ਦੇਸ਼ ਸੇਵਾ ਦੀ ਭਾਵਨਾ ਪੈਦਾ ਕਰਨ ਲਈ ਕੌਮੀ ਏਕਤਾ ਕੈਂਪਾਂ ਦਾ ਆਯੋਜਨ ਕੀਤਾ ਜਾਂ ਚੁੱਕਾ ਹੈ।ਉਹਨਾਂ ਵੱਲੋਂ ਕੀਤੇ ਜਾ ਰਹੇ ਇਹਨਾਂ ਸਮਾਜ ਸੇਵੀ ਕਾਰਜਾਂ ਨੂੰ ਵੇਖਦਿਆਂ ਆਲ ਇੰਡੀਆ ਵਲੰਟੀਅਰ ਆਰਗਨਾਈਜ਼ੇਸ਼ਨ ਅਮਰ ਜੋਂਤੀ ਫਾਉਂਡੇਸ਼ਨ ਜੋਂ ਕਿ ਭਾਰਤ ਸਰਕਾਰ ਦੇ ਯੁਵਾ ਅਤੇ ਖੇਡ ਮੰਤਰਾਲਾ, ਸਮਾਜਿਕ ਨਿਆਂ ਤੇ ਅਧਿਕਾਰਤਾ ਮੰਤਰਾਲਾ,ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲਾ ਤੋਂ ਇਲਾਵਾ ਅਨੇਕਾਂ ਹੋਰ ਭਾਰਤ ਸਰਕਾਰ ਦੇ ਮੰਤਰਾਲਿਆ ਨਾਲ ਮਿਲ ਕੇ ਭਾਰਤ ਦੇ ਵੱਖ ਵੱਖ ਰਾਜਾਂ ਵਿਚ ਦੇਸ਼ ਦੇ ਮਹਾਨ ਸ਼ਹੀਦਾਂ ਦੀਆਂ ਯਾਦਗਾਰਾਂ ਦੀ ਸਾਂਭ ਸੰਭਾਲ ਅਤੇ ਸ਼ਹੀਦ ਪਰਿਵਾਰਾਂ ਦੀ ਮਦਦ, ਭਾਰਤ ਦੇ ਵੱਖ ਵੱਖ ਰਾਜਾਂ ਵਿੱਚ ਰਾਸ਼ਟਰੀ ਏਕਤਾ ਕੈਂਪਾਂ ਦਾ ਆਯੋਜਨ ਕਰਨਾ ਅਤੇ ਨੌਜਵਾਨਾਂ ਦੀ ਭਲਾਈ ਲਈ ਕੰਮ ਅਤੇ ਨੋਜਵਾਨਾ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਕਾਰਜ ਅਤੇ ਨਸ਼ਾ ਛੁਡਾਊ ਕੇਂਦਰ ਖੋਲਣੇ ਅਤੇ ਹੋਰ ਸਮਾਜ ਸੇਵੀ ਕਾਰਜਾਂ ਨੂੰ ਕਰ ਰਹੀ ਆਲ ਇੰਡੀਆ ਵਲੰਟੀਅਰ ਆਰਗਨਾਈਜੇਸ਼ਨ ਅਮਰ ਜੋਤੀ ਫਾਉਂਡੇਸ਼ਨ ਨਵੀਂ ਦਿੱਲੀ ਵੱਲੋਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੂੰ ਕਾਰਜਕਾਰੀ ਚੇਅਰਮੈਨ ਇੰਡੀਆ ਬਣਿਆ ਗਿਆ ਹੈ।

ਇਹ ਨਿਯੁਕਤੀ ਆਲ ਇੰਡੀਆ ਵਲੰਟੀਅਰ ਆਰਗਨਾਈਜੇਸ਼ਨ ਅਮਰ ਜੋਤੀ ਫਾਉਂਡੇਸ਼ਨ ਦੇ ਸਰਪ੍ਰਸਤ ਸ੍ਰੀ ਓਮ ਪ੍ਰਕਾਸ਼ ਦਈਆ ਅਤੇ ਰਾਸ਼ਟਰੀ ਪ੍ਰਧਾਨ ਸੰਜੇ ਸਿੰਘ ਮੇਰਠ ਨੇ ਕੀਤੀ।ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਜੋਂ ਇਹ ਜ਼ਿੰਮੇਵਾਰੀ ਅਮਰ ਜੋਤੀ ਫਾਉਂਡੇਸ਼ਨ ਨਵੀਂ ਦਿੱਲੀ ਵੱਲੋਂ ਮੈਨੂੰ ਦਿੱਤੀ ਗਈ ਹੈ ਉਹ ਉਸ ਨੂੰ ਪੂਰੀ ਤਨਦੇਹੀ ਨਾਲ ਨਿਭਾਉਣ ਗਏ।

ਇਸ ਨਿਯੁਕਤੀ ਦਾ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਪੰਜਾਬ, ਰਾਸ਼ਟਰੀ ਪਹਿਲਵਾਨ ਬਜਿੰਦਰ ਸਿੰਘ ਸੋਨੀਪਤ ਹਰਿਆਣਾ, ਨੈਸ਼ਨਲ ਐਵਰਾਡੀ ਮਮਤਾ ਰਾਣੀ ਹਰਿਆਣਾ, ਅਮਿਤ ਠਾਕੁਰ ਹਿਮਾਚਲ ਪ੍ਰਦੇਸ਼, ਸੁਨੀਲ ਰਾਣਾ ਰਾਜਸਥਾਨ, ਹੇਮੰਤ ਮੋਰੈਨਾ ਮੱਧ ਪ੍ਰਦੇਸ਼,ਚੰਦਰਾ ਗੁਰਮ ਸਿੱਕਿਮ,ਯੋਗਾ ਆਚਾਰੀਆ ਪ੍ਰਮੋਦ ਸ਼ਰਮਾ ਜੈਪੁਰ, ਅਸ਼ੋਕ ਯਾਦਵ ਉੱਤਰ ਪ੍ਰਦੇਸ਼, ਅਨਿਲ ਬਾਤਿਸ਼ ਦਿੱਲੀ, , ਮਹੁੰਮਦ ਅਨਿਆਸ ਸਇਅਦ ਬਿਹਾਰ,ਤੋਂ ਇਲਾਵਾ ਹੋਰ ਵੱਖ ਵੱਖ ਰਾਜਾਂ ਤੋਂ ਅਮਰ ਜੋਤੀ ਫਾਉਂਡੇਸ਼ਨ ਦੇ ਅਹੁਦੇਦਾਰਾਂ ਵੱਲੋਂ ਸਵਾਗਤ ਕੀਤਾ ਗਿਆ।

# ਹੜ੍ਹਾਂ ਤੋਂ ਬਚਾਅ ਦਾ ਕੰਮ ਮਿੱਥੇ ਸਮੇਂ 'ਚ ਮੁਕੰਮਲ ਨਾ ਕਰਨ ਵਾਲੇ ਅਧਿਕਾਰੀਆਂ ਵਿਰੁੱਧ ਹੋਵੇਗੀ ਸਖ਼ਤ ਕਾਰਵਾਈ : ਡਾ. ਬਲਬੀਰ ਸਿੰਘ



**ਪਟਿਆਲਾ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਵੱਡੀ ਨਦੀ ਦੀ ਸਫ਼ਾਈ ਤੇ ਬੰਨ੍ਹ ਮਜ਼ਬੂਤ ਕਰਨ ਦੇ ਕੰਮ @ਚ ਹੋ ਰਹੀ ਦੇਰੀ ਦਾ ਗੰਭੀਰ ਨੋਟਿਸ ਲਿਆ ਹੈ। ਅੱਜ ਇੱਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੇ ਨਾਲ ਡਰੇਨੇਜ, ਪੀਡੀਏ, ਵਣ ਵਿਭਾਗ ਤੇ ਨਗਰ ਨਿਗਮ ਸਮੇਤ ਹੋਰ ਸਬੰਧਤ ਵਿਭਾਗੀ ਅਧਿਕਾਰੀਆਂ ਨਾਲ ਬੈਠਕ ਕਰਦਿਆਂ ਸਿਹਤ ਮੰਤਰੀ ਨੇ ਸਪੱਸ਼ਟ ਸ਼ਬਦਾਂ @ਚ ਆਖਿਆ ਕਿ ਹੜ੍ਹਾਂ ਤੋਂ ਬਚਾਅ ਦੇ ਕੰਮ ਮਿੱਥੇ ਸਮੇਂ @ਚ ਮੁਕੰਮਲ ਨਾ ਕਰਨ ਵਾਲੇ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਡਾ. ਬਲਬੀਰ ਸਿੰਘ ਨੇ ਵੱਡੀ ਨਦੀ ਦੇ ਸਫ਼ਾਈ ਦੇ ਕੰਮ @ਚ ਡਰੇਨੇਜ, ਪੀਡੀਏ ਤੇ ਵਣ ਵਿਭਾਗ ਆਪਸੀ ਤਾਲਮੇਲ ਦੀ ਘਾਟ ਦਾ ਨੋਟਿਸ ਲੈਂਦਿਆਂ ਹਦਾਇਤ ਕੀਤੀ ਕਿ ਜੇਕਰ ਕਿਸੇ ਅਧਿਕਾਰੀ ਦੀ ਅਣਗਹਿਲੀ ਕਰਕੇ ਇਸ ਵਾਰ ਪਟਿਆਲਾ @ਚ ਹੜ੍ਹਾਂ ਦੀ ਨੌਬਤ ਆਈ ਤਾਂ ਜਿੰਮੇਵਾਰ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਨਦੀ ਦੇ ਬੰਨ੍ਹ ਮਜ਼ਬੂਤ ਕੀਤੇ ਜਾਣ ਅਤੇ ਬੰਨ੍ਹਾਂ @ਤੇ ਦਰਖ਼ਤ ਲਗਾਏ ਜਾਣ।

ਸਿਹਤ ਮੰਤਰੀ ਨੇ ਨਗਰ ਨਿਗਮ ਅਧਿਕਾਰੀਆਂ ਨੂੰ ਵੀ ਸਖ਼ਤ ਹਦਾਇਤ ਕੀਤੀ ਪਟਿਆਲਾ ਦਿਹਾਤੀ ਹਲਕੇ @ਚ ਸੜਕਾਂ ਦੇ ਕੰਮ @ਚ ਕੀਤੀ ਜਾ ਰਹੀ ਦੇਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਸੀਵਰੇਜ ਬੋਰਡ ਤੋਂ ਤੁਰੰਤ ਐਨ.ਓ.ਸੀ.ਲੈਕੇ ਸੜਕਾਂ ਬਣਾਉਣ ਦਾ ਕੰਮ ਬਰਸਾਤਾਂ ਤੋਂ ਪਹਿਲਾਂ-ਪਹਿਲਾਂ ਮੁਕੰਮਲ ਕੀਤਾ ਜਾਵੇ। ਉਨ੍ਹਾਂ ਨੇ ਸੀਵਰੇਜ ਬੋਰਡ ਵੱਲੋਂ ਦੌਲਤਪੁਰ ਵਿਖੇ ਲਗਾਏ ਜਾ ਰਹੇ 15 ਐਮ.ਐਲ.ਡੀ ਦੇ ਐਸ.ਟੀ.ਪੀ ਦਾ ਵੀ ਜਾਇਜ਼ਾ ਲਿਆ ਅਤੇ ਇਸ ਨੂੰ ਵੀ ਸਮਾਂ ਸੀਮਾਂ ਦੇ ਅੰਦਰ-ਅੰਦਰ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ।

# ਨਰੇਗਾ ਮੁਲਾਜਮਾਂ ਨੇ ਆਪਣੀਆਂ ਮੰਗਾ ਅਤੇ ਤਨਖ਼ਾਹ ਨਾ ਜਾਰੀ ਕਰਨ ਤੇ 13 ਨੂੰ ਮੰਤਰੀ ਦੀ ਕੋਠੀ ਦੇ ਘਿਰਾਓ ਦੀ ਚਿਤਾਵਨੀ

**ਮਾਛੀਵਾੜਾ ਸਾਹਿਬ,10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਨਰੇਗਾ ਮੁਲਾਜ਼ਮਾਂ ਵੱਲੋਂ ਆਪਣੀਆਂ ਜਾਇਜ਼ ਮੰਗਾਂ ਨੂੰ ਪੂਰਾ ਕਰਵਾਉਣ ਅਤੇ ਰਹਿੰਦੀ ਤਨਖਾਹ ਜਾਰੀ ਕਰ ਲਈ ਵਿਭਾਗ ਨੂੰ ਬਾਰ-ਬਾਰ ਯਾਦ ਪੱਤਰ ਦਿੱਤੇ ਗਏ ਪਰ ਵਿਭਾਗ ਵੱਲੋਂ ਕਈ ਵਾਰ ਮੀਟਿੰਗਾਂ ਕਰਨ ਦੇ ਉਪਰੰਤ ਵੀ ਪੱਤਰ ਜਾਰੀ ਨਹੀਂ ਕੀਤਾ ਗਿਆ।

ਉਪਰੋਕਤ ਵਿਸੇ ਦੇ ਸਬੰਧ ਵਿੱਚ ਨਰੇਗਾ ਮੁਲਾਜ਼ਮਾਂ ਵੱਲੋਂ ਇੱਕ ਭਰਮੀ ਮੀਟਿੰਗ ਉਪਰੰਤ ਫੈਸਲਾ ਲਿਆ ਗਿਆ ਕਿ ਜੇਕਰ ਸਰਕਾਰ ਉਹਨਾਂ ਦੀਆਂ ਮੰਗਾਂ ਨਹੀਂ ਮੰਨਦੀ ਅਤੇ ਰਹਿੰਦੀ ਤਨਖਾਹ ਨਹੀਂ ਜਾਰੀ ਕਰਦੀ ਤਾਂ 13 ਤਰੀਕ ਤੋਂ ਵੱਡਾ ਸੰਘਰਸ਼ ਉਲੀਕਿਆ ਜਾਵੇਗਾ।

ਜਾਰੀ ਪੱਤਰ ਵਿੱਚ ਉਨ੍ਹਾਂ ਕਿਹਾ ਕਿ ਸੂਬੇ ਭਰ ਦੇ ਨਰੇਗਾ ਮੁਲਾਜ਼ਮ ਇਸ ਸਮੇਂ ਬੜੀ ਤਣਾਅਪੂਰਨ ਸਥਿਤੀ ਵਿੱਚੋ ਗੁਜਰ ਰਹੇ ਹਨ ਇਕ ਪਾਸੇ ਬੇਤਿਹਾਸਾ ਕੰਮਾਂ ਦਾ ਬੋਝ ਤੇ ਦੂਜੇ ਪਾਸੇ ਨਿਗੁਣੀਆਂ ਤਨਖਾਹਾਂ ਜੋ ਕਿ ਪਿਛਲੇ 5-6 ਮਹੀਨਿਆਂ ਤੋਂ ਲਟਕਦੀਆਂ ਆ ਰਹੀਆ ਹਨ ,ਇਸ ਸਥਿਤੀ ਵਿੱਚ ਘਰ ਦਾ ਗੁਜਾਰਾ ਕਰਨਾ ਬੜਾ ਮੁਸਕਿਲ ਹੋ ਗਿਆ ਹੈ ਸਾਰੇ ਨਰੇਗਾ ਮੁਲਾਜ਼ਮ ਤਕਰੀਬਨ ਗਰੀਬ ਅਤੇ ਆਮ ਘਰਾਂ ਤੋਂ ਸਬੰਧ ਰੱਖਦੇ ਹਨ ਜਿਨ੍ਹਾਂ ਦਾ ਗੁਜ਼ਾਰਾ ਤਨਖਾਹ ਨਾਲ ਹੀ ਚੱਲਦਾ ਹੈ ਅਜਿਹੀ ਸਥਿਤੀ ਵਿੱਚ 5-6 ਮਹੀਨੇ ਬਿਨਾ ਤਨਖਾਹਾਂ ਤੋ ਗੁਜਾਰਾ ਨਹੀ ਕੀਤਾ ਜਾ ਸਕਦਾ

ਉਪਰੋ ਅਫ਼ਸਰ ਸਾਹੀ ਵੱਲੋਂ ਜਾਣਬੁੱਝ ਕਿ ਨਰੇਗਾ ਮੁਲਾਜ਼ਮਾਂ ਨੂੰ ਜੁਰਮਾਨੇ ਅਤੇ ਟਰਮਿਨੇਸ਼ਨ ਕੀਤਾ ਜਾ ਰਿਹਾ ਹੈ ਜੀ ਜੋ ਕਿ ਸਰਾਸਰ ਗ਼ਲਤ ਹੈ ਨਰੇਗਾ ਮੁਲਾਜ਼ਮ ਪੰਚਾਇਤੀ ਵਿਭਾਗ ਦੀ ਰੀੜ ਦੀ ਹੱਡੀ ਹੈ ਲੱਗਭਗ 17-18 ਸਾਲਾਂ ਤੋਂ ਪਿੰਡਾਂ ਦਾ 80 ਪਰਸੈਂਟ ਵਿਕਾਸ ਸਾਡੇ ਦੁਆਰਾ ਕਰਾਇਆ ਜਾ ਰਿਹਾ ਹੈ ਯੂਨੀਅਨ ਵੱਲੋ ਲਗਾਤਾਰ ਵਿਭਾਗ ਨਾਲ ਤਾਲਮੇਲ ਕਰਕੇ ਆਪਣੀਆਂ ਮੰਗਾ ਸਬੰਧੀ ਜਾਣੂ ਕਰਵਾਇਆ ਗਿਆ ਪ੍ਰੰਤੂ ਸਰਕਾਰ ਵੱਲੋ ਅਜੇ ਤੱਕ ਸਾਡੀਆ ਪ੍ਰਵਾਨ ਹੋਈਆਂ ਮੰਗਾ ਦਾ ਪੱਤਰ ਜਾਰੀ ਨਹੀਂ ਕੀਤਾ ਗਿਆ ਜਿਸ ਬਾਬਤ ਵਾਰ ਵਾਰ ਮੰਗ ਪੱਤਰ ਵੀ ਦਿੱਤੇ ਜਾ ਚੁੱਕੇ ਹਨ।

# ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹੇ ਦੇ ਵਿਕਾਸ ਕਾਰਜਾਂ ਦੀ ਸਮੀਖਿਆ

**ਪਟਿਆਲਾ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਜ਼ਿਲ੍ਹੇ ਦੇ ਸਮੂਹ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰਾਂ (ਬੀ.ਡੀ.ਪੀ.ਓਜ) ਨੂੰ ਹਦਾਇਤ ਕੀਤੀ ਹੈ ਕਿ ਉਹ ਪਿੰਡਾਂ ਦੀ ਕਾਇਆਕਲਪ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਪੂਰੀ ਤਨਦੇਹੀ ਅਤੇ ਜ਼ਿੰਮੇਵਾਰੀ ਨਾਲ ਕੰਮ ਕਰਨ। ਡਾ. ਅਗਰਵਾਲ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੱਖ-ਵੱਖ ਵਿਭਾਗਾਂ ਦੇ ਵਿਕਾਸ ਕਾਰਜਾਂ ਦੀ ਸਮੀਖਿਆ ਸਬੰਧੀ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ।

# ਰੈਜ਼ੀਡੈਂਸ਼ੀਅਲ ਵਿੰਗਾਂ ਦੇ ਟਰਾਇਲ ਭਲਕੇ : ਜ਼ਿਲ੍ਹਾ ਖੇਡ ਅ.ਫਸਰ

**ਤਰਨਤਾਰਨ, 8 ਮਈ-ਪ੍ਰੈਸ ਕੀ ਤਾਕਤ ਬਿਊਰੋ-**

ਡਾਇਰੈਕਟਰ ਸਪੋਰਟਸ ਪੰਜਾਬ ਵੱਲੋਂ 2026-2027 ਸੈਸ਼ਨ ਦੇ ਰੈਜ਼ੀਡੈਂਸ਼ੀਅਲ ਵਿੰਗਾਂ ਦੇ ਟਰਾਇਲ ਲੈਣ ਦੇ ਹੁਕਮ ਜਾਰੀ ਹੋਏ ਹਨ। ਜ਼ਿਲ੍ਹਾ ਖੇਡ ਅਫ਼ਸਰ ਸਤਵੰਤ ਕੌਰ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਲ 2026-2027 ਸੈਸ਼ਨ ਦੌਰਾਨ ਸਪੋਰਟਸ ਦੇ ਰੈਜ਼ੀਡੈਂਸ਼ੀਅਲ ਵਿੰਗਾਂ ਦੇ ਟਰਾਇਲ 09-05 2026 ਨੂੰ ਸ੍ਰੀ ਗੁਰੂ ਅਰਜਨ ਦੇਵ ਖੇਡ ਸਟੇਡੀਅਮ ਤਰਨ ਤਾਰਨ ਅਤੇ ਮਲਟੀਪਰਪਜ਼ ਖੇਡ ਸਟੇਡੀਅਮ ਇਨਡੋਰ ਹਾਲ ਤਰਨ ਤਾਰਨ ਵਿਖੇ ਕਰਵਾਏ ਜਾਣਗੇ ਉਨ੍ਹਾਂ ਦੱਸਿਆ ਕਿ ਇਨ੍ਹਾਂ ਟਰਾਇਲਾਂ ਵਿੱਚ ਅੰਡਰ 14 ,17, 19 ਦੇ ਲੜਕੇ ਤੇ ਲੜਕੀਆਂ ਭਾਗ ਲੈ ਸਕਦੇ ਹਨ। ਉਨ੍ਹਾਂ ਦੱਸਿਆ ਕਿ ਮਿਤੀ 09-05-2026 ਨੂੰ ਹਾਕੀ (ਲੜਕੇ) ਦੇ ਟਰਾਇਲ ਸ੍ਰੀ ਗੁਰੂ ਅਰਜਨ ਦੇਵ ਖੇਡ ਸਟੇਡੀਅਮ ਤਰਨ ਤਾਰਨ ਵਿਖੇ ਅਤੇ ਕੁਸ਼ਤੀ, ਜੂਡੋ (ਲੜਕੀਆਂ) ਦੇ ਮਲਟੀਪਰਪਜ਼ ਇਨਡੋਰ ਹਾਲ ਤਰਨ ਤਾਰਨ ਵਿਖੇ ਕਰਵਾਏ ਜਾਣਗੇ, ਜਿਸ ਵਿੱਚ ਜਨਮ ਮਿਤੀ ਅੰਡਰ 14 (01-01-2013), ਅੰਡਰ 17 (01-01-2010), ਅੰਡਰ 19 (01-01-2008) ਸਾਲ ਦੇ ਖਿਡਾਰੀ/ ਖਿਡਾਰਨਾਂ ਭਾਗ ਲੈ ਸਕਦੇ ਹਨ। ਉਨ੍ਹਾਂ ਕਿਹਾ ਕਿ ਖਿਡਾਰੀ ਟਰਾਇਲ ਵਾਲੇ ਸਥਾਨ @ਤੇ ਸਵੇਰੇ 8 ਵਜੇ ਪਹੁੰਚ ਕੇ ਪਹਿਲਾਂ ਰਜਿਸਟਰੇਸ਼ਨ ਕਰਵਾਉਣਗੇ।ਉਨ੍ਹਾਂ ਕਿਹਾ ਕਿ ਟਰਾਇਲਾਂ ਵਿੱਚ ਭਾਗ ਲੈਣ ਵਾਲੇ ਖਿਡਾਰੀ/ ਖਿਡਾਰਨਾਂ ਆਪਣੇ ਜਨਮ ਸਰਟੀਫਿਕੇਟ, ਆਧਾਰ ਕਾਰਡ ਅਤੇ ਖੇਡ ਪ੍ਰਾਪਤੀਆਂ ਦੇ ਅਸਲ ਸਰਟੀਫਿਕੇਟ ਤੇ ਉਨ੍ਹਾਂ ਦੀਆਂ ਕਾਪੀਆਂ ਸਮੇਤ ਦੋ ਤਾਜ਼ਾ ਪਾਸਪੋਰਟ ਸਾਈਜ਼ ਫੋਟੋ ਲੈ ਕੇ ਆਉਣਗੇ। ਉਨ੍ਹਾਂ ਕਿਹਾ ਕਿ ਖਿਡਾਰੀ ਪੰਜਾਬ ਦਾ ਵਸਨੀਕ ਹੋਣਾ ਚਾਹੀਦਾ ਹੈ।

# ਸ਼ੁਕਰਾਨਾ ਯਾਤਰਾ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਗੁਰਦੁਆਰਾ ਮਸਤੂਆਣਾ ਸਾਹਿਬ ਵਿਖੇ ਮੱਥਾ ਟੇਕਿਆ

**ਸੰਗਰੂਰ,10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਗੁਰਦੁਆਰਾ ਸ੍ਰੀ ਮਸਤੂਆਣਾ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਪੰਜਾਬ ਤੇ ਇਥੋਂ ਲੋਕਾਂ ਦੀ ਸ਼ਾਂਤੀ, ਤਰੱਕੀ ਅਤੇ ਖੁਸ਼ਹਾਲੀ ਲਈ ਅਰਦਾਸ ਕੀਤੀ। ਆਪਣੀ @ਸ਼ੁਕਰਾਨਾ ਯਾਤਰਾ@ ਦੌਰਾਨ ਮੁੱਖ ਮੰਤਰੀ ਨੇ ਨਾਗਰਿਕਾਂ ਦੀ ਭਲਾਈ ਵਾਸਤੇ ਕੰਮ ਕਰਦੇ ਰਹਿਣ ਲਈ ਪਰਮਾਤਮਾ ਤੋਂ ਅਸ਼ੀਰਵਾਦ ਮੰਗਿਆ ਅਤੇ ਇਮਾਨਦਾਰੀ ਤੇ ਸਮਰਪਿਤ ਭਾਵਨਾ ਨਾਲ ਸੂਬੇ ਦੀ ਸੇਵਾ ਕਰਨ ਸਬੰਧੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ।

ਇਸ ਤੋਂ ਪਹਿਲਾਂ ਆਪਣੀ @ਸ਼ੁਕਰਾਨਾ ਯਾਤਰਾ@ ਦੌਰਾਨ ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਸਰਕਾਰ ਨੇ ਮਸਤੂਆਣਾ ਸਾਹਿਬ ਵਿਖੇ ਪ੍ਰਸਤਾਵਿਤ ਮੈਡੀਕਲ ਕਾਲਜ ਦੀ ਉਸਾਰੀ ਨਾਲ ਸਬੰਧਤ ਸਾਰੀਆਂ ਰਸਮੀ ਕਾਰਵਾਈਆਂ ਪੂਰੀਆਂ ਕਰ ਲਈਆਂ ਹਨ ਅਤੇ ਇਸ ਪ੍ਰੋਜੈਕਟ ਲਈ ਪਛਾਣ ਕੀਤੀ ਗਈ ਜ਼ਮੀਨ ਦਾ ਨਿਰੀਖਣ ਕਰਨ ਲਈ ਕੇਂਦਰ ਸਰਕਾਰ ਦੀ ਇੱਕ ਟੀਮ ਦੇ ਜਲਦ ਆਉਣ ਦੀ ਉਮੀਦ ਹੈ।ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਇਹ ਵਿਕਾਸ ਖਿੱਤੇ ਵਿੱਚ ਡਾਕਟਰੀ ਸਿੱਖਿਆ ਅਤੇ ਸਿਹਤ ਸੰਭਾਲ ਸੇਵਾਵਾਂ ਲਈ ਵਿਸ਼ਵ ਪੱਧਰੀ ਸੰਸਥਾ ਸਥਾਪਤ ਕਰਨ ਵੱਲ ਇੱਕ ਵੱਡਾ ਕਦਮ ਹੈ। ਪ੍ਰਸਤਾਵਿਤ ਮੈਡੀਕਲ ਕਾਲਜ ਪੰਜਾਬ ਵਿੱਚ ਸਿਹਤ ਸੰਭਾਲ ਬੁਨਿਆਦੀ ਢਾਂਚੇ ਨੂੰ ਮਹੱਤਵਪੂਰਨ ਤੌਰ @ਤੇ ਮਜ਼ਬੂਤ ਕਰੇਗਾ ਅਤੇ ਰਾਜ ਦੇ ਅੰਦਰ ਡਾਕਟਰੀ ਪੜ੍ਹਾਈ ਕਰਨ ਦੇ ਚਾਹਵਾਨ ਵਿਦਿਆਰਥੀਆਂ ਲਈ ਮਿਆਰੀ ਵਿਦਿਅਕ ਮੌਕੇ ਪੈਦਾ ਕਰੇਗਾ। ਇਹ ਸੰਸਥਾ ਪੇਂਡੂ ਅਤੇ ਅਰਧ ਸ਼ਹਿਰੀ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਲਈ ਵਿਸ਼ੇਸ਼ ਸਿਹਤ ਸੰਭਾਲ ਸੇਵਾਵਾਂ ਤੱਕ ਪਹੁੰਚ ਨੂੰ ਬਿਹਤਰ ਬਣਾਉਣ ਵਿੱਚ ਵੀ ਮਦਦ ਕਰੇਗੀ।

ਪ੍ਰੋਜੈਕਟ ਸਬੰਧੀ ਪ੍ਰਵਾਨਗੀਆਂ ਬਾਰੇ ਬੋਲਦਿਆਂ ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਨੇ ਪ੍ਰੋਜੈਕਟ ਲਈ ਸਾਰੀਆਂ ਪ੍ਰਕਿਰਿਆਤਮਕ ਅਤੇ ਪ੍ਰਸ਼ਾਸਕੀ ਲੋੜਾਂ ਨੂੰ ਪਹਿਲਾਂ ਹੀ ਮਨਜ਼ੂਰੀ ਦੇ ਦਿੱਤੀ ਹੈ ਅਤੇ ਕੇਂਦਰੀ ਟੀਮ ਦਾ ਦੌਰਾ ਹੋਰ ਪ੍ਰਵਾਨਗੀਆਂ ਅਤੇ ਨਿਰਮਾਣ ਕਾਰਜ ਸ਼ੁਰੂ ਕਰਨ ਦਾ ਰਾਹ ਪੱਧਰਾ ਕਰੇਗਾ। ਸਾਡਾ ਧਿਆਨ ਇਹ ਯਕੀਨੀ ਬਣਾਉਣਾ ਹੈ ਕਿ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਮਿਆਰੀ ਸਿਹਤ ਸੰਭਾਲ ਸਹੂਲਤਾਂ ਮਿਲਣ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਪੰਜਾਬ ਵਿੱਚ ਹੀ ਆਪਣੀ ਉਚੇਰੀ ਸਿੱਖਿਆ ਲਈ ਬਿਹਤਰ ਮੌਕੇ ਮਿਲਣ। ਸੂਬਾ ਸਰਕਾਰ ਉੱਨਤ ਸਿਹਤ ਸੰਭਾਲ ਸਹੂਲਤਾਂ ਅਤੇ ਮਿਆਰੀ ਵਿਦਿਅਕ ਬੁਨਿਆਦੀ ਢਾਂਚੇ ਨਾਲ ਲੈਸ ਆਧੁਨਿਕ ਸੰਸਥਾਵਾਂ ਸਥਾਪਤ ਕਰਨ ਲਈ ਵਚਨਬੱਧ ਹੈ।

ਉਨ੍ਹਾਂ ਕਿਹਾ, ਇੱਕ ਸ਼ਰਧਾਲੂ ਅਤੇ ਨਿਮਾਣੇ ਸਿੱਖ ਵਜੋਂ, ਮੈਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਮੱਥਾ ਟੇਕਣ ਤੋਂ ਬਾਅਦ ਪੂਰੀ ਧਾਰਮਿਕ ਭਾਵਨਾ ਅਤੇ ਉਤਸ਼ਾਹ ਨਾਲ 'ਸ਼ੁਕਰਾਨਾ ਯਾਤਰਾ' ਸ਼ੁਰੂ ਕੀਤੀ। ਮੇਰਾ ਦਿਲ ਗੁਰੂ ਸਾਹਿਬ ਦਾ ਰਿਣੀ ਹੈ ਕਿ ਉਨ੍ਹਾਂ ਨੇ ਮੈਨੂੰ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਐਕਟ 2026 ਲਾਗੂ ਕਰਕੇ ਮਨੁੱਖਤਾ ਦੀ ਸੇਵਾ ਕਰਨ ਦਾ ਮੌਕਾ ਦਿੱਤਾ, ਜੋ 'ਬੇਅਦਬੀ' ਲਈ ਸਖ਼ਤ ਸਜ਼ਾ ਯਕੀਨੀ ਬਣਾਉਂਦਾ ਹੈ। ਇਸ ਕਾਨੂੰਨ ਨੂੰ ਇਤਿਹਾਸਕ ਦੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ, ਸਾਡੀ ਸਰਕਾਰ ਸੁਭਾਗੀ ਹੈ ਕਿ ਇਸ ਇਤਿਹਾਸਕ ਕਾਨੂੰਨ ਨੂੰ ਪਾਸ ਕਰਨ ਦੀ ਜ਼ਿੰਮੇਵਾਰੀ ਸਾਨੂੰ ਮਿਲੀ ਹੈ, ਜੋ ਭਵਿੱਖ ਵਿੱਚ 'ਬੇਅਦਬੀ' ਦੀਆਂ ਘਟਨਾਵਾਂ 'ਤੇ ਰੋਕ ਲਾਉਣ ਵਿੱਚ ਵਧੇਰੇ ਮਦਦਗਾਰ ਸਿੱਧ ਹੋਵੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ 'ਬੇਅਦਬੀ' ਪੰਜਾਬ ਵਿੱਚ ਸ਼ਾਂਤੀ, ਭਾਈਚਾਰਕ ਸਾਂਝ ਅਤੇ ਫਿਰਕੂ ਸਦਭਾਵਨਾ ਨੂੰ ਭੰਗ ਕਰਨ ਦੇ ਉਦੇਸ਼ ਨਾਲ ਇੱਕ ਡੂੰਘੀ ਸਾਜ਼ਿਸ਼ ਦਾ ਹਿੱਸਾ ਸੀ। ਇਹ ਐਕਟ ਇਹ ਯਕੀਨੀ ਬਣਾਉਂਦਾ ਹੈ ਕਿ ਇਸ ਨਾ-ਮੁਆਫੀਯੋਗ ਅਪਰਾਧ ਦੇ ਦੋਸ਼ੀ ਪਾਏ ਜਾਣ ਵਾਲੇ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਇਸ ਘਿਨਾਉਣੇ ਅਪਰਾਧ ਦੇ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਮਿਲੇਗੀ।

ਕਾਨੂੰਨ ਵਿੱਚ ਸਖ਼ਤ ਪ੍ਰਬੰਧਾਂ ਬਾਰੇ ਬੋਲਦਿਆਂ ਉਨ੍ਹਾਂ ਅੱਗੇ ਕਿਹਾ, 'ਬੇਅਦਬੀ' ਮਾਮਲਿਆਂ ਵਿੱਚ ਮਾਨਸਿਕ ਬਿਮਾਰੀ ਦੇ ਬਹਾਨੇ ਹੁਣ ਕੰਮ ਨਹੀਂ ਕਰਨਗੇ ਅਤੇ ਅਜਿਹੇ ਅਪਰਾਧਾਂ ਵਿੱਚ ਸ਼ਾਮਲ ਲੋਕਾਂ ਨੂੰ ਬਚਾਉਣ ਵਾਲਿਆਂ ਅਤੇ ਉਨ੍ਹਾਂ ਦੇ ਸਹਾਇਕਾਂ ਨੂੰ ਵੀ ਉਮਰ ਕੈਦ ਦੇ ਨਾਲ-ਨਾਲ 50 ਲੱਖ ਰੁਪਏ ਤੱਕ ਦੇ ਜੁਰਮਾਨੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਭਵਿੱਖ ਵਿੱਚ 'ਬੇਅਦਬੀ' ਘਟਨਾਵਾਂ ਵਿਰੁੱਧ ਇੱਕ ਮਜ਼ਬੂਤ ਰੋਕਥਾਮ ਵਜੋਂ ਕੰਮ ਕਰੇਗਾ ਅਤੇ ਕੋਈ ਵੀ ਵਿਅਕਤੀ ਦੁਬਾਰਾ ਅਜਿਹਾ ਅਪਰਾਧ ਕਰਨ ਦੀ ਹਿੰਮਤ ਨਹੀਂ ਕਰੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਰ ਸਿੱਖ ਲਈ ਪਿਤਾ ਸਮਾਨ ਹਨ ਅਤੇ ਇਸਦੀ ਪਵਿੱਤਰਤਾ ਨੂੰ ਯਕੀਨੀ ਬਣਾਉਣਾ ਸਮਾਜ ਦਾ ਸਮੂਹਿਕ ਫਰਜ਼ ਹੈ। ਵਿਸ਼ਵ ਭਰ ਦੇ ਲੋਕ ਇਸ ਕਾਨੂੰਨ ਦੇ ਲਾਗੂ ਹੋਣ @ਤੇ ਖੁਸ਼ੀ ਅਤੇ ਧੰਨਵਾਦ ਪ੍ਰਗਟ ਕਰ ਰਹੇ ਹਨ।

ਯਾਤਰਾ ਦੇ ਪਿੱਛੇ ਦੇ ਉਦੇਸ਼ ਬਾਰੇ ਦੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, 'ਸ਼ੁਕਰਾਨਾ ਯਾਤਰਾ' ਦਾ ਇੱਕੋ ਇੱਕ ਉਦੇਸ਼ ਗੁਰੂ ਸਾਹਿਬ ਦਾ ਧੰਨਵਾਦ ਕਰਨਾ ਹੈ ਕਿ ਉਨ੍ਹਾਂ ਨੇ ਮੈਨੂੰ ਇਸ ਮਹੱਤਵਪੂਰਨ ਕਾਨੂੰਨ ਨੂੰ ਪਾਸ ਕਰਨ ਦੀ ਤਾਕਤ ਅਤੇ ਹਿੰਮਤ ਦਿੱਤੀ। ਇਸ ਐਕਟ ਨੂੰ ਪਾਸ ਕਰਨ ਦੀ ਮੇਰੇ ਵਿੱਚ ਹਿੰਮਤ ਨਹੀਂ ਸੀ, ਪਰ ਗੁਰੂ ਸਾਹਿਬ ਨੇ ਖੁਦ ਇਹ ਸੇਵਾ ਮੇਰੇ ਤੋਂ ਲਈ ਹੈ। ਪਰਮਾਤਮਾ ਅਜਿਹੀ ਸੇਵਾ ਸਿਰਫ਼ ਉਨ੍ਹਾਂ ਲੋਕਾਂ ਨੂੰ ਸੌਂਪਦਾ ਹੈ ਜਿਨ੍ਹਾਂ ਨੂੰ ਉਹ ਆਪ ਚੁਣਦਾ ਹੈ।

ਆਪਣੇ ਆਪ ਨੂੰ ਗੁਰੂ ਸਾਹਿਬ ਦਾ ਨਿਮਾਣਾ ਸੇਵਕ ਦੱਸਦਿਆਂ, ਉਨ੍ਹਾਂ ਕਿਹਾ, ਇਹ ਇੱਕ ਵੱਡੀ ਜ਼ਿੰਮੇਵਾਰੀ ਸੀ ਕਿਉਂਕਿ ਸਮਾਜ ਦੇ ਸਾਰੇ ਵਰਗਾਂ ਦੇ ਲੋਕ ਲੰਬੇ ਸਮੇਂ ਤੋਂ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਅਜਿਹੇ ਕਾਨੂੰਨ ਦੀ ਮੰਗ ਕਰ ਰਹੇ ਸਨ। ਇਸ ਕਾਨੂੰਨ ਦਾ ਇੱਕੋ ਇੱਕ ਉਦੇਸ਼ ਉਨ੍ਹਾਂ ਲੋਕਾਂ ਦੀ ਮਦਦ ਕਰਨਾ ਹੈ, ਜਿਨ੍ਹਾਂ ਲੋਕਾਂ ਦੀਆਂ ਭਾਵਨਾਵਾਂ ਨੂੰ ਪਿਛਲੀਆਂ ਸਰਕਾਰਾਂ ਦੀ ਲਾਪਰਵਾਹੀ ਕਾਰਨ ਠੇਸ ਪਹੁੰਚੀ ਸੀ ਅਤੇ ਸਰਕਾਰ ਦਾ ਇਸ ਪਿੱਛੇ ਹੋਰ ਕੋਈ ਸਿਆਸੀ ਉਦੇਸ਼ ਨਹੀਂ ਹੈ। ਦੁਨੀਆ ਇਸ ਇਤਿਹਾਸਕ ਕਾਨੂੰਨ ਤੋਂ ਖੁਸ਼ ਹੈ ਅਤੇ ਮੈਨੂੰ ਇਸ ਪਹਿਲਕਦਮੀ ਲਈ ਧੰਨਵਾਦ ਕਰਨ ਵਾਲੇ ਲੋਕਾਂ ਵੱਲੋਂ ਰੋਜ਼ਾਨਾ ਕਈ ਫੋਨ ਆਉਂਦੇ ਹਨ।

ਕਾਨੂੰਨ ਦੇ ਆਲੋਚਕਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਕੁਝ ਲੋਕ ਕਾਨੂੰਨ ਦਾ ਵਿਰੋਧ ਕਰ ਰਹੇ ਹਨ ਕਿਉਂਕਿ ਉਨ੍ਹਾਂ ਦੇ ਸਿਆਸੀ ਆਗੂ ਇਸ ਤੋਂ ਨਾਖੁਸ਼ ਹਨ। ਇਹ ਮੰਦਭਾਗਾ ਹੈ ਕਿ ਕੁਝ ਲੋਕ ਸਿਰਫ ਆਪਣੇ ਨਿੱਜੀ ਹਿੱਤਾਂ ਲਈ ਇਸ ਸੰਵੇਦਨਸ਼ੀਲ ਮੁੱਦੇ @ਤੇ ਵੀ ਰਾਜਨੀਤੀ ਕਰ ਰਹੇ ਹਨ ਕਿਉਂਕਿ ਉਹ ਜਾਣਦੇ ਹਨ ਕਿ ਉਹ ਜਲਦ ਹੀ ਗੰਭੀਰ ਪਾਪਾਂ ਲਈ ਸਲਾਖਾਂ ਪਿੱਛੇ ਜਾ ਸਕਦੇ ਹਨ।

ਬਠਿੰਡਾ ਨੂੰ ਮਾਲਵਾ ਖੇਤਰ ਦਾ ਕੇਂਦਰ ਦੱਸਦਿਆਂ ਉਨ੍ਹਾਂ ਅੱਗੇ ਕਿਹਾ, 'ਸ਼ੁਕਰਾਨਾ ਯਾਤਰਾ' ਨੂੰ ਮਿਲਿਆ ਵੱਡਾ ਹੁੰਗਾਰਾ ਕਾਨੂੰਨ ਦੇ ਲਾਗੂ ਹੋਣ ਨਾਲ ਲੋਕਾਂ ਦੀ ਖੁਸ਼ੀ ਅਤੇ ਭਾਵਨਾਤਮਕ ਸਬੰਧ ਨੂੰ ਦਰਸਾਉਂਦਾ ਹੈ। ਪਿਛਲੀਆਂ ਸਰਕਾਰਾਂ ਨੇ ਕਦੇ ਵੀ ਅਜਿਹਾ ਕਾਨੂੰਨ ਬਣਾਉਣ ਦੀ ਖੇਚਲ ਨਹੀਂ ਕੀਤੀ ਕਿਉਂਕਿ ਉਹ ਕਦੇ ਨਹੀਂ ਚਾਹੁੰਦੀਆਂ ਸਨ ਕਿ 'ਬੇਅਦਬੀ' ਘਟਨਾਵਾਂ ਦੇ ਦੋਸ਼ੀ ਸਲਾਖਾਂ ਪਿੱਛੇ ਜਾਣ। ਅਕਾਲੀਆਂ @ਤੇ ਵਰ੍ਹਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ÷ਉਹ ਆਪਣੇ ਕਾਰਜਕਾਲ ਦੌਰਾਨ ਅਜਿਹਾ ਕਾਨੂੰਨ ਬਣਾਉਣ ਪ੍ਰਤੀ ਕਦੇ ਵੀ ਸੁਹਿਰਦ ਨਹੀਂ ਸਨ ਕਿਉਂਕਿ ਉਨ੍ਹਾਂ ਦੀ ਨੀਅਤ ਸ਼ੁਰੂ ਤੋਂ ਹੀ ਠੀਕ ਨਹੀਂ ਰਹੀ। ਅਕਾਲੀ ਆਗੂਆਂ ਨੇ ਬਾਬੇ ਨਾਨਕ ਦੇ ਨਾਮ @ਤੇ ਵੋਟਾਂ ਮੰਗਣ ਦੇ ਬਾਵਜੂਦ ਆਪਣੇ ਸਿਆਸੀ ਮੁਫ਼ਾਦਾਂ ਲਈ @ਬੇਅਦਬੀ@ ਦੀਆਂ ਘਟਨਾਵਾਂ ਹੋਣ ਦਿੱਤੀਆਂ। ਉਨ੍ਹਾਂ ਨੇ ਬਾਬੇ ਨਾਨਕ ਦੇ ਨਾਮ @ਤੇ ਵੋਟਾਂ ਮੰਗ ਕੇ ਉਨ੍ਹਾਂ ਦੀ ਹੀ ਬਾਣੀ ਦਾ ਨਿਰਾਦਰ ਕੀਤਾ। ਉਨ੍ਹਾਂ ਨੇ ਅਕਾਲ ਤਖ਼ਤ ਸਾਹਿਬ ਅੱਗੇ ਆਪਣੀਆਂ ਗਲਤੀਆਂ ਮੰਨੀਆਂ ਪਰ ਬਾਅਦ ਵਿੱਚ ਉਹ ਜਨਤਕ ਤੌਰ @ਤੇ ਇਸ ਤੋਂ ਮੁਨਕਰ ਹੋ ਗਏ। ਜੋ ਅਕਾਲ ਤਖ਼ਤ ਅੱਗੇ ਝੂਠ ਬੋਲ ਸਕਦੇ ਹਨ, ਉਹ ਕਦੇ ਵੀ ਕਿਸੇ ਦੇ ਵਫ਼ਾਦਾਰ ਨਹੀਂ ਰਹਿ ਸਕਦੇ।÷ ਉਨ੍ਹਾਂ ਨੇ ਲੋਕਾਂ ਨੂੰ ਅਜਿਹੇ ਆਗੂਆਂ ਤੋਂ ਸਾਵਧਾਨ ਰਹਿਣ ਦੀ ਅਪੀਲ ਕੀਤੀ।

ਵਿਰੋਧੀ ਪਾਰਟੀਆਂ @ਤੇ ਨਿਸ਼ਾਨਾ ਸਾਧਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਿਛਲੀਆਂ ਕਾਂਗਰਸ ਅਤੇ ਅਕਾਲੀ ਸਰਕਾਰਾਂ ਨੇ ਆਮ ਲੋਕਾਂ ਦੀ ਭਲਾਈ ਨੂੰ ਅੱਖੋਂ ਪਰੋਖੇ ਕਰਦਿਆਂ ਭਾਈ-ਭਤੀਜਾਵਾਦ ਅਤੇ ਭ੍ਰਿਸ਼ਟਾਚਾਰ ਨੂੰ ਉਤਸ਼ਾਹਿਤ ਕੀਤਾ । ਉਹਨਾਂ ਕਿਹਾ,÷ਮੌਜੂਦਾ ਪੰਜਾਬ ਸਰਕਾਰ ਸਮਾਜ ਦੇ ਹਰ ਵਰਗ ਲਈ ਇਮਾਨਦਾਰੀ ਅਤੇ ਪਾਰਦਰਸ਼ੀ ਢੰਗ ਨਾਲ ਕੰਮ ਕਰ ਰਹੀ ਹੈ। ਟੈਕਸਦਾਤਾਵਾਂ ਦਾ ਪੈਸਾ ਹੁਣ ਭਲਾਈ ਕੰਮਾਂ @ਤੇ ਸਮਝਦਾਰੀ ਨਾਲ ਖਰਚ ਕੀਤਾ ਜਾ ਰਿਹਾ ਹੈ ਅਤੇ ਭ੍ਰਿਸ਼ਟਾਚਾਰ ਅਤੇ ਕਮਿਸ਼ਨਾਂ ਦੀ ਬਜਾਏ ਵਿਕਾਸ, ਸਕੂਲਾਂ, ਹਸਪਤਾਲਾਂ ਅਤੇ ਸੜਕਾਂ ਰਾਹੀਂ ਲੋਕਾਂ ਨੂੰ ਹੀ ਵਾਪਸ ਕੀਤਾ ਜਾ ਰਿਹਾ ਹੈ।

ਆਪ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ÷ਪੰਜਾਬ ਵਿੱਚ 90 ਪ੍ਰਤੀਸ਼ਤ ਤੋਂ ਵੱਧ ਘਰਾਂ ਨੂੰ ਮੁਫ਼ਤ ਬਿਜਲੀ ਮਿਲ ਰਹੀ ਹੈ ਅਤੇ 65,000 ਤੋਂ ਵੱਧ ਨੌਜਵਾਨਾਂ ਨੇ ਬਿਨਾਂ ਸਿਫਾਰਿਸ਼ ਤੋਂ ਸਰਕਾਰੀ ਨੌਕਰੀਆਂ ਪ੍ਰਾਪਤ ਕੀਤੀਆਂ ਹਨ। ਰਾਜ ਭਰ ਵਿੱਚ ਸੜਕਾਂ ਅਤੇ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕੀਤਾ ਜਾ ਰਿਹਾ ਹੈ ਅਤੇ ਕਈ ਟੋਲ ਪਲਾਜ਼ਾ ਬੰਦ ਕਰ ਦਿੱਤੇ ਗਏ ਹਨ, ਜਿਸ ਨਾਲ ਲੋਕਾਂ ਲਈ ਰੋਜ਼ਾਨਾ ਲਗਭਗ 70 ਲੱਖ ਰੁਪਏ ਦੀ ਬਚਤ ਹੁੰਦੀ ਹੈ।

ਸਿੰਚਾਈ ਸੁਧਾਰਾਂ ਬਾਰੇ ਬੋਲਦਿਆਂ ਮੁੱਖ ਮੰਤਰੀ ਨੇ ਕਿਹਾ, ਜਦੋਂ 2022 ਵਿੱਚ @ਆਪ@ ਸਰਕਾਰ ਨੇ ਸੱਤਾ ਸੰਭਾਲੀ ਸੀ ਤਾਂ ਸੂਬੇ ਵਿੱਚ ਸਿੰਚਾਈ ਲਈ ਸਿਰਫ਼ 21 ਪ੍ਰਤੀਸ਼ਤ ਨਹਿਰੀ ਪਾਣੀ ਵਰਤਿਆ ਜਾ ਰਿਹਾ ਸੀ। ਅੱਜ ਸਿੰਚਾਈ ਲਈ ਲਗਭਗ 68 ਪ੍ਰਤੀਸ਼ਤ ਨਹਿਰੀ ਪਾਣੀ ਵਰਤਿਆ ਜਾ ਰਿਹਾ ਹੈ ਅਤੇ ਆਉਣ ਵਾਲੇ ਝੋਨੇ ਦੇ ਸੀਜ਼ਨ ਤੱਕ ਇਹ ਅੰਕੜਾ 85 ਪ੍ਰਤੀਸ਼ਤ ਹੋ ਜਾਵੇਗਾ।

## ਮਦਰਜ਼-ਡੇ ਉਤੇ ਵਿਸ਼ੇਸ਼ : ....

# ਮਾਂ : ਪਿਆਰ, ਤਿਆਗ ਅਤੇ ਮਮਤਾ ਦਾ ਦੂਜਾ ਨਾਮ

ਮਦਰਜ਼ ਡੇ : ਮਾਂ ਦੇ ਅਥਾਹ ਪਿਆਰ, ਤਿਆਗ ਅਤੇ ਮਮਤਾ ਨੂੰ ਨਮਨ ਮਾਂ — ਇਹ ਸਿਰਫ਼ ਇੱਕ ਸ਼ਬਦ ਨਹੀਂ, ਸਗੋਂ ਪੂਰੀ ਜ਼ਿੰਦਗੀ ਦੀ ਸਭ ਤੋਂ ਸੋਹਣੀ ਭਾਵਨਾ ਹੈ। ਮਾਂ ਉਹ ਹਸਤੀ ਹੈ ਜੋ ਆਪਣੇ ਬੱਚੇ ਲਈ ਹਰ ਦੁੱਖ ਸਹਾਰ ਲੈਂਦੀ ਹੈ ਪਰ ਉਸ ਨੂੰ ਕਦੇ ਤਕਲੀਫ਼ ਨਹੀਂ ਆਉਣ ਦਿੰਦੀ। ਮਾਂ ਦੇ ਪਿਆਰ ਵਿੱਚ ਨਾ ਕੋਈ ਸਵਾਰਥ ਹੁੰਦਾ ਹੈ ਅਤੇ ਨਾ ਹੀ ਕੋਈ ਉਮੀਦ। ਉਸ ਦੀ ਮਮਤਾ ਬਿਨਾ ਸ਼ਰਤਾਂ ਵਾਲੀ ਹੁੰਦੀ ਹੈ। ਜਦੋਂ ਇੱਕ ਬੱਚਾ ਜਨਮ ਲੈਂਦਾ ਹੈ, ਉਸ ਸਮੇਂ ਤੋਂ ਹੀ ਮਾਂ ਆਪਣੀ ਹਰ ਖੁਸ਼ੀ, ਹਰ ਸੁਪਨਾ ਆਪਣੇ ਬੱਚਿਆਂ ਲਈ ਸਮਰਪਿਤ ਕਰ ਦਿੰਦੀ ਹੈ। ਇਸ ਨਿਸ਼ਕਾਮ ਪਿਆਰ ਅਤੇ ਤਿਆਗ ਨੂੰ ਸਲਾਮ ਕਰਨ ਲਈ ਹਰ ਸਾਲ ਮਈ ਮਹੀਨੇ ਦੇ ਦੂਜੇ ਐਤਵਾਰ ਨੂੰ ਮਦਰਜ਼ ਡੇ ਮਨਾਇਆ ਜਾਂਦਾ ਹੈ। ਮਦਰਜ਼ ਡੇ ਮਨਾਉਣ ਦੀ ਸ਼ੁਰੂਆਤ ਵਿਦੇਸ਼ਾਂ ਤੋਂ ਹੋਈ ਸੀ, ਪਰ ਅੱਜ ਇਹ ਦਿਨ ਪੂਰੀ ਦੁਨੀਆ ਵਿੱਚ ਬੜੇ ਸਤਿਕਾਰ ਅਤੇ ਪਿਆਰ ਨਾਲ ਮਨਾਇਆ ਜਾਂਦਾ



ਹੈ। ਇਸ ਦਿਨ ਬੱਚੇ ਆਪਣੀ ਮਾਂ ਪ੍ਰਤੀ ਆਪਣਾ ਪਿਆਰ ਜਤਾਉਂਦੇ ਹਨ, ਉਨ੍ਹਾਂ ਨੂੰ ਤੋਹਫ਼ੇ ਦਿੰਦੇ ਹਨ, ਕਾਰਡ ਬਣਾਉਂਦੇ ਹਨ ਅਤੇ ਉਨ੍ਹਾਂ ਦੇ ਯੋਗਦਾਨ ਲਈ ਧੰਨਵਾਦ ਕਰਦੇ ਹਨ। ਪਰ ਅਸਲ ਵਿੱਚ ਮਾਂ ਲਈ ਸਭ ਤੋਂ ਵੱਡਾ ਤੋਹ.ਫ਼ਾ ਬੱਚਿਆਂ ਦੀ ਇੱਜ਼ਤ, ਪਿਆਰ ਅਤੇ ਚੰਗਾ ਵਿਹਾਰ ਹੁੰਦਾ ਹੈ। ਮਾਂ ਮਨੁੱਖ ਦੀ ਪਹਿਲੀ ਅਧਿਆਪਕ ਹੁੰਦੀ ਹੈ। ਬੱਚਾ ਜਦੋਂ ਬੋਲਣਾ ਵੀ ਨਹੀਂ ਜਾਣਦਾ, ਮਾਂ ਉਸ ਨੂੰ ਚੱਲਣਾ, ਬੋਲਣਾ ਅਤੇ ਜੀਵਨ ਦੇ ਸੰਸਕਾਰ ਸਿਖਾਉਂਦੀ ਹੈ। ਉਹ ਆਪਣੇ ਬੱਚਿਆਂ ਨੂੰ ਸਿਰਫ਼ ਸਿੱਖਿਆ ਹੀ ਨਹੀਂ ਦਿੰਦੀ, ਸਗੋਂ ਚੰਗੇ ਮਨੁੱਖ ਬਣਨ ਦੀ ਪ੍ਰੇਰਣਾ ਵੀ ਦਿੰਦੀ ਹੈ। ਮਾਂ ਦੇ ਦਿਲ ਵਿੱਚ ਆਪਣੇ ਬੱਚਿਆਂ ਲਈ ਅਥਾਹ ਪਿਆਰ ਹੁੰਦਾ ਹੈ। ਬੱਚਾ ਚਾਹੇ ਕਿੰਨਾ ਵੀ ਵੱਡਾ ਹੋ ਜਾਵੇ, ਮਾਂ ਲਈ ਉਹ ਹਮੇਸ਼ਾਂ ਇੱਕ ਛੋਟਾ ਬੱਚਾ ਹੀ ਰਹਿੰਦਾ ਹੈ। ਅੱਜ ਦੇ ਦੌਰ ਵਿੱਚ ਜਦੋਂ ਜੀਵਨ ਬਹੁਤ ਤੇਜ਼ ਹੋ ਗਿਆ ਹੈ, ਲੋਕ ਆਪਣੇ ਕੰਮਾਂ ਵਿੱਚ ਇੰਨੇ ਵਿਅਸਤ ਹੋ ਗਏ ਹਨ ਕਿ ਮਾਪਿਆਂ ਲਈ ਸਮਾਂ ਕੱਢਣਾ ਵੀ ਮੁਸ਼ਕਲ ਸਮਝਦੇ ਹਨ। ਕਈ ਵਾਰ ਬਜ਼ੁਰਗ ਮਾਪੇ ਇਕੱਲੇਪਨ ਦਾ ਸ਼ਿਕਾਰ ਹੋ ਜਾਂਦੇ ਹਨ। ਅਜਿਹੇ ਸਮੇਂ ਵਿੱਚ ਮਦਰਜ਼ ਡੇ ਸਾਨੂੰ ਇਹ ਸਿੱਖ ਦਿੰਦਾ ਹੈ ਕਿ ਸਿਰਫ਼ ਇੱਕ ਦਿਨ ਨਹੀਂ, ਸਗੋਂ ਹਰ ਦਿਨ ਆਪਣੀ ਮਾਂ ਦੀ ਕਦਰ ਕਰਨੀ ਚਾਹੀਦੀ ਹੈ। ਜਿਸ ਮਾਂ ਨੇ ਸਾਨੂੰ ਜਨਮ ਦਿੱਤਾ, ਆਪਣੀਆਂ ਰਾਤਾਂ ਦੀ ਨੀਂਦ ਤਿਆਗ ਕੇ ਸਾਡੀ ਪਰਵਰਿਸ਼ ਕੀਤੀ, ਉਸ ਦੀ ਸੇਵਾ ਕਰਨਾ ਸਾਡਾ ਸਭ ਤੋਂ ਵੱਡਾ ਫਰਜ਼ ਹੈ। ਮਾਂ ਦਾ ਪਿਆਰ ਹਰ ਹਾਲਤ ਵਿੱਚ ਇਕਸਾਰ ਰਹਿੰਦਾ ਹੈ। ਜਦੋਂ ਦੁਨੀਆ ਸਾਡਾ ਸਾਥ ਛੱਡ ਦਿੰਦੀ ਹੈ, ਮਾਂ ਫਿਰ ਵੀ ਸਾਡੇ ਨਾਲ ਖੜੀ ਰਹਿੰਦੀ ਹੈ। ਉਸ ਦੀਆਂ ਦੁਆਵਾਂ ਵਿੱਚ ਉਹ ਤਾਕਤ ਹੁੰਦੀ ਹੈ ਜੋ ਮਨੁੱਖ ਨੂੰ ਹਰ ਮੁਸ਼ਕਲ ਨਾਲ ਲੜਨ ਦਾ ਹੌਸਲਾ ਦਿੰਦੀ ਹੈ। ਕਹਿੰਦੇ ਹਨ ਕਿ ਰੱਬ ਹਰ ਜਗ੍ਹਾ ਨਹੀਂ ਪਹੁੰਚ ਸਕਦਾ ਸੀ, ਇਸ ਲਈ ਉਸ ਨੇ ਮਾਂ ਬਣਾਈ। ਇਹ ਗੱਲ ਮਾਂ ਦੀ ਮਹਾਨਤਾ ਨੂੰ ਦਰਸਾਉਂਦੀ ਹੈ। ਸਾਡੇ ਸਮਾਜ ਵਿੱਚ ਵੀ ਮਾਂ ਨੂੰ ਸਭ ਤੋਂ ਉੱਚਾ ਦਰਜਾ ਦਿੱਤਾ ਗਿਆ ਹੈ। ਪੰਜਾਬੀ ਸਾਹਿਤ, ਲੋਕ-ਗੀਤਾਂ ਅਤੇ ਕਵਿਤਾਵਾਂ ਵਿੱਚ ਮਾਂ ਦੀ ਮਮਤਾ ਦਾ ਬਹੁਤ ਸੁੰਦਰ ਵਰਣਨ ਮਿਲਦਾ ਹੈ। ਮਾਂ ਦੀ ਝੋਲੀ ਬੱਚੇ ਲਈ ਦੁਨੀਆ ਦੀ ਸਭ ਤੋਂ ਸੁਰੱਖਿਅਤ ਜਗ੍ਹਾ ਹੁੰਦੀ ਹੈ। ਉਸ ਦੀ ਇੱਕ ਮੁਸਕਾਨ ਬੱਚੇ ਦੇ ਹਰ ਦੁੱਖ ਨੂੰ ਦੂਰ ਕਰ ਸਕਦੀ ਹੈ। ਮਦਰਜ਼ ਡੇ ਸਿਰਫ਼ ਕੇਕ ਕੱਟਣ ਜਾਂ ਸੋਸ਼ਲ ਮੀਡੀਆ 'ਤੇ ਪੋਸਟਾਂ ਪਾਉਣ ਦਾ ਦਿਨ ਨਹੀਂ ਹੈ। ਇਹ ਦਿਨ ਸਾਨੂੰ ਆਪਣੀ ਮਾਂ ਦੇ ਸੰਘਰਸ਼, ਤਿਆਗ ਅਤੇ ਪਿਆਰ ਨੂੰ ਸਮਝਣ ਦਾ ਮੌਕਾ ਦਿੰਦਾ ਹੈ। ਸਾਨੂੰ ਇਹ ਪ੍ਰਣ ਕਰਨਾ ਚਾਹੀਦਾ ਹੈ ਕਿ ਅਸੀਂ ਆਪਣੇ ਮਾਪਿਆਂ ਦਾ ਸਤਿਕਾਰ ਕਰਾਂਗੇ, ਉਨ੍ਹਾਂ ਦੀਆਂ ਭਾਵਨਾਵਾਂ ਦੀ ਕਦਰ ਕਰਾਂਗੇ ਅਤੇ ਉਨ੍ਹਾਂ ਨੂੰ ਕਦੇ ਇਕੱਲਾ ਮਹਿਸੂਸ ਨਹੀਂ ਹੋਣ ਦੇਵਾਂਗੇ। ਅੰਤ ਵਿੱਚ, ਇਹੀ ਕਿਹਾ ਜਾ ਸਕਦਾ ਹੈ ਕਿ ਮਾਂ ਦਾ ਰਿਸ਼ਤਾ ਦੁਨੀਆ ਦਾ ਸਭ ਤੋਂ ਪਵਿੱਤਰ ਅਤੇ ਅਨਮੋਲ ਰਿਸ਼ਤਾ ਹੈ। ਮਾਂ ਦੇ ਅਹਿਸਾਨਾਂ ਦਾ ਕਰਜ਼ਾ ਕਦੇ ਨਹੀਂ ਉਤਾਰਿਆ ਜਾ ਸਕਦਾ। ਮਦਰਜ਼ ਡੇ ਸਾਨੂੰ ਮਾਂ ਪ੍ਰਤੀ ਆਪਣਾ ਪਿਆਰ ਅਤੇ ਸਤਿਕਾਰ ਪ੍ਰਗਟ ਕਰਨ ਦਾ ਸੁੰਦਰ ਮੌਕਾ ਦਿੰਦਾ ਹੈ। ਸਾਨੂੰ ਚਾਹੀਦਾ ਹੈ ਕਿ ਅਸੀਂ ਹਰ ਦਿਨ ਆਪਣੀ ਮਾਂ ਦੀ ਇੱਜ਼ਤ ਕਰੀਏ ਅਤੇ ਉਸ ਦੀਆਂ ਦੁਆਵਾਂ ਨੂੰ ਆਪਣੀ ਸਭ ਤੋਂ ਵੱਡੀ ਦੌਲਤ ਸਮਝੀਏ। ਮਾਂ ਦੀ ਮਮਤਾ ਉਹ ਛਾਂ ਹੈ, ਜਿਸ ਹੇਠ ਬੱਚਾ ਸਾਰੀ ਉਮਰ ਸੁਰੱਖਿਅਤ ਰਹਿੰਦਾ ਹੈ। ਮਾਂ ਦੀ ਮਮਤਾ ਉਹ ਛਾਂ ਹੈ, ਜਿਸ ਹੇਠ ਬੱਚਾ ਸਾਰੀ ਉਮਰ ਸੁਰੱਖਿਅਤ ਰਹਿੰਦਾ ਹੈ। **— ਲੇਖਕ : ਵਰਸ਼ਾ ਵਰਮਾ —**

**- ਪ੍ਰਸਤੁਤੀ : ਲੀਜ਼ਾ, ਈਸ਼ਾ ਵਰਮਾ -**

# ਕੁਦਰਤੀ ਸਰੋਤਾਂ ਦੀ ਬਿਹਤਰ ਵਰਤੋਂ ਤੇ ਨਵੀਆਂ ਖੇਤੀ ਤਕਨੀਕਾਂ

ਪੰਜਾਬ ਦੀ ਅਜੋਕੀ ਖੇਤੀ ਕਈ ਚੁਣੌਤੀਆਂ ਨਾਲ ਜੂਝ ਰਹੀ ਹੈ। 1960 ਦੇ ਦਹਾਕੇ ਵਿੱਚ ਵੱਧ ਝਾੜ ਦੇਣ ਵਾਲੀਆਂ ਕਣਕ ਤੇ ਝੋਨੇ ਦੀਆਂ ਕਿਸਮਾਂ ਦੇ ਅਪਣਾਏ ਜਾਣ ਅਤੇ ਇਨ੍ਹਾਂ ਦੀ ਹੱਲਾਸ਼ੇਰੀ ਲਈ ਸਰਕਾਰੀ ਨੀਤੀਆਂ ਲਾਗੂ ਹੋਣ ਨਾਲ ਕਣਕ-ਝੋਨਾ ਸੂਬੇ ਦਾ ਪ੍ਰਮੁੱਖ ਫ਼ਸਲੀ ਚੱਕਰ ਬਣ ਗਿਆ ਹੈ। ਪੰਜਾਬ ਦੇ ਕਿਸਾਨਾਂ ਨੇ ਇਸ ਸਾਲ ਰਾਸ਼ਟਰੀ ਅਨਾਜ ਸੁਰੱਖਿਆ ਲਈ ਸ਼ਲਾਘਾਯੋਗ ਯੋਗਦਾਨ ਪਾਇਆ ਪਰ ਇਸ ਫ਼ਸਲੀ ਚੱਕਰ ਦੇ ਵੱਡੇ ਪੱਧਰ 'ਤੇ ਅਪਨਾਏ ਜਾਣ ਨਾਲ ਸੂਬੇ ਦੇ ਕੁਦਰਤੀ ਸਰੋਤਾਂ, ਖ਼ਾਸ ਕਰਕੇ ਪਾਣੀ ਅਤੇ ਭੂਮੀ ਸਿਹਤ 'ਤੇ ਬਹੁਤ ਬੋਝ ਪੈ ਰਿਹਾ ਹੈ। ਝੋਨੇ ਦੀ ਫ਼ਸਲ ਵੱਧ ਪਾਣੀ ਲੈਂਦੀ ਹੈ। ਹਾਲਾਂਕਿ ਇਹ ਪੰਜਾਬ ਦੀ ਪਰੰਪਰਾਗਤ ਫ਼ਸਲ ਨਹੀਂ ਸੀ ਪਰ ਇਸ ਹੇਠਾਂ ਰਕਬਾ ਜੋ 1960-61 ਵਿੱਚ 2.3 ਲੱਖ ਹੈਕਟੇਅਰ ਸੀ ਵਧ ਕੇ 2013-14 ਵਿੱਚ 28.5 ਲੱਖ ਹੈਕਟੇਅਰ ਹੋ ਗਿਆ। ਪਾਣੀ ਦੀ ਲੋੜ ਪੂਰੀ ਕਰਨ ਲਈ ਟਿਊਬਵੈਲ ਲਗਾਤਾਰ ਲੱਗਦੇ ਰਹੇ। ਹੁਣ ਸੂਬੇ ਵਿੱਚ ਕੁੱਲ 13.8 ਲੱਖ ਟਿਊਬਵੈਲ ਹਨ ਜੋ ਕਿ ਸਿੰਚਾਈ ਦੀ 73 ਫ਼ੀਸਦੀ ਲੋੜ ਪੂਰੀ ਕਰਦੇ ਹਨ। ਟਿਊਬਵੈਲਾਂ ਰਾਹੀਂ ਸਿੰਚਾਈ ਲਈ ਪਾਣੀ ਕੱਢੇ ਜਾਣ ਕਾਰਨ ਸੂਬੇ ਦੇ 70 ਫ਼ੀਸਦੀ ਰਕਬੇ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਡੂੰਘਾ ਹੋ ਰਿਹਾ ਹੈ। ਇਹ ਸਮੱਸਿਆ ਕੇਂਦਰੀ ਪੰਜਾਬ ਵਿੱਚ ਗੰਭੀਰ ਰੂਪ ਧਾਰਨ ਕਰ ਗਈ ਹੈ। ਸੂਬੇ ਵਿੱਚ 11 ਟਨ ਪ੍ਰਤੀ ਹੈਕਟੇਅਰ (6 ਟਨ ਜੀਰੀ +5 ਟਨ ਕਣਕ) ਪੈਦਾਵਾਰ ਲੈਣ ਲਈ ਖ਼ੁਰਾਕੀ ਤੱਤਾਂ ਦੀ ਵਧੇਰੇ ਵਰਤੋਂ ਕਰਨੀ ਪੈਂਦੀ ਹੈ। ਸਿੱਟੇ ਵਜੋਂ ਭੂਮੀ ਵਿੱਚ ਕਈ ਤਰ੍ਹਾਂ ਦੀਆਂ ਖ਼ੁਰਾਕੀ ਕਮੀਆਂ ਆ ਰਹੀਆਂ ਹਨ ਜਿਸ ਕਾਰਨ ਵੱਧ ਖਾਦਾਂ ਵਰਤਣ ਦੀ ਲੋੜ ਪੈ ਰਹੀ ਹੈ। ਖਾਦਾਂ ਦੀ ਬੇਹਿਸਾਬੀ ਵਰਤੋਂ ਖ਼ਾਸਕਰ ਨਾਈਟ੍ਰੋਜਨ ਖਾਦ 'ਤੇ ਵਧੇਰੇ ਨਿਰਭਰਤਾ ਨਾਲ ਭੂਮੀ ਸਿਹਤ 'ਤੇ ਮਾੜਾ ਅਸਰ ਪੈ ਰਿਹਾ ਹੈ। ਪੰਜਾਬ ਐਗਰੀਕਲਚਰ ਯੂਨੀਵਰਸਿਟੀ (ਪੀ.ਏ.ਯੂ.) ਨੇ ਕੁਦਰਤੀ ਸਰੋਤਾਂ ਦੀ ਸੁਚੱਜੀ ਵਰਤੋਂ ਕਰਨ ਦੇ ਮੰਤਵ ਨਾਲ ਪਾਣੀ ਬਚਾਓ ਅਤੇ ਖ਼ੁਰਾਕੀ ਤੱਤਾਂ ਦੀ ਯੋਗ ਵਰਤੋਂ ਲਈ ਕਈ ਸੁਧਰੀਆਂ ਤਕਨੀਕਾਂ ਵਿਕਸਿਤ ਕਰਨ 'ਤੇ ਜ਼ੋਰ ਦਿੱਤਾ ਹੈ। ਪੀ.ਏ.ਯੂ. ਵੱਲੋਂ ਕਈ ਤਰ੍ਹਾਂ ਦੀਆਂ ਤਕਨੀਕਾਂ ਜਿਵੇਂ ਕਿ ਲੇਜ਼ਰ ਲੈਂਡ ਲੈਵਲਰ, ਝੋਨੇ ਦੀ ਸਿੱਧੀ ਬਿਜਾਈ, ਲੋੜ ਮੁਤਾਬਿਕ ਸਿੰਜਾਈ ਕਰਨ ਲਈ ਟੈਂਸ਼ੀਓਮੀਟਰ ਅਤੇ ਨਾਈਟ੍ਰੋਜਨ ਖਾਦ ਦੀ ਵਰਤੋਂ ਲਈ ਪੱਤਾ ਰੰਗ ਚਾਰਟ ਆਦਿ ਤਕਨੀਕਾਂ ਵਿਕਸਤ ਕੀਤੀਆਂ ਗਈਆਂ ਹਨ। ਸੂਬੇ ਦਾ ਲਗਪਗ 14 ਲੱਖ ਹੈਕਟੇਅਰ ਰਕਬਾ ਲੇਜ਼ਰ ਲੈਂਡ ਲੈਵਲਰ ਨਾਲ ਪੱਧਰਾ ਕੀਤਾ ਗਿਆ ਹੈ। ਖੇਤੀ ਪਸਾਰ ਉਦਮਾਂ ਸਦਕਾ ਪੰਜਾਬ ਵਿੱਚ ਝੋਨੇ ਦੀ ਸਿੱਧੀ ਬਿਜਾਈ ਦੇ ਖਿੱਤੇ (ਅਜਫੀਕਤ) ਬਣ ਸਕੇ ਹਨ। ਖਰੀਫ਼ 2014 ਵਿੱਚ ਝੋਨੇ ਦੀ ਸਿੱਧੀ ਬਿਜਾਈ ਰਾਹੀਂ ਲਗਪਗ 10 ਫ਼ੀਸਦੀ ਪਾਣੀ ਦੀ ਬੱਚਤ ਹੁੰਦੀ ਹੈ। ਸੂਬੇ ਦੀ ਸੇਮ ਵਾਲੀ ਜ਼ਮੀਨ ਵਾਲੇ ਮੁਕਤਸਰ ਜ਼ਿਲ੍ਹੇ ਵਿੱਚ ਝੋਨੇ ਦੀ ਸਿੱਧੀ ਬਿਜਾਈ ਦਾ ਲਗਪਗ 1.5 ਲੱਖ ਏਕੜ ਦਾ ਸਭ ਤੋਂ ਵੱਡਾ ਖਿੱਤਾ ਬਣ ਗਿਆ ਹੈ। ਪੀ.ਏ.ਯੂ. ਵੱਲੋਂ ਮੱਕੀ ਦੀ ਵੱਟਾਂ ਦੀ ਬਿਜਾਈ ਅਤੇ ਤੁਪਕਾ ਸਿੰਚਾਈ, ਆਲੂ ਦੀ ਫ਼ਸਲ ਵਿੱਚ ਪਰਾਲੀ ਦੀ ਮਲਚਿੰਗ ਆਦਿ ਤਕਨੀਕਾਂ ਦੀ ਸਿਫ਼ਾਰਸ਼ ਕੀਤੀ ਗਈ ਹੈ। ਪਾਣੀ ਦੀ ਬੱਚਤ ਕਰਨ ਵਾਲੀਆਂ ਇਨ੍ਹਾਂ ਤਕਨੀਕਾਂ ਦੀ ਵਰਤੋਂ ਕਰਨ ਅਤੇ ਪੰਜਾਬ ਪ੍ਰਜ਼ਰਵੇਸ਼ਨ ਆਫ਼ ਸਬ ਸੋਆਇਲ ਵਾਟਰ ਐਕਟ ਦੇ ਲਾਗੂ ਹੋਣ ਨਾਲ ਧਰਤੀ ਹੇਠਲੇ ਪਾਣੀ ਦੀ ਵਰਤੋਂ ਅਤੇ ਬਿਜਲੀ ਦੀ ਖ਼ਪਤ ਵਿੱਚ ਕਮੀ ਆਈ ਹੈ। ਪੱਤਾ ਰੰਗ ਚਾਰਟ ਦੀ ਵਰਤੋਂ ਜਿਸ ਦੀ ਕਿ ਪਹਿਲਾਂ ਝੋਨੇ ਵਿੱਚ ਵਰਤੋਂ ਦੀ ਸਿਫ਼ਾਰਸ਼ ਸੀ ਪਰ ਹੁਣ ਮੱਕੀ ਅਤੇ ਕਣਕ ਵਿੱਚ ਵੀ ਵਰਤਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਲੋੜ ਮੁਤਾਬਿਕ ਖਾਦ ਪਾਉਣ ਲਈ ਸਹਾਇਕ ਇਸ ਤਕਨੀਕ ਨਾਲ ਲਗਪਗ 15 ਫ਼ੀਸਦੀ ਨਾਈਟ੍ਰੋਜਨ ਖਾਦ ਦੀ ਬੱਚਤ ਹੁੰਦੀ ਹੈ। ਕਣਕ ਵਿੱਚ ਗੰਨੇ ਦੀ ਖੋਰੀ ਦੀ ਰਾਖ ਵਰਤਣ ਨਾਲ 50 ਫ਼ੀਸਦੀ ਫਾਸਫੋਰਸ ਦੀ ਬੱਚਤ ਹੁੰਦੀ ਹੈ ਅਤੇ ਇਸ ਤੋਂ ਬਾਅਦ ਬੀਜੇ ਝੋਨੇ (ਕੱਦੂ ਕੀਤੇ ਜਾਂ ਸਿੱਧੀ ਬਿਜਾਈ ਵਾਲੇ) ਵਿੱਚ ਫਾਸਫੋਰਸ ਦੀ ਕੋਈ ਜ਼ਰੂਰਤ ਨਹੀਂ ਹੁੰਦੀ। ਸੂਝ-ਬੂਝ ਦੀ ਖੇਤੀ (ਬਗਕਫਜਤਜਰਅ ਿ ਲਈ ਖਾਦ-ਤੁਪਕਾ ਸਿੰਚਾਈ (ਕਿਗਵਜਪ ਵਰਤਣ ਦੀ ਤਕਨਾਲੋਜੀ ਮੋਹਰੀ ਰੂਪ ਵਿੱਚ ਵਰਤੋਂ ਵਿੱਚ ਆ ਰਹੀ ਹੈ। ਇਸ ਨਾਲ ਪਾਣੀ ਅਤੇ ਖ਼ੁਰਾਕੀ ਤੱਤ ਬੂਟੇ ਦੀ ਲੋੜ ਮੁਤਾਬਿਕ ਹੀ ਵਰਤੇ ਜਾਂਦੇ ਹਨ। ਪੀ.ਏ.ਯੂ. ਵੱਲੋਂ ਇਸ ਸਬੰਧੀ ਖੋਜ ਤਜਰਬੇ ਤੇਜ਼ ਕੀਤੇ ਗਏ ਹਨ। ਨਤੀਜੇ ਵਜੋਂ ਖ਼ੁਰਾਕੀ ਤੱਤਾਂ ਦੀ ਸੁਚੱਜੀ ਵਰਤੋਂ ਲਈ ਆਲੂ ਦੀ ਫ਼ਸਲ ਵਿੱਚ ਖਾਦ-ਤੁਪਕਾ ਸਿੰਚਾਈ ਦੀ ਸਿਫ਼ਾਰਸ਼ ਕੀਤੀ ਗਈ ਹੈ। ਅਜਿਹੀਆਂ ਸਿਫ਼ਾਰਸ਼ਾਂ ਅਮਰੂਦ, ਬਹਾਰ ਰੁੱਤੀ ਮੱਕੀ, ਕਣਕ, ਮਿਰਚਾਂ ਅਤੇ ਪਿਆਜ਼ ਵਿੱਚ ਵੀ ਕੀਤੀਆਂ ਗਈਆਂ ਹਨ। ਖਾਦ-ਤੁਪਕਾ ਸਿੰਚਾਈ ਨਾਲ 20-45 ਫ਼ੀਸਦੀ ਪਾਣੀ ਅਤੇ 20 ਫ਼ੀਸਦੀ ਨਾਈਟ੍ਰੋਜਨ ਖਾਦ ਬਚਦੀ ਹੈ। ਪੀ.ਏ.ਯੂ. ਵੱਲੋਂ ਵੱਖ ਵੱਖ ਜੈਵਿਕ ਖਾਦਾਂ ਜਿਵੇਂ ਕਿ ਰਾਈਜ਼ੋਬੀਅਮ (ਮਸਰ, ਅਰਹਰ, ਸੋਇਆਬੀਨ, ਮੂੰਗੀ, ਛੋਲੇ, ਮਟਰ), ਐਜ਼ੋਟੋਬੈਕਟਰ (ਗੰਨਾ) ਅਤੇ ਫਾਸਫੋਰਸ ਸੋਲੂਬਲਾਈਜ਼ਿੰਗ ਬੈਕਟੀਰੀਆ ਤੇ ਖੋਜ ਕਾਰਜ ਮਜ਼ਬੂਤ ਕੀਤੇ ਗਏ ਹਨ। ਇਨ੍ਹਾਂ ਦੇ ਉਤਪਾਦਨ ਅਤੇ ਵਰਤੋਂ ਨਾਲ ਰਸਾਇਣਿਕ ਖਾਦਾਂ 'ਤੇ ਨਿਰਭਰਤਾ ਘਟਾਉਣ ਵਿੱਚ ਮਦਦ ਮਿਲੇਗੀ ਜਿਸ ਨਾਲ ਭੂਮੀ ਸਿਹਤ ਵਿੱਚ ਸੁਧਾਰ ਆਏਗਾ।



ਕਈ ਫ਼ਸਲਾਂ ਵਿੱਚ ਫਾਸਫੋਰਸ ਸੋਲੂਬਲਾਈਜ਼ਿੰਗ ਬੈਕਟੀਰੀਆ ਅਤੇ ਪਲਾਂਟ ਗਰੋਥ ਪ੍ਰੋਮੋਟਿੰਗ ਰਾਈਜ਼ੋਬੈਕਟੀਰੀਆ ਦੇ ਮਿਸ਼ਰਣ ਵਰਤਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਗੰਨੇ ਵਿੱਚ ਇਸ ਤਰ੍ਹਾਂ ਦੇ ਮਿਸ਼ਰਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਇਨ੍ਹਾਂ ਦੀ ਵਰਤੋਂ ਨਾਲ ਜਿੱਥੇ ਭੂਮੀ ਵਿੱਚ ਸੁਧਾਰ ਹੁੰਦਾ ਹੈ ਉੱਥੇ ਬੂਟਿਆਂ ਦੀ ਸਿਹਤ ਵੀ ਚੰਗੀ ਹੁੰਦੀ ਹੈ। ਪੀ.ਏ.ਯੂ. ਵੱਲੋਂ ਇਨ੍ਹਾਂ ਜੈਵਿਕ ਖਾਦਾਂ ਦਾ ਉਤਪਾਦਨ, ਜੋ 2010 ਵਿੱਚ 1 ਟਨ ਸੀ ਵਧਾ ਕੇ 2015 ਵਿੱਚ 2.5 ਟਨ ਕਰ ਦਿੱਤਾ ਹੈ।

ਪੰਜਾਬ ਵਿੱਚ ਪੈਦਾ ਹੁੰਦੀ 22 ਮਿਲੀਅਨ ਟਨ ਪਰਾਲੀ ਦਾ 80 ਫ਼ੀਸਦੀ ਹਿੱਸਾ ਅਤੇ ਕਣਕ ਦੇ ਨਾੜ ਦਾ ਕੁਝ ਹਿੱਸਾ ਖੇਤ ਵਿੱਚ ਹੀ ਸਾੜ ਦਿੱਤਾ ਜਾਂਦਾ ਹੈ। ਇਸ ਨਾਲ ਵਾਤਾਵਰਨ ਦੇ ਪ੍ਰਦੂਸ਼ਣ ਤੋਂ ਇਲਾਵਾ ਜ਼ਮੀਨ ਵਿੱਚ ਤੱਤਾਂ ਦੀ ਕਮੀ ਵੀ ਆਉਂਦੀ ਹੈ। ਪਰਾਲੀ ਸਾੜਨ ਨਾਲ ਸਾਰੇ ਦਾ ਸਾਰਾ ਜੈਵਿਕ ਕਾਰਬਨ, 80-90 ਫ਼ੀਸਦੀ ਨਾਈਟ੍ਰੋਜਨ ਅਤੇ ਗੰਧਕ, 40-50 ਫ਼ੀਸਦੀ ਲਘੂ ਤੱਤ (ਜਿਸਤ, ਲੋਹਾ ਅਤੇ ਮੈਂਗਨੀਜ਼) ਅਤੇ 10-20 ਫ਼ੀਸਦੀ ਪੋਟਾਸ਼ ਅਤੇ ਫਾਸਫੋਰਸ ਨਸ਼ਟ ਹੋ ਜਾਂਦੇ ਹਨ। ਤਪਸ਼ ਨਾਲ ਭੂਮੀ ਦੇ ਸੂਖ਼ਮ ਜੀਵਾਂ ਉੱਤੇ ਵੀ ਮਾੜਾ ਪ੍ਰਭਾਵ ਪੈਂਦਾ ਹੈ। ਪੀ.ਏ.ਯੂ. ਵੱਲੋਂ ਪਹਿਲਾਂ ਵਿਕਸਿਤ ਕੀਤੀ ਗਈ ਹੈਪੀ ਸੀਡਰ ਤਕਨਾਲੋਜੀ ਰਾਹੀਂ ਕਟਾਈ ਉਪਰੰਤ ਝੋਨੇ ਦੇ ਵੱਢ ਵਿੱਚ ਕਣਕ ਦੀ ਬਿਜਾਈ ਹੋ ਜਾਂਦੀ ਹੈ। ਹੈਪੀ ਸੀਡਰ ਤਕਨਾਲੋਜੀ ਕਈ ਖਿੱਤਿਆਂ 'ਚ ਤਾਂ ਅਪਣਾਈ ਜਾ ਰਹੀ ਹੈ ਪਰ ਅਜਿਹਾ ਉਮੀਦ ਤੋਂ ਘੱਟ ਹੋਇਆ ਹੈ। ਹੈਪੀ ਸੀਡਰ ਦੀ ਕਾਰਜ ਕੁਸ਼ਲਤਾ ਵਧਾਉਣ ਲਈ ਸਟਰਾਅ ਮੈਨੇਜਮੈਂਟ ਸਿਸਟਮ ਵਿਕਸਿਤ ਕੀਤਾ ਗਿਆ ਹੈ ਜਿਸ ਨਾਲ ਖੇਤ ਵਿੱਚ ਪਰਾਲੀ ਇਕਸਾਰ ਵਿੱਛ ਜਾਂਦੀ ਅਤੇ ਕਣਕ ਦੀ ਮਸ਼ੀਨ ਨਾਲ ਬਿਜਾਈ ਆਸਾਨ ਹੁੰਦੀ ਹੈ। ਉਮੀਦ ਹੈ ਕਿ ਇਨ੍ਹਾਂ ਦੋਹਾਂ ਮਸ਼ੀਨਾਂ ਦੀ ਵਰਤੋਂ ਰਾਹੀਂ ਹੈਪੀ ਸੀਡ ਟੈਕਨਾਲੋਜੀ ਸੂਬੇ ਵਿੱਚ ਪੱਕੇ ਪੈਰੀਂ ਪੱਸਰੇਗੀ ਅਤੇ ਫ਼ਸਲ ਦੀ ਰਹਿੰਦ-ਖੂੰਹਦ ਨੂੰ ਖੇਤ ਵਿੱਚ ਮਿਲਾਉਣ ਵਿੱਚ ਸਹਾਈ ਹੋਵੇਗੀ। ਹੁਣ ਪੀ.ਏ.ਯੂ. ਵੱਲੋਂ ਪਰਾਲੀ ਨੂੰ ਕੁਤਰਾ ਕਰਨ ਲਈ ਇੱਕ ਚੌਪਰ ਮਸ਼ੀਨ ਵੀ ਵਿਕਸਤ ਕੀਤੀ ਗਈ ਹੈ। ਇਸ ਦੀ ਵਰਤੋਂ ਤੋਂ ਬਾਅਦ ਹੈਪੀ ਸੀਡਰ ਅਤੇ ਰੋਟਾਵੇਟਰ ਦੋਵਾਂ ਦੀ ਵਰਤੋਂ ਸੁਖਾਲੀ ਹੁੰਦੀ ਹੈ। ਖੇਤ ਵਿੱਚ ਹੀ ਪਰਾਲੀ ਨੂੰ ਸੂਖ਼ਮ ਜੀਵਾਂ (ਸੂਡੋਮੋਨਾਸ, ਅਸਪਰਜੀਲਸ, ਟਰਾਈਕੋਡਰਮਾ) ਦੇ ਮਿਸ਼ਰਣ ਵਰਤ ਕੇ ਗਾਲ੍ਹਣ ਦੀ ਤਕਨਾਲੋਜੀ ਨਾਲ ਤਜ਼ਰਬੇ ਕੀਤੇ ਜਾ ਰਹੇ ਹਨ ਅਤੇ ਇਸ ਤੋਂ ਚੰਗੇ ਨਤੀਜੇ ਪ੍ਰਾਪਤ ਹੋਏ ਹਨ। ਚਾਰ ਹਿੱਸੇ ਪਰਾਲੀ ਅਤੇ ਇੱਕ ਹਿੱਸਾ ਗੋਹੇ ਦਾ ਵਰਤ ਕੇ ਬਾਇਓ ਗੈਸ ਤਿਆਰ ਕਰਨ ਵਾਲਾ ਪਲਾਂਟ ਵਿਕਸਤ ਕੀਤਾ ਗਿਆ ਹੈ। ਪੀ.ਏ.ਯੂ. ਵੱਲੋਂ ਇਸ ਤਕਨਾਲੋਜੀ ਨੂੰ ਲੁਧਿਆਣਾ, ਪਟਿਆਲਾ (ਕ੍ਰਿਸ਼ੀ ਵਿਗਿਆਨ ਕੇਂਦਰ) ਅਤੇ ਗੁਰਦਾਸਪੁਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਵਿੱਚ ਕਿਸਾਨਾਂ ਦੀ ਜਾਣਕਾਰੀ ਲਈ ਪ੍ਰਦਰਸ਼ਤ ਕੀਤਾ ਜਾ ਰਿਹਾ ਹੈ।

ਸੂਬੇ ਦੇ ਦੱਖਣ ਪੱਛਮੀ ਖੇਤਰ ਵਿੱਚ ਧਰਤੀ ਹੇਠਲੇ ਪਾਣੀ ਮਾੜੇ ਹਨ ਜਿਸ ਨਾਲ ਭੂਮੀ ਵਿੱਚ ਖਾਰਾਪਣ ਆ ਜਾਂਦਾ ਹੈ ਅਤੇ ਕਈ ਇਲਾਕਿਆਂ ਵਿੱਚ ਸੇਮ ਦੀ ਸਮੱਸਿਆ ਹੈ। ਮਾੜੇ ਅਤੇ ਚੰਗੇ ਪਾਣੀਆਂ ਦੀ ਮਿਲਾ ਕੇ ਵਰਤੋਂ ਕਰਨ ਦੀ ਤਕਨਾਲੋਜੀ ਪਹਿਲਾਂ ਤੋਂ ਵਿਕਸਤ ਕੀਤੀ ਗਈ ਹੈ ਅਤੇ ਇਸ ਵਿੱਚ ਹੋਰ ਸੁਧਾਰ ਕੀਤਾ ਜਾ ਰਿਹਾ ਹੈ। ਇਸ ਸਮੱਸਿਆ ਦਾ ਟਾਕਰਾ ਕਰਨ ਵਾਲੀਆਂ ਕਣਕ ਅਤੇ ਝੋਨੇ ਦੀਆਂ ਕਿਸਮਾਂ ਦੀ ਪਛਾਣ ਕੀਤੀ ਗਈ ਹੈ। ਸੇਮ ਵਾਲੇ ਇਲਾਕਿਆਂ ਵਿੱਚ ਤੇਜ਼ੀ ਨਾਲ ਵਧਣ ਵਾਲੇ ਰੁੱਖਾਂ ਰਾਹੀਂ ਬਾਇਓ ਨਿਕਾਸ ਲਈ ਤਜਰਬੇ ਕੀਤੇ ਜਾ ਰਹੇ ਹਨ। ਜ਼ਿਲ੍ਹਾ ਮੁਕਤਸਰ ਵਿੱਚ ਸੇਮ ਦੇ ਬਾਇਓ ਨਿਕਾਸ ਲਈ ਸਫ਼ੈਦੇ ਦੀ ਵਰਤੋਂ ਬਾਰੇ ਖੋਜ ਤਜਰਬੇ ਸ਼ੁਰੂ ਕੀਤੇ ਗਏ ਹਨ। ਪ੍ਰਭਾਵਿਤ ਇਲਾਕਿਆਂ ਵਿੱਚ ਸੇਮ ਅਤੇ ਖਾਰੇ ਪਾਣੀਆਂ ਦਾ ਟਾਕਰਾ ਕਰਨ ਵਾਲੀ ਕਾਈ ਦੀ ਪਛਾਣ ਕੀਤੀ ਜਾ ਰਹੀ ਹੈ।

ਟਮਾਟਰ, ਬੈਂਗਣ, ਸ਼ਿਮਲਾ ਮਿਰਚ ਅਤੇ ਖੀਰੇ ਦੀ ਕਾਸ਼ਤ ਵਾਸਤੇ ਪੌਲੀ ਨੈਟਹਾਊਸ ਤਕਨਾਲੋਜੀ ਵਿਕਸਿਤ ਅਤੇ ਸਿਫ਼ਾਰਸ਼ ਕੀਤੀ ਗਈ ਹੈ। ਇਸ ਨਾਲ ਸਬਜ਼ੀ ਦੀ ਲੰਮੇ ਸਮੇਂ ਤਕ ਤੁੜਾਈ ਹੋ ਸਕਦੀ ਹੈ ਅਤੇ ਕੀਟਨਾਸ਼ਕ ਰਸਾਇਣਾਂ ਤੋਂ ਮੁਕਤ ਵੱਧ ਝਾੜ ਅਤੇ ਵਧੀਆ ਗੁਣਵੱਤਾ ਵਾਲਾ ਝਾੜ ਮਿਲਦਾ ਹੈ। ਪੰਜਾਬ ਵਿੱਚ ਸਬਜ਼ੀਆਂ ਅਤੇ ਫੁੱਲਾਂ ਦੀ ਕਾਸ਼ਤ ਲਈ ਲਗਪਗ 1200 ਪੌਲੀਨੈਟ ਇਕਾਈਆਂ ਲੱਗ ਚੁੱਕੀਆਂ ਹਨ। ਪੀ.ਏ.ਯੂ. ਵੱਲੋਂ ਸਬਜ਼ੀਆਂ ਦੀ ਕਾਸ਼ਤ ਲਈ ਸੁਧਰਿਆ ਹੋਇਆ ਪੌਲੀਨੈਟ ਹਾਊਸ ਡਿਜ਼ਾਈਨ ਕੀਤਾ ਗਿਆ ਹੈ ਜਿਹੜਾ ਕਿ ਪੰਜਾਬ ਸਟੇਟ ਫਾਰਮਰਜ਼ ਕਮਿਸ਼ਨ ਵੱਲੋਂ ਕਿਸਾਨਾਂ ਨੂੰ ਸਬਸਿਡੀ ਦੇਣ ਦੇ ਮੰਤਵ ਲਈ ਅਪਣਾਇਆ ਗਿਆ ਹੈ। ਖੀਰੇ, ਟਮਾਟਰ ਅਤੇ ਸ਼ਿਮਲਾ ਮਿਰਚ ਦੀ ਘੱਟ ਪਾਣੀ ਅਤੇ ਖ਼ੁਰਾਕੀ ਤੱਤ ਵਰਤ ਕੇ ਵੱਧ ਝਾੜ ਲੈਣ ਲਈ ਘੱਟ ਖ਼ਰਚੀਲੀ, ਮਾਧਿਅਮ-ਯੁਕਤ, ਹਾਈਡਰੋਪੌਨਿਕ ਤਕਨੀਕ ਵਿਕਸਤ ਕੀਤੀ ਗਈ ਹੈ। ਪੀ.ਏ.ਯੂ. ਵੱਲੋਂ ਵਿਕਸਿਤ ਤਕਨੀਕਾਂ ਨੂੰ ਅਪਨਾਅ ਕੇ ਬਹੁਮੁੱਲੇ ਕੁਦਰਤੀ ਸਰੋਤਾਂ ਦੀ ਸੁਚੱਜੀ ਵਰਤੋਂ ਕੁਝ ਪੱਧਰ ਤਕ ਕੀਤੀ ਜਾ ਰਹੀ ਹੈ, ਇਨ੍ਹਾਂ ਤਕਨੀਕਾਂ ਨੂੰ ਹੋਰ ਕਿਸਾਨਾਂ ਤਕ ਪਹੁੰਚਾਉਣ ਦੇ ਭਰਪੂਰ ਯਤਨ ਕੀਤੇ ਜਾ ਰਹੇ ਹਨ। ਪੰਜਾਬ ਦੀ ਖੇਤੀ ਦੀ ਨਿਰੰਤਰ ਚੜ੍ਹਦੀ ਕਲਾ ਲਈ ਕੁਦਰਤੀ ਸਰੋਤਾਂ ਦੀ ਸੁਚੱਜੀ ਅਤੇ ਸੰਜਮ ਨਾਲ ਵਰਤੋਂ ਅਤਿ ਜ਼ਰੂਰੀ ਹੈ।

**-ਡਾ. ਬਲਵਿੰਦਰ ਸਿੰਘ**

# ਕਿਸਾਨਾਂ ਲਈ ਪਹਿਲਾ ਪੰਦਰਵਾੜਾ

ਬੇਮੌਸਮੀ ਬਾਰਸ਼ ਨੇ ਕਿਸਾਨਾਂ ਦਾ ਭਾਰੀ ਨੁਕਸਾਨ ਕੀਤਾ ਹੈ। ਕਈ ਕਿਸਾਨਾਂ ਦੀ ਤਾਂ ਸਾਰੀ ਦੀ ਸਾਰੀ ਫ਼ਸਲ ਤਬਾਹ ਹੋ ਗਈ ਹੈ। ਪੰਜਾਬ ਵਿੱਚ ਬਹੁ-ਗਿਣਤੀ ਛੋਟੇ ਕਿਸਾਨਾਂ ਦੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਕਿਸਾਨਾਂ ਦੀਆਂ ਫ਼ਸਲਾਂ ਦਾ ਬੀਮਾ ਕਰੇ। ਕਿਸਾਨ ਨੂੰ ਵੀ ਆਪਣੇ ਬਾਰੇ ਸੋਚਣਾ ਪਵੇਗਾ। ਖੇਤੀ ਦੇ ਨਾਲ ਕੁਝ ਦੁਧਾਰੂ ਪਸ਼ੂ ਵੀ ਰੱਖਣੇ ਚਾਹੀਦੇ ਹਨ। ਕੁਝ ਰਕਬੇ ਵਿੱਚ ਸਬਜ਼ੀਆਂ ਦੀ ਕਾਸ਼ਤ ਕੀਤੀ ਜਾਵੇ। ਇਸ ਦੇ ਨਾਲ ਹੀ ਕੁਝ ਬਕਸੇ ਸ਼ਹਿਦ ਦੀਆਂ ਮੱਖੀਆਂ ਦੇ ਵੀ ਰੱਖਣੇ ਚਾਹੀਦੇ ਹਨ। ਅੱਜ ਦੇ ਹਾਲਾਤ ਨੂੰ ਦੇਖਦੇ ਹੋਏ ਬਹੁਤ ਸਾਰੇ ਕਿਸਾਨ ਖੇਤੀ ਛੱਡਣਾ ਚਾਹੁੰਦੇ ਹਨ ਪਰ ਉਨ੍ਹਾਂ ਕੋਲ ਹੋਰ ਕੋਈ ਚਾਰਾ ਨਹੀਂ ਹੈ। ਝੋਨਾ ਪੰਜਾਬ ਵਿੱਚ ਸਾਉਣੀ ਦੀ ਮੁੱਖ ਫ਼ਸਲ ਬਣ ਗਿਆ ਹੈ। ਝੋਨੇ ਦੀ ਪਨੀਰੀ ਦੀ ਲੁਆਈ ਇਸ ਮਹੀਨੇ ਦੇ ਆਖ਼ਰੀ ਹਫ਼ਤੇ ਸ਼ੁਰੂ ਕਰਨੀ ਚਾਹੀਦੀ ਹੈ। ਉਦੋਂ ਤਕ ਮੀਂਹ ਪੈ ਜਾਂਦਾ ਹੈ। ਅਗੇਤੀ ਫ਼ਸਲ 'ਤੇ ਬਿਮਾਰੀਆਂ ਦਾ ਹਮਲਾ ਵੱਧ ਹੁੰਦਾ ਹੈ। ਹਮੇਸ਼ਾਂ ਸਿਫ਼ਾਰਸ਼ ਕੀਤੀਆਂ ਕਿਸਮਾਂ ਦੀ ਹੀ ਬਿਜਾਈ ਕਰਨੀ ਚਾਹੀਦੀ ਹੈ। ਪਨੀਰੀ ਪੁੱਟਣ ਤੋਂ ਪਹਿਲਾਂ ਖੇਤ ਨੂੰ ਪਾਣੀ ਦੇਵੋ ਤਾਂ ਜੋ ਪਨੀਰੀ ਪੁੱਟਣੀ ਸੌਖੀ ਹੋ ਸਕੇ। ਖੇਤ ਵਿੱਚ ਚੰਗੀ ਤਰ੍ਹਾਂ ਕੱਦੂ ਕਰੋ। ਪਨੀਰੀ ਨੂੰ ਲਾਈਨਾਂ ਵਿੱਚ ਲਗਾਇਆ ਜਾਵੇ। ਕਤਾਰਾਂ ਵਿਚਕਾਰ 20 ਅਤੇ ਬੂਟਿਆਂ ਵਿਚਕਾਰ 15 ਸੈਂਟੀਮੀਟਰ ਫ਼ਾਸਲਾ ਰੱਖਿਆ ਜਾਵੇ। ਇੱਕ ਵਰਗ ਮੀਟਰ ਥਾਂ ਵਿੱਚ 33 ਬੂਟੇ ਜ਼ਰੂਰ ਲੱਗ ਜਾਣੇ ਚਾਹੀਦੇ ਹਨ। ਇੱਕ ਥਾਂ ਦੋ ਬੂਟੇ ਲਗਾਏ ਜਾਣ। ਬੂਟਿਆਂ ਨੂੰ 2-3 ਸੈਂਟੀਮੀਟਰ ਡੂੰਘਾ ਖੇਤ ਵਿੱਚ ਗੱਡੋ। ਝੋਨੇ ਦੀ ਪਨੀਰੀ ਵੱਟਾਂ ਬਣਾ ਕੇ ਵੀ ਲਗਾਈ ਜਾ ਸਕਦੀ ਹੈ। ਅਜਿਹਾ ਭਾਰੀਆਂ ਜ਼ਮੀਨਾਂ ਵਿੱਚ ਕੀਤਾ ਜਾ ਸਕਦਾ ਹੈ। ਇਸ ਢੰਗ ਵਿੱਚ ਕੱਦੂ ਕਰਨ ਦੀ ਲੋੜ ਨਹੀਂ। ਖੇਤ ਤਿਆਰ ਕਰਕੇ ਖਾਲੀਆਂ ਬਣਾਵੋ। ਵੱਟਾਂ ਦੀ ਢਲਾਣ ਦੇ ਦੋਵੇਂ ਪਾਸੀਂ ਬੂਟੇ ਲਗਾਵੋ। ਬੂਟੇ ਲਗਾਉਣ ਤੋਂ ਪਹਿਲਾਂ ਕਿਆਰੀਆਂ ਨੂੰ ਪਾਣੀ ਨਾਲ ਭਰ ਦਿੱਤਾ ਜਾਵੇ। ਪਹਿਲੇ 15 ਦਿਨ ਖੇਤ ਵਿੱਚ ਪਾਣੀ ਖੜ੍ਹਾ ਰੱਖਿਆ ਜਾਵੇ, ਮੁੜ ਕੇਵਲ ਧਰਤੀ ਨੂੰ ਗਿੱਲਾ ਰੱਖਣਾ ਹੀ ਕਾਫ਼ੀ ਹੈ। ਖੇਤ ਤਿਆਰ ਕਰਦੇ ਸਮੇਂ ਦੇਸੀ ਰੂੜੀ ਜ਼ਰੂਰ ਪਾਈ ਜਾਵੇ। ਜੇਕਰ ਮੁਰਗੀਆਂ ਦੀ ਰੂੜੀ ਜਾਂ ਪ੍ਰੈਸ ਮੱਡ ਮਿਲ ਜਾਵੇ ਇਸ ਦੀ ਵਰਤੋਂ ਵੀ ਕਰਨੀ ਚਾਹੀਦੀ ਹੈ। ਲੁਆਈ ਤੋਂ 15 ਦਿਨਾਂ ਪਿੱਛੋਂ ਪੈਡੀ ਵੀਡਰ ਨਾਲ ਗੋਡੀ ਕਰੋ। ਨਦੀਨਾਂ ਨੂੰ ਹੱਥਾਂ ਨਾਲ ਵੀ ਪੁੱਟਿਆ ਜਾ ਸਕਦਾ ਹੈ। ਆਪਣੇ ਖੇਤਾਂ ਦੀ ਮਿੱਟੀ ਦੀ ਪਰਖ ਜ਼ਰੂਰ ਕਰਵਾ ਲੈਣੀ ਚਾਹੀਦੀ ਹੈ। ਉਸੇ ਖੇਤ ਵਿੱਚ ਮੁੜ-ਮੁੜ ਝੋਨਾ ਬੀਜਣ



ਨਾਲ ਕਈ ਵਾਰ ਲਘੂ ਤੱਤਾਂ ਦੀ ਘਾਟ ਆ ਜਾਂਦੀ ਹੈ। ਇਸ ਵਿੱਚ ਜ਼ਿੰਕ ਅਤੇ ਲੋਹਾ ਮੁੱਖ ਹਨ। ਜ਼ਿੰਕ ਦੀ ਘਾਟ ਤਿੰਨ ਕੁ ਹਫ਼ਤਿਆਂ ਪਿੱਛੋਂ ਨਜ਼ਰ ਆ ਜਾਂਦੀ ਹੈ। ਹੇਠਲੇ ਪੱਤੇ ਜੰਗਾਲੇ ਰੰਗੇ ਹੋ ਜਾਂਦੇ ਹਨ ਤੇ ਮੁੜ ਸੁੱਕ ਜਾਂਦੇ ਹਨ। ਜੇਕਰ ਇਹ ਘਾਟ ਚੋਖੀ ਨਜ਼ਰ ਆਵੇ ਤਾਂ 10 ਕਿਲੋ ਜ਼ਿੰਕ ਸਲਫੇਟ ਨੂੰ ਸੁੱਕੀ ਮਿੱਟੀ ਵਿੱਚ ਰਲਾ ਕੇ ਪਾਇਆ ਜਾਵੇ। ਜੇਕਰ ਲੋਹੇ ਦੀ ਘਾਟ ਹੋਵੇ ਤਾਂ ਬੂਟੇ ਸੁੱਕਣ ਲਗਦੇ ਹਨ। ਇਸ ਦੀ ਰੋਕਥਾਮ ਲਈ ਇੱਕ ਕਿਲੋ ਫੈਰਸ ਸਲਫੇਟ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕੀਤਾ ਜਾਵੇ।

ਉੱਚੀ ਥਾਂ ਮੱਕੀ ਜਾਂ ਦਾਲਾਂ ਦੀ ਕਾਸ਼ਤ ਕੀਤੀ ਜਾ ਸਕਦੀ ਹੈ। ਜੇਕਰ ਮੱਕੀ ਦੀ ਕਾਸ਼ਤ ਨਹੀਂ ਕੀਤੀ ਤਾਂ ਹੁਣ ਕਰ ਲੈਣੀ ਚਾਹੀਦੀ ਹੈ। ਪੰਜਾਬ ਵਿੱਚ ਕਾਸ਼ਤ ਲਈ ਪੀ ਐਮ ਐਚ 1, ਪ੍ਰਭਾਤ, ਕੇਸਰੀ ਅਤੇ ਪੀ ਐਮ ਐਚ-2 ਕਿਸਮਾਂ ਦੀ ਸਿਫ਼ਾਰਸ਼ ਕੀਤੀ ਗਈ ਹੈ। ਇੱਕ ਏਕੜ ਵਿੱਚ ਅੱਠ ਕਿਲੋ ਬੀਜ ਵਰਤਿਆ ਜਾਵੇ। ਬਿਜਾਈ ਸਮੇਂ ਲਾਈਨਾਂ ਵਿਚਕਾਰ 60 ਅਤੇ ਬੂਟਿਆਂ ਵਿਚਕਾਰ 20 ਸੈਂਟੀਮੀਟਰ ਦਾ ਫ਼ਾਸਲਾ ਰੱਖਿਆ ਜਾਵੇ। ਮੱਕੀ ਦੀਆਂ ਲਾਈਨਾਂ ਵਿਚਕਾਰ ਮਾਂਹ ਜਾਂ ਮੂੰਗੀ ਦੀ ਬਿਜਾਈ ਕੀਤੀ ਜਾ ਸਕਦੀ ਹੈ। ਮੱਕੀ ਦੀ ਬਿਜਾਈ ਬੇਬੀ ਕੌਰਨ ਲਈ ਵੀ ਕੀਤੀ ਜਾ ਸਕਦੀ ਹੈ। ਪਰ ਇਸ ਲਈ ਵਿਕਰੀ ਦਾ ਪ੍ਰਬੰਧ ਪਹਿਲਾਂ ਕਰਨਾ ਚਾਹੀਦਾ ਹੈ। ਬੇਬੀ ਕੌਰਨ ਉਸ ਛੱਲੀ ਨੂੰ ਆਖਿਆ ਜਾਂਦਾ ਹੈ ਜਿਸ ਨੂੰ ਸੂਤ ਕੱਤਣ ਦੇ ਸ਼ੁਰੂ ਹੁੰਦਿਆਂ ਹੀ ਤੋੜ ਲਿਆ ਜਾਂਦਾ ਹੈ। ਪਿੰਡਾਂ ਵਿੱਚ ਇਸ ਨੂੰ ਗੁਲੀਆਂ ਆਖਿਆ ਜਾਂਦਾ ਹੈ। ਇਸ ਲਈ ਪ੍ਰਕਾਸ਼ ਜਾਂ ਕੇਸਰੀ ਕਿਸਮ ਬੀਜਣੀ ਚਾਹੀਦੀ ਹੈ। ਇੱਕ ਏਕੜ ਵਿੱਚੋਂ ਕੋਈ ਸੱਤ ਕੁ ਕੁਇੰਟਲ ਬੇਬੀ ਕੌਰਨ ਪ੍ਰਾਪਤ ਹੋ ਜਾਂਦੀ ਹੈ। ਇਹ ਫ਼ਸਲ 60 ਕੁ ਦਿਨਾਂ ਵਿੱਚ ਪੂਰੀ ਤਿਆਰ ਹੋ ਜਾਂਦੀ ਹੈ। ਹਰੇ ਟਾਂਡਿਆਂ ਨੂੰ ਚਾਰੇ ਲਈ ਵਰਤਿਆ ਜਾ ਸਕਦਾ ਹੈ ਤੇ ਮੁੜ ਉਸੇ ਖੇਤ ਵਿੱਚ ਦੂਜੀ ਫ਼ਸਲ ਬੀਜੀ ਜਾ ਸਕਦੀ ਹੈ। ਇੱਕ ਏਕੜ ਲਈ 16 ਕਿਲੋ ਬੀਜ ਪਾਵੋ। ਬਿਜਾਈ ਸਮੇਂ ਲਾਈਨਾਂ ਵਿਚਕਾਰ 30 ਅਤੇ ਬੂਟਿਆਂ ਵਿਚਕਾਰ 20 ਸੈਂਟੀਮੀਟਰ ਦਾ ਫ਼ਾਸਲਾ ਰੱਖਿਆ ਜਾਵੇ। ਇੱਕ ਏਕੜ ਵਿੱਚ 24 ਕਿਲੋ ਨਾਈਟ੍ਰੋਜਨ ਪਾਉਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਬਿਜਾਈ ਸਮੇਂ 12 ਕਿਲੋ ਅਤੇ ਜਦੋਂ ਫ਼ਸਲ ਗੋਡੇ ਗੋਡੇ ਹੋ ਜਾਵੇ ਤਾਂ 12 ਕਿਲੋ ਹੋਰ ਨਾਈਟ੍ਰੋਜਨ ਪਾਈ ਜਾ ਸਕਦੀ ਹੈ।

ਸੋਇਆਬੀਨ: ਮਾਹਿਰਾਂ ਨੇ ਮੰਨਿਆ ਹੈ ਕਿ ਪੰਜਾਬ ਵਿੱਚ ਸੋਇਆਬੀਨ ਦੀ ਕਾਸ਼ਤ ਕੀਤੀ ਜਾ ਸਕਦੀ ਹੈ। ਜੇਕਰ ਕੋਈ ਖੇਤ ਉੱਚਾ ਹੈ ਜਿੱਥੇ ਬਰਸਾਤੀ ਪਾਣੀ ਖੜ੍ਹਾ ਨਹੀਂ ਹੁੰਦਾ ਤਾਂ ਉਸ ਵਿੱਚ ਸੋਇਆਬੀਨ ਦੀ ਖੇਤੀ ਕੀਤੀ ਜਾ ਸਕਦੀ ਹੈ। ਪੰਜਾਬ ਵਿੱਚ ਕਾਸ਼ਤ ਲਈ ਐਸ ਐਲ 958, ਐਸ ਐਲ 744 ਅਤੇ ਐਸ ਐਲ 525 ਕਿਸਮਾਂ ਦੀ ਸਿਫ਼ਾਰਸ਼ ਕੀਤੀ ਗਈ ਹੈ। ਇੱਕ ਏਕੜ ਵਿੱਚੋਂ ਸੱਤ ਕੁਇੰਟਲ ਝਾੜ ਪ੍ਰਾਪਤ ਕੀਤਾ ਜਾ ਸਕਦਾ ਹੈ। ਇਹ ਫ਼ਸਲ ਪੱਕਣ ਲਈ ਕੋਈ 140 ਦਿਨ ਲੈਂਦੀ ਹੈ। ਬਿਜਾਈ ਰੌਣੀ ਕਰਕੇ ਚੰਗੇ ਵੱਤਰ ਵਿੱਚ ਕੀਤੀ ਜਾਵੇ। ਖੇਤ ਵੀ ਦੋ ਵਹਾਈਆਂ ਕਰਕੇ ਤਿਆਰ ਕੀਤਾ ਜਾਵੇ। ਇੱਕ ਏਕੜ ਵਿੱਚ 30 ਕਿਲੋ ਬੀਜ ਪਾਇਆ ਜਾਵੇ। ਇਸ ਨੂੰ ਬੀਜਣ ਤੋਂ ਪਹਿਲਾਂ ਜੇਕਰ ਟੀਕਾ ਲਗਾ ਦਿੱਤਾ ਜਾਵੇ ਤਾਂ ਝਾੜ ਵਿੱਚ ਵਾਧਾ ਹੋ ਸਕਦਾ ਹੈ। ਬਿਜਾਈ ਕਰਦੇ ਸਮੇਂ ਲਾਈਨਾਂ ਵਿਚਕਾਰ 45 ਅਤੇ ਬੂਟਿਆਂ ਵਿਚਕਾਰ ਚਾਰ ਸੈਂਟੀਮੀਟਰ ਫ਼ਾਸਲਾ ਰੱਖਿਆ ਜਾਵੇ। ਬਿਜਾਈ ਜੂਨ ਦੇ ਪਹਿਲੇ ਪੰਦਰਵਾੜੇ ਕਰ ਦੇਣੀ ਚਾਹੀਦੀ ਹੈ। ਬਿਜਾਈ ਬਿਨਾਂ ਖੇਤ ਤਿਆਰ ਕੀਤਿਆਂ ਜ਼ੀਰੋਟਿਲ ਡਰਿੱਲ ਨਾਲ ਵੀ ਕੀਤੀ ਜਾ ਸਕਦੀ ਹੈ। ਬਿਜਾਈ ਖਾਲੀਆਂ ਬਣਾ ਕੇ ਵੀ ਕੀਤੀ ਜਾ ਸਕਦੀ ਹੈ। ਖਾਲੀਆਂ ਵਿਚਕਾਰ 67.5 ਸੈਂਟੀਮੀਟਰ ਫ਼ਾਸਲਾ ਰੱਖਿਆ ਜਾਵੇ। ਇੰਝ ਪਾਣੀ ਦੀ ਬੱਚਤ ਹੋਵੇਗੀ। ਸੋਇਆਬੀਨ ਨੂੰ ਮੱਕੀ ਵਿੱਚ ਵੀ ਬੀਜਿਆ ਜਾ ਸਕਦਾ ਹੈ। ਬਿਜਾਈ ਪਿੱਛੋਂ ਲਾਈਨਾਂ ਨੂੰ ਝੋਨੇ ਦੀ ਪਰਾਲੀ ਜਾਂ ਕਣਕ ਦੇ ਨਾੜ ਨਾਲ ਢਕ ਦੇਣਾ ਚਾਹੀਦਾ ਹੈ। ਇਸ ਨਾਲ ਬੀਜ ਠੀਕ ਉੱਗਦਾ ਹੈ। ਨਦੀਨਾਂ ਦੀ ਰੋਕਥਾਮ ਲਈ ਦੋ ਗੋਡੀਆਂ ਕਰੋ। ਪਹਿਲੀ ਗੋਡੀ ਬਿਜਾਈ ਤੋਂ 20 ਦਿਨਾਂ ਬਾਅਦ ਤੇ ਦੂਜੀ ਚਾਲੀ ਦਿਨਾਂ ਪਿੱਛੋਂ ਕਰਨੀ ਚਾਹੀਦੀ ਹੈ। ਜੇਕਰ ਲੋੜ ਪਾਵੇ ਤਾਂ ਪਾਣੀ ਲਗਾਇਆ ਜਾਵੇ। ਖੇਤ ਤਿਆਰ ਕਰਨ ਤੋਂ ਪਹਿਲਾਂ ਚਾਰ ਟਨ ਰੂੜੀ ਪਾਈ ਜਾਵੇ। ਬਿਜਾਈ ਸਮੇਂ 28 ਕਿਲੋ ਯੂਰੀਆ, 200 ਕਿਲੋ ਸਿੰਗਲ ਸੁਪਰਫਾਸਫੇਟ ਪਾ ਦੇਣੀ ਚਾਹੀਦੀ ਹੈ। ਜੇਕਰ ਕਣਕ ਨੂੰ ਫਾਸਫੋਰਸ ਪਾਈ ਹੈ ਤਾਂ 150 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਪਾਈ ਜਾਵੇ। ਸੋਇਆਬੀਨ ਉੱਤੇ ਬਿਮਾਰੀ ਅਤੇ ਕੀੜਿਆਂ ਦਾ ਹਮਲਾ ਹੋ ਸਕਦਾ ਹੈ। ਇਸ ਦਾ ਧਿਆਨ ਰੱਖਿਆ ਜਾਵੇ ਤੇ ਸਮੇਂ ਸਿਰ ਰੋਕਥਾਮ ਕਰ ਲਈ ਜਾਵੇ। ਫ਼ਸਲ ਦੀ ਕਟਾਈ ਉਦੋਂ ਕਰੋ ਜਦੋਂ ਬਹੁਤੇ ਪੱਤੇ ਝੜ ਜਾਣ ਅਤੇ ਫਲੀਆਂ ਦਾ ਰੰਗ ਬਦਲ ਜਾਵੇ।

* ਕਿਸੇ ਵੀ ਫ਼ਸਲ ਨੂੰ ਬੀਜਣ ਤੋਂ ਪਹਿਲਾਂ ਖੇਤ ਦੀ ਮਿੱਟੀ ਦੀ ਪਰਖ ਜ਼ਰੂਰ ਕਰਵਾ ਲੈਣੀ ਚਾਹੀਦੀ ਹੈ।
* ਖੇਤ ਵਿੱਚ ਰੂੜੀ ਜ਼ਰੂਰ ਪਾਈ ਜਾਵੇ। ਜੇ ਮੁਰਗੀਆਂ ਦੀ ਰੂੜੀ ਜਾਂ ਪ੍ਰੈਸ ਮੱਡ ਮਿਲ ਜਾਵੇ ਇਸ ਦੀ ਵਰਤੋਂ ਵੀ ਕਰਨੀ ਚਾਹੀਦੀ ਹੈ।
* ਝੋਨੇ ਦੀ ਪਨੀਰੀ ਦੀ ਲੁਆਈ ਇਸ ਮਹੀਨੇ ਦੇ ਆਖ਼ਰੀ ਹਫ਼ਤੇ ਸ਼ੁਰੂ ਕਰਨੀ ਚਾਹੀਦੀ ਹੈ।
* ਇੱਕ ਥਾਂ ਦੋ ਬੂਟੇ ਲਗਾਏ ਜਾਣ। ਬੂਟਿਆਂ ਨੂੰ 2-3 ਸੈਂਟੀਮੀਟਰ ਡੂੰਘਾ ਖੇਤ ਵਿੱਚ ਗੱਡੋ।
* ਬੇਬੀ ਕੌਰਨ ਲਈ ਮੱਕੀ ਦੀ ਪ੍ਰਕਾਸ਼ ਜਾਂ ਕੇਸਰੀ ਕਿਸਮ ਬੀਜਣੀ ਚਾਹੀਦੀ ਹੈ। ਇੱਕ ਏਕੜ ਵਿੱਚੋਂ ਕੋਈ ਸੱਤ ਕੁ ਕੁਇੰਟਲ ਬੇਬੀ ਕੌਰਨ ਪ੍ਰਾਪਤ ਹੋ ਜਾਂਦੀ ਹੈ।
* ਜੇਕਰ ਕੋਈ ਖੇਤ ਉੱਚਾ ਹੈ ਜਿੱਥੇ ਬਰਸਾਤੀ ਪਾਣੀ ਖੜ੍ਹਾ ਨਹੀਂ ਹੁੰਦਾ ਤਾਂ ਉਸ ਵਿੱਚ ਸੋਇਆਬੀਨ ਦੀ ਖੇਤੀ ਕੀਤੀ ਜਾ ਸਕਦੀ ਹੈ।

**-ਡਾ. ਰਣਜੀਤ ਸਿੰਘ**

# ਰੇਤਲੀ ਭੂਮੀ ਵਿੱਚ ਆੜੂ ਦਾ ਬਾਗ਼

ਰਾਜਸਥਾਨ ਨੂੰ ਭਾਵੇਂ ਪੱਥਰਾਂ ਅਤੇ ਟਿੱਬਿਆਂ ਦੀ ਧਰਤੀ ਕਿਹਾ ਜਾਂਦਾ ਹੈ ਪਰ ਆਪਣੀ ਮਿਹਨਤ ਨਾਲ ਰਾਜਸਥਾਨ ਦੇ ਕਿਸਾਨਾਂ ਨੇ ਹੁਣ ਇਸ ਧਰਤੀ 'ਤੇ ਅਜਿਹੇ ਫ਼ਲ ਪੈਦਾ ਕਰਕੇ ਵਿਖਾ ਦਿੱਤੇ ਹਨ ਜਿਨ੍ਹਾਂ ਦੀ ਕਦੇ ਕਲਪਨਾ ਵੀ ਨਹੀਂ ਸੀ ਕੀਤੀ ਜਾ ਸਕਦੀ। ਹਨੂੰਮਾਨਗੜ੍ਹ ਦੀ ਤਹਿਸੀਲ ਟਿੱਬੀ ਦੇ ਪਿੰਡ ਰਾਮਪੁਰਾ ਦਾ ਕਿਸਾਨ ਜਗਦੀਸ਼ ਲੁਕੇਸਰ ਨੇ ਆਪਣੇ ਖੇਤ ਵਿੱਚ ਆੜੂ ਦਾ ਫ਼ਲ ਪੈਦਾ ਕਰਕੇ ਅੱਜ ਜਿੱਥੇ ਵਧੀਆ ਆਮਦਨ ਕਮਾ ਰਿਹਾ ਹੈ ਉੱਥੇ ਹੀ ਉਹ ਹੋਰ ਕਿਸਾਨਾਂ ਲਈ ਰਾਹ-ਦਸੇਰਾ ਵੀ ਬਣਿਆ ਹੋਇਆ ਹੈ। ਕਰੀਬ 40 ਸਾਲ ਪਹਿਲਾਂ ਉਨ੍ਹਾਂ ਦੇ ਪਿਤਾ ਨੇ ਇੱਥੇ ਆੜੂਆਂ ਦਾ ਬਾਗ਼ ਲਾਇਆ ਸੀ ਪਰ ਉਸ ਸਮੇਂ ਇਸ ਫ਼ਲ ਦੀ ਮਾਰਕੀਟ ਨਾ ਹੋਣ ਕਾਰਨ ਬਾਗ਼ ਪੁੱਟਣਾ ਪਿਆ ਸੀ। ਪਰ ਜਗਦੀਸ਼ ਨੇ ਇੱਕ ਵਾਰ ਫਿਰ ਉਨ੍ਹਾਂ ਨੇ ਸੰਨ 2006 ਵਿੱਚ ਗੰਗਾਨਗਰ ਦੀ ਇੱਕ ਪ੍ਰਾਈਵੇਟ ਨਰਸਰੀ ਤੋਂ 50 ਰੁਪਏ ਪ੍ਰਤੀ ਪੌਦੇ ਦੇ ਹਿਸਾਬ ਨਾਲ ਆੜੂ ਦੇ ਇਹ ਪੌਦੇ ਲਿਆਂਦੇ ਅਤੇ ਆਪਣੇ ਖੇਤ ਵਿੱਚ ਚੰਗੇ ਤਰਕੇ ਨਾਲ ਲਾ ਦਿੱਤੇ। ਇੱਕ ਵਿੱਘੇ ਵਿੱਚ ਆੜੂ ਦੇ ਪੌਦਿਆਂ ਦੀਆ 9



ਲਾਈਨਾਂ ਲੱਗਦੀਆਂ ਹਨ ਅਤੇ ਇੱਕ ਲਾਈਨ ਵਿੱਚ ਨੌਂ ਹੀ ਪੌਦੇ ਲਗਦੇ ਹਨ। ਇਸ ਤਰ੍ਹਾਂ ਇੱਕ ਵਿੱਘੇ ਵਿੱਚ ਕੁੱਲ 81 ਪੌਦੇ ਲਗਦੇ ਹਨ। ਇਨ੍ਹਾਂ ਪੌਦਿਆਂ ਦੇ ਲਾਉਣ ਦਾ ਸਮਾਂ ਜਨਵਰੀ-ਫਰਵਰੀ ਜਾਂ ਜੁਲਾਈ-ਅਗਸਤ ਵਿੱਚ ਹੁੰਦਾ ਹੈ। ਇਸ ਪੌਦੇ ਨੂੰ ਫਰਵਰੀ ਦੇ ਮਹੀਨੇ ਫੁੱਲ ਲੱਗਦੇ ਹਨ ਅਤੇ ਫ਼ਲ ਤੁੜਾਈ ਦਾ ਸਮਾਂ ਅਪਰੈਲ ਤੋਂ ਮਈ ਤਕ ਹੁੰਦਾ ਹੈ। ਤਿੰਨ ਸਾਲ ਦੀ ਉਮਰ ਵਿੱਚ ਇਹ ਪੌਦੇ ਫ਼ਲ ਦੇਣ ਲੱਗ ਜਾਂਦੇ ਹਨ ਜੋ ਲਗਾਤਾਰ 22 ਤੋਂ 25 ਸਾਲ ਤਕ ਫ਼ਲ ਦਿੰਦੇ ਰਹਿੰਦੇ ਹਨ। ਇੱਕ ਵਿੱਘੇ ਵਿੱਚੋਂ ਆੜੂ ਦਾ ਝਾੜ ਕਰੀਬ 35 ਕੁਇੰਟਲ ਤਕ ਨਿਕਲਦਾ ਹੈ ਅਤੇ ਮਾਰਕੀਟ ਵਿੱਚ 40 ਤੋਂ 50 ਰੁਪਏ ਕਿਲੋ ਤਕ ਵਿਕ ਜਾਂਦਾ ਹੈ। ਇਸ ਤਰ੍ਹਾਂ ਇੱਕ ਵਿੱਘੇ ਵਿੱਚੋਂ ਪ੍ਰਤੀ ਸਾਲ ਲੱਖ ਤੋਂ ਸਵਾ ਲੱਖ ਤਕ ਦੀ ਨਿਰੋਲ ਆਮਦਨ ਹੋ ਜਾਂਦੀ ਹੈ। ਇਸ ਦੀ ਸਾਂਭ-ਸੰਭਾਲ ਲਈ ਜ਼ਿਆਦਾਤਰ ਦਵਾਈਆਂ ਦੀ ਜ਼ਰੂਰਤ ਨਹੀਂ ਪੈਂਦੀ। ਇਸ ਫ਼ਲ ਨੂੰ ਤੋਤੇ ਖਾਣਾ ਕਾਫ਼ੀ ਪਸੰਦ ਕਰਦੇ ਹਨ ਇਸ ਲਈ ਤੋਤਿਆਂ ਤੋਂ ਫ਼ਲਾਂ ਦੀ ਰਖਵਾਲੀ ਕਰਨੀ ਪੈਂਦੀ ਹੈ। ਜਗਦੀਸ਼ ਲੁਕੇਸਕ ਆਪਣੀ ਆੜੂ ਦੀ ਫ਼ਸਲ ਨੂੰ ਏਲਨਾਬਾਦ, ਸਿਰਸਾ, ਹਨੂੰਮਾਨਗੜ੍ਹ, ਰਾਵਤਸਰ ਅਤੇ ਨੌਹਰ ਆਦਿ ਦੀਆ ਮੰਡੀਆਂ ਵਿੱਚ ਵੇਚ ਕੇ ਵਧੀਆ ਆਮਦਨ ਕਮਾ ਰਿਹਾ ਹੈ। ਖੇਤੀਬਾੜੀ ਵਿਭਾਗ ਵੱਲੋਂ ਉਸ ਨੂੰ ਕੋਈ ਉਤਸ਼ਾਹ ਨਹੀਂ ਮਿਲਿਆ ਸਗੋਂ ਵਿਭਾਗ ਦੇ ਅਧਿਕਾਰੀ ਉਨ੍ਹਾਂ ਨੂੰ ਹਮੇਸ਼ਾ ਇਹੀ ਕਹਿੰਦੇ ਰਹੇ ਕਿ ਇਸ ਧਰਤੀ 'ਤੇ ਆੜੂ ਦਾ ਬਾਗ਼ ਨਹੀਂ ਲੱਗ ਸਕਦਾ। ਉਸ ਨੇ ਇੱਕ ਪ੍ਰਾਈਵੇਟ ਕੰਪਨੀ ਦੇ ਡਾਕਟਰਾਂ ਨਾਲ ਸੰਪਰਕ ਕੀਤਾ ਜਿਨ੍ਹਾਂ ਨੇ ਬਾਗ਼ ਨੂੰ ਕਾਮਯਾਬ ਕਰਨ ਵਿੱਚ ਵੱਡੀ ਭੂਮਿਕਾ ਨਿਭਾਈ। ਇਸ ਕੰਪਨੀ ਵੱਲੋਂ ਤਿਆਰ ਦਵਾਈਆਂ ਜ਼ਹਿਰ ਮੁਕਤ ਹਨ ਜਿਸ ਨਾਲ ਉਹ ਇਸ ਫ਼ਲ ਨੂੰ ਵੀ ਜ਼ਹਿਰ ਮੁਕਤ ਕਰਨ ਵਿੱਚ ਕਾਮਯਾਬ ਹੋਏ ਹਨ। ਕਿਸਾਨ ਰਵਾਇਤੀ ਖੇਤੀ ਦੇ ਨਾਲ ਨਾਲ ਜੇਕਰ ਆੜੂ ਵਰਗੇ ਫ਼ਲ ਦਾ ਬਾਗ਼ ਲਾ ਲਿਆ ਜਾਵੇ ਤਾਂ ਬਹੁਤ ਹੀ ਚੰਗੀ ਕਮਾਈ ਕੀਤੀ ਜਾ ਸਕਦੀ ਹੈ। ਕਿਸਾਨਾਂ ਨੂੰ ਅਜਿਹੇ ਫ਼ਲਾਂ ਦੇ ਬਾਗ਼ ਲਾਉਣ ਲਈ ਉਤਸ਼ਾਹਿਤ ਕਰਨ ਲਈ ਸਰਕਾਰ ਲੋੜੀਂਦੀ ਸਹਾਇਤਾ ਦੇਵੇ ਤਾਂ ਕਿ ਕਿਸਾਨਾਂ ਦਾ ਰੁਝਾਨ ਰਵਾਇਤੀ ਖੇਤੀ ਵੱਲੋਂ ਹੱਟ ਕੇ ਬਾਗ਼ਬਾਨੀ ਵੱਲ ਹੋ ਸਕਦਾ ਹੈ।

**-ਜਗਤਾਰ ਸਮਾਲਸਰ**

# ਬਨਸਪਤੀ ਨਾਲ ਜੁੜੀ ਸ਼ਖ਼ਸ਼ੀਅਤ ਡਾ: ਜੌਰਜ ਵਾਸ਼ਿੰਗਟਨ ਕਾਰਵਰ

ਖੇਤੀ ਨੂੰ ਉੱਤਮ ਪੇਸ਼ਾ ਗਿਣਿਆ ਜਾਂਦਾ ਰਿਹਾ ਹੈ। ਇਸ ਖੇਤਰ ਵਿੱਚ ਹੋਈ ਉੱਨਤੀ ਲਈ ਖੇਤੀ ਵਿਗਿਆਨੀਆਂ ਦਾ ਅਹਿਮ ਯੋਗਦਾਨ ਹੈ। ਪਰ ਖੇਤੀਬਾੜੀ ਦੇ ਮੋਢੀ ਵਿਗਿਆਨੀਆਂ ਬਾਰੇ ਸਾਡੀ ਵਾਕਫ਼ੀ ਨਹੀਂ ਹੈ। ਜੌਰਜ ਵਾਸ਼ਿੰਗਟਨ ਕਾਰਵਰ ਆਪਣੇ ਸਮੇਂ ਦਾ ਪ੍ਰਸਿਧ ਅਫ਼ਰੀਕਨ-ਅਮਰੀਕਨ ਖੇਤੀ ਵਿਗਿਆਨੀ ਹੋਇਆ ਹੈ। ਉਹ ਕਿਸਾਨੀ ਅਰਥ ਵਿਵਸਥਾ, ਬਨਸਪਤੀ ਤੇ ਰਸਾਇਣ ਵਿਗਿਆਨ ਅਤੇ ਬਾਗ਼ਬਾਨੀ ਦਾ ਮਾਹਿਰ ਸੀ। ਇਸ ਤੋਂ ਇਲਾਵਾ ਉਹ ਇੱਕ ਚਿੱਤਰਕਾਰ, ਗਵੱਈਆ ਤੇ ਪਿਆਨੋ ਕਲਾਕਾਰ ਵੀ ਸੀ। ਉਸ ਦਾ ਜਨਮ 1864 ਵਿੱਚ ਅਮਰੀਕਾ 'ਚ ਹੋਇਆ ਸੀ। ਕਾਰਵਰ ਦਾ ਖੇਤੀ ਮਜ਼ਦੂਰ ਪਿਤਾ ਜੌਰਜ ਉਸ ਦੇ ਜਨਮ ਤੋਂ ਪਹਿਲਾਂ ਹੀ ਪ੍ਰਲੋਕ ਸਿਧਾਰ ਗਿਆ ਸੀ। ਉਸ ਦੀ ਮਾਂ ਮੇਰੀ ਨੇ ਇਕੱਲਿਆਂ ਹੀ ਕਾਰਵਰ ਸਮੇਤ ਤਿੰਨ ਬੱਚਿਆਂ ਨੂੰ ਪਾਲਿਆ। ਉਹ ਮੋਜ਼ਿਜ਼ ਦੇ ਖੇਤਾਂ ਵਿੱਚ ਕੰਮ ਕਰਦੀ ਤੇ ਉੱਥੇ ਹੀ ਰਹਿੰਦੀ ਸੀ। ਸ਼ੁਰੂ ਵਿੱਚ ਕਾਰਵਰ ਜਦੋਂ ਬੱਚਾ ਸੀ ਤਾਂ ਉਸ ਦਾ ਭਰਾ ਜਿੰਮ ਸ਼ਕਤੀਸ਼ਾਲੀ ਹੋਣ ਕਰਕੇ ਮਾਂ ਨਾਲ ਮਜ਼ਦੂਰੀ ਕਰਦਾ ਸੀ। ਪਰ ਕੁਝ ਸਾਲਾਂ ਬਾਅਦ ਉਸ ਦੀ ਮੌਤ ਹੋ ਗਈ। ਮੋਜ਼ਿਜ਼ ਕਾਰਵਰ ਦੀ ਪਤਨੀ ਸੂਜ਼ਨ, ਜਾਰਜ ਕਾਰਵਰ ਪ੍ਰਤੀ ਬਹੁਤ ਹਮਦਰਦੀ ਰੱਖਦੀ ਸੀ। ਉਸ ਨੇ ਕਾਰਵਰ ਨੂੰ ਆਪਣੇ ਘਰ 'ਚ ਰਹਿਣ ਲਈ ਛੋਟ ਦਿੱਤੀ ਹੋਈ ਸੀ। ਜਿੱਥੇ ਉਹ ਉਸ ਦੇ ਘਰੇਲੂ ਕੰਮਾਂ 'ਚ ਮਦਦ ਕਰਨ ਲੱਗ ਪਿਆ। ਇਸ ਨਾਲ ਉਹ ਘਰ ਦੇ ਸਾਰੇ ਕੰਮਾਂ ਵਿੱਚ ਮਾਹਿਰ ਹੋ ਗਿਆ। ਉਸ ਨੇ ਕਢਾਈ ਤੇ ਚਿੱਤਰਕਾਰੀ ਵੀ ਸਿੱਖ ਲਈ। ਘਰੇਲੂ ਕੰਮ ਤੋਂ ਬਾਅਦ ਕਾਰਵਰ ਜੰਗਲਾਂ 'ਚ ਘੁੰਮਦਾ ਪ੍ਰਕਿਰਤੀ ਦਾ ਆਨੰਦ ਮਾਣਦਾ। ਇੱਥੋਂ ਉਸ ਦੀ ਪੱਥਰਾਂ



ਚਟਾਨਾਂ, ਜੀਵ-ਜੰਤੂਆਂ ਤੇ ਪੌਦਿਆਂ ਆਦਿ ਨੂੰ ਘੋਖਣ-ਪਰਖਣ ਦੀ ਰੁਚੀ ਪੈਦਾ ਹੋਈ। ਉਸ ਦੀ ਇਹੋ ਜਿਗਿਆਸਾ ਹੀ ਆਉਣ ਵਾਲੇ ਸਮੇਂ 'ਚ ਉਸ ਦੀ ਮਾਰਗ ਦਰਸ਼ਕ ਬਣੀ। ਉਸ ਨੇ ਇੱਕ ਛੋਟਾ ਜਿਹਾ ਬਗ਼ੀਚਾ ਤਿਆਰ ਕੀਤਾ। ਜਿੱਥੇ ਉਸ ਨੇ ਰੁੱਖਾਂ ਬੂਟਿਆਂ ਦੀ ਦੇਖਭਾਲ ਅਤੇ ਕਈ ਤਰ੍ਹਾਂ ਦੇ ਤਜਰਬੇ ਕਰਨੇ ਸ਼ੁਰੂ ਕਰ ਦਿੱਤੇ। ਆਪਣੇ ਗਵਾਂਢੀਆਂ ਦੇ ਬਿਮਾਰ ਪੌਦਿਆਂ ਨੂੰ ਵੀ ਸਿਹਤਯਾਬ ਕੀਤਾ। ਗੁਆਂਢੀ ਉਸ ਨੂੰ 'ਪੌਦਿਆਂ ਦਾ ਡਾਕਟਰ' ਕਹਿਣ ਲੱਗ ਪਏ। ਓਦੋਂ ਉਸ ਦੀ ਉਮਰ ਕੇਵਲ ਦਸ ਕੁ ਸਾਲਾਂ ਦੀ ਹੀ ਸੀ। ਉਸ ਦੀ ਇੱਕ ਗਵਾਂਢਣ ਮੂੱਲਰ ਇਸ ਬਾਲਕ 'ਤੇ ਇੰਨੀ ਖ਼ੁਸ਼ ਹੋਈ ਕਿ ਉਸ ਨੂੰ ਇੱਕ ਵੈੱਬਸਟਰ ਡਿਕਸ਼ਨਰੀ ਲੈ ਦਿੱਤੀ ਤੇ ਪੜ੍ਹਾਉਣਾ ਵੀ ਸ਼ੁਰੂ ਕਰ ਦਿੱਤਾ। ਓਦੋਂ ਡਾਇਮੰਡ ਗਰੋਵ ਵਿੱਚ ਗ਼ੁਲਾਮਾਂ ਦੇ ਪੜ੍ਹਨ ਲਈ ਕੋਈ ਸਕੂਲ ਨਹੀਂ ਸੀ ਅਤੇ ਦੂਜੇ ਸਕੂਲਾਂ 'ਚ ਪੜ੍ਹਨ ਦੀ ਇਜਾਜ਼ਤ ਨਹੀਂ ਸੀ ਹੁੰਦੀ। ਸੋ ਮੂੱਲਰ ਨੇ ਉਸ ਦੇ ਲਈ ਇੱਕ ਨਿੱਜੀ ਅਧਿਆਪਕ ਰੱਖ ਦਿੱਤਾ। ਜੌਰਜ ਪੜ੍ਹਾਈ 'ਚ ਇੰਨਾਂ ਤੇਜ਼ ਸੀ ਕਿ ਅਧਿਆਪਕ ਨੇ ਕਹਿ ਦਿੱਤਾ ਕਿ ਇਹ ਬੱਚਾ ਮੇਰੇ ਤੋਂ ਬਹੁਤ ਕੁਛ ਵਧੇਰੇ ਜਾਣਦਾ ਹੈ। ਹੋਰ ਗਿਆਨ ਹਾਸਲ ਕਰਨ ਲਈ ਉਹ ਦਸ ਕਿਲੋਮੀਟਰ ਦੀ ਦੂਰੀ ਨਿਓਸ਼ੀ ਨਾਂ ਦੇ ਇੱਕ ਪਿੰਡ ਵਿੱਚ ਚਲਾ ਗਿਆ। ਉੱਥੇ ਉਹ ਇੱਕ ਸਕੂਲ ਵਿੱਚ ਪੜ੍ਹਨ ਲੱਗਾ। ਪੜ੍ਹਨ ਦੀ ਖ਼ਾਤਿਰ ਉਸ ਨੇ ਹਰ ਤਰ੍ਹਾਂ ਦੇ ਕੰਮ ਕੀਤੇ। ਉਹ ਚਿੱਠੀਆਂ ਰਾਹੀਂ ਪਰਿਵਾਰ ਨਾਲ ਸੰਪਰਕ ਵੀ ਰੱਖਦਾ ਰਿਹਾ। ਕਈ ਵਾਰ ਉਸ ਦੇ ਪੱਤਰ ਗ਼ਲਤ ਜਗ੍ਹਾ ਪਹੁੰਚ ਜਾਂਦੇ, ਇਸ ਲਈ ਉਸ ਨੇ ਆਪਣੇ ਨਾਂ ਨਾਲ ਵਾਸ਼ਿੰਗਟਨ ਜੋੜ ਲਿਆ। ਉਸ ਨੂੰ ਹਾਈਲੈਂਡ ਕਾਲਜ ਗ਼ੁਲਾਮ ਹੋਣ ਕਾਰਨ ਛੱਡਣਾ ਪਿਆ ਪਰ ਨਾਲ ਹੀ ਸਿੰਪਸਨ ਕਾਲਜ ਵਿੱਚ ਦਾਖ਼ਲਾ ਮਿਲ ਗਿਆ। ਇੱਥੇ ਚਿੱਤਰਕਾਰੀ ਦੀ ਕਲਾਸ ਵਿੱਚ ਹੋਣ ਕਾਰਨ ਉਹ ਇੱਕ ਚੰਗਾ ਚਿੱਤਰਕਾਰ ਬਣ ਗਿਆ। ਫਿਰ ਲੋਵਾ ਨਾਂ ਦੇ ਕਾਲਜ ਤੋਂ ਉਸ ਨੇ 1894 ਵਿੱਚ ਹੌਰਟੀਕਲਚਰ ਤੇ ਐਗਰੀਕਲਚਰ ਵਿੱਚ ਬੀ.ਐਸ.ਸੀ ਦੀ ਡਿਗਰੀ ਲਈ। 1896 ਵਿੱਚ ਐਮ.ਐਸ.ਸੀ. ਵੀ ਕਰ ਲਈ। ਉਸ ਨੂੰ ਅਲਬਾਮਾ ਦੇ ਟਸਕੇਜੀ ਵਿੱਚ ਬੁੱਕਰ ਟੀ ਵਾਸ਼ਿੰਗਟਨ ਨੇ ਆਪਣੇ ਕਬੀਲੇ ਦੇ ਸੁਧਾਰਾਂ ਲਈ ਆਪਣੇ ਨਾਲ ਕੰਮ ਕਰਨ ਲਈ ਬੁਲਾਇਆ। ਉਸ ਨੂੰ ਖੇਤੀ ਵਿਗਿਆਨ ਵਿੱਚ ਹੋਰ ਪ੍ਰਯੋਗ ਕਰਨ ਲਈ ਲੈਬਾਰਟਰੀ ਦਾ ਨਿਰਦੇਸ਼ਕ ਨਿਯੁਕਤ ਕੀਤਾ ਗਿਆ। ਉੱਥੇ ਲਗਾਤਾਰ ਕਪਾਹ ਬੀਜਣ ਕਰਕੇ ਜ਼ਮੀਨ 'ਚੋਂ ਮਹੱਤਵ ਪੂਰਨ ਪੌਸ਼ਟਿਕ ਤੱਤ ਖ਼ਾਸਕਰ ਨਾਈਟ੍ਰੋਜਨ ਸਮਾਪਤ ਹੋ ਗਈ ਸੀ। ਉਸ ਨੇ ਦੱਸਿਆ ਕਿ ਪਸ਼ੂਆਂ ਦੇ ਗੋਬਰ ਜਾਂ ਮੂੰਗਫਲੀ ਤੇ ਲੋਬੀਆ ਦੀ ਖੇਤੀ ਕਰਨ ਨਾਲ ਇਸ ਦੀ ਭਰਪਾਈ ਹੋ ਸਕਦੀ ਹੈ। ਉਸ ਨੇ ਮੂੰਗਫਲੀ ਅਤੇ ਸ਼ਕਰਕੰਦੀ ਤੋਂ ਉਪਯੋਗੀ ਵਸਤਾਂ ਤਿਆਰ ਕੀਤੀਆਂ। ਪੀਕਨਜ਼ ਤੋਂ ਉਸ ਨੇ ਕਈ ਕਿਸਮ ਦੀ ਕੌਟਨ ਵੀ ਤਿਆਰ ਕੀਤੀ। ਉਸ ਦੀਆਂ ਕਈ ਖੋਜਾਂ ਪਹਿਲੇ ਵਿਸ਼ਵ ਯੁੱਧ ਵਿੱਚ ਵੀ ਇਸਤੇਮਾਲ ਕੀਤੀਆਂ ਗਈਆਂ। ਸ਼ਕਰਕੰਦੀ ਦਾ ਆਟਾ ਕਣਕ ਦੇ ਆਟੇ ਦੀ ਥਾਂ ਬਰੈੱਡ ਬਣਾਉਣ ਲਈ ਵਰਤਿਆ ਗਿਆ। ਜਦੋਂ ਕਪਾਹ ਦੀ ਮੰਗ ਵਿੱਚ ਕਮੀ ਆਈ ਤਾਂ ਕਾਰਵਰ ਨੇ ਕਈ ਪ੍ਰਯੋਗ ਹੋਂਦ ਵਿੱਚ ਲਿਆਂਦੇ, ਜਿਵੇਂ ਕਾਗ਼ਜ਼, ਗਲੀਚੇ, ਫਰਸ਼ ਦੇ ਬਲਾਕ ਅਤੇ ਗੱਤਾ ਆਦਿ। ਜਦੋਂ ਯੂਰਪ ਤੋਂ ਡਾਈ ਖ਼ਰੀਦਣਾ ਮੁਸ਼ਕਲ ਹੋ ਗਿਆ ਉਸ ਨੇ ਡਾਈ ਰੰਗ ਇਜਾਦ ਕਰਕੇ ਅਮਰੀਕਨ ਟੈਕਸਟਾਈਲ ਨੂੰ ਦਿੱਤੇ। ਉਸ ਨੇ ਮੂੰਗਫਲੀ ਦੇ ਦੁੱਧ ਨੂੰ ਮਾਂ ਦੀ ਮੌਤ ਹੋ ਜਾਣ 'ਤੇ ਬੱਚੇ ਲਈ ਵਰਤਣ ਦੀ ਸਲਾਹ ਦਿੱਤੀ। ਕਾਰਵਰ ਨੇ ਨਵੇਂ ਆਜ਼ਾਦ ਹੋਏ ਗ਼ੁਲਾਮਾਂ ਨੂੰ ਪਸ਼ੂ ਪਾਲਣਾ, ਉਨ੍ਹਾਂ ਦੀ ਸਫ਼ਾਈ ਤੇ ਸੁਰੱਖਿਆ ਬਾਰੇ ਜਾਣੂ ਕਰਾਉਣ ਲਈ ਜੇਸਪ ਦੁਆਰਾ ਦਿੱਤੀ ਗਈ ਦਾਨ ਰਾਸ਼ੀ ਤੋਂ ਜੇਸਪ ਵੈਗਨ ਨਾਂ ਦਾ ਚਲਦਾ-ਫਿਰਦਾ ਸਕੂਲ ਤਿਆਰ ਕੀਤਾ। ਇਸ ਵੈਗਨ ਨਾਮੀ ਸਕੂਲ ਨੂੰ ਅਨੇਕਾਂ ਔਜ਼ਾਰਾਂ ਨਾਲ ਸਜਾਇਆ ਗਿਆ ਸੀ। ਜੌਰਜ ਕਾਰਵਰ ਇੱਕ ਬਹੁਤ ਹੀ ਸੰਕੋਚੀ ਸ਼ਰਮੀਲੇ ਸੁਭਾਅ ਦਾ ਵਿਅਕਤੀ ਸੀ। ਇਸ ਵਿੱਚ ਉਸ ਦੇ ਬਚਪਨ ਦੇ ਅਨੁਭਵਾਂ ਤੇ ਉਸ ਦੀ ਸਿਹਤ ਨਾਲ ਜੁੜੇ ਅਨੇਕਾਂ ਕਾਰਨ ਸਨ। ਉਹ ਬਹੁਤ ਹੀ ਮਿਹਨਤ ਸੁਭਾਅ ਦਾ ਮਾਲਕ ਸੀ। ਦਿਨ ਦਾ ਬਹੁਤਾ ਹਿੱਸਾ ਉਹ ਆਪਣੇ ਕੰਮਾਂ ਵਿੱਚ ਹੀ ਬਤੀਤ ਕਰਦਾ ਸੀ। ਉਹ ਨਵੀਆਂ ਨਵੀਆਂ ਖੋਜਾਂ ਕਰਨ ਨੂੰ ਤਤਪਰ ਰਹਿੰਦਾ ਸੀ। ਉਹ ਇਕੱਲੇ ਕੰਮ ਕਰਮ ਨੂੰ ਬਿਹਤਰ ਸਮਝਦਾ ਸੀ। ਉਸ ਨੇ ਕਈ ਨਵੇਂ ਨਵੇਂ ਖਾਣਿਆਂ ਦੀ ਵੀ ਖੋਜ ਕੀਤੀ ਜਿਵੇਂ ਮੂੰਗਫਲੀ ਬਰੈੱਡ, ਮੌਕ ਚਿਕਨ, ਪੀ ਨਟ ਸਟਰਾਈਫ ਤੇ ਕਈ ਖਾਣੇ ਕੇਲਿਆਂ ਤੋਂ ਤਿਆਰ ਕੀਤੇ ਸਨ। ਉਹ ਆਪਣੀਆਂ ਖੋਜਾਂ ਦੁਆਰਾ ਦੂਜਿਆਂ ਨੂੰ ਲਾਭ ਦੇਣ ਵਿੱਚ ਵਿਸ਼ਵਾਸ ਰੱਖਦਾ ਸੀ। ਕਾਰਵਰ ਨੇ ਆਪਣੀਆਂ ਸਿਰਫ਼ ਤਿੰਨ ਹੀ ਕਾਢਾਂ ਨੂੰ ਪੇਟੈਂਟ ਕਰਵਾਇਆ। ਉਸ ਦੀਆਂ ਕੁਝ ਖੋਜਾਂ ਵਾਲੇ ਪੱਤਰ ਦੇ ਬੁਲੇਟਿਨ ਇੰਨੇ ਪਸੰਦ ਕੀਤੇ ਜਾਂਦੇ ਸਨ ਕਿ ਛਪਦਿਆਂ ਹੀ ਵਿਕ ਜਾਂਦੇ ਸਨ। ਕਾਰਵਰ ਨੇ ਸਾਰੀ ਉਮਰ ਵਿਆਹ ਨਹੀ ਕਰਵਾਇਆ। ਉਸ ਨੇ 60 ਹਜ਼ਾਰ ਡਾਲਰ ਦੀ ਆਪਣੀ ਜੀਵਨ ਭਰ ਦੀ ਬੱਚਤ ਟਸਕੇਜੀ ਵਿੱਚ ਜਾਰਜ ਵਾਸ਼ਿੰਗਟਨ ਕਾਰਵਰ ਇੰਸਟੀਚਿਊਟ ਫਾਰ ਐਗਰੀਕਲਚਰ ਦੀ ਸਥਾਪਨਾ ਲਈ ਦਾਨ 'ਚ ਦੇ ਦਿੱਤੀ। ਉਹ ਬੱਚਿਆਂ ਨੂੰ ਬਹੁਤ ਪਿਆਰ ਕਰਦਾ ਸੀ। ਉਹ ਬੱਚਿਆਂ ਨੂੰ ਬੂਟ ਕੱਪੜੇ ਆਦਿ ਗਿਫ਼ਟ ਦਿੰਦਾ ਸੀ। ਕਈ ਲੜਕਿਆਂ ਦੀ ਪੜ੍ਹਾਈ ਕਰਨ ਲਈ ਵੀ ਮਦਦ ਕੀਤੀ। ਕਾਰਵਰ ਦੇ ਕੰਮਾਂ ਕਰਕੇ ਉਸ ਨੂੰ ਅਨੇਕਾਂ ਮਾਨ-ਸਨਮਾਨ ਪ੍ਰਾਪਤ ਹੋਏ। ਉਹ ਸਵੇਰੇ 4 ਵਜੇ ਉੱਠ ਕੇ ਜੰਗਲ ਦੀ ਸੈਰ ਕਰਦਾ ਤੇ ਫਿਰ ਸਾਰਾ ਦਿਨ ਆਪਣੀ ਪ੍ਰਯੋਗਸ਼ਾਲਾ ਵਿੱਚ ਗੁਜ਼ਾਰਦਾ ਸੀ। ਦਸੰਬਰ 1942 ਵਿੱਚ ਬਰਫ਼ ਤੋਂ ਤਿਲਕ ਕੇ ਉਸ ਨੂੰ ਕਾਫ਼ੀ ਸੱਟਾਂ ਲੱਗੀਆਂ। ਡਾਕਟਰਾਂ ਨੇ ਉਸ ਨੂੰ ਪੂਰਨ ਰੂਪ ਵਿੱਚ ਆਰਾਮ ਕਰਨ ਲਈ ਕਿਹਾ। ਇਸ ਦੌਰਾਨ ਉਹ ਬਿਸਤਰੇ 'ਚ ਬੈਠਾ ਬੈਠਾ ਚਿੱਤਰਕਾਰੀ ਕਰਦਾ ਰਹਿੰਦਾ। ਉਸ ਨੇ ਅਨੇਕਾਂ ਕਰਿਸਮਸ ਕਾਰਡ ਤਿਆਰ ਕੀਤੇ। ਅੰਤ ਉਹ 5 ਜਨਵਰੀ 1943 ਨੂੰ ਇਸ ਦੁਨੀਆਂ ਤੋਂ ਚਲ ਵਸਿਆ।

**-ਜਸਬੀਰ ਕੌਰ**

# ਮਸ਼ੀਨ ਨਾਲ ਝੋਨਾ ਲਾਉਣ ਦੇ ਫ਼ਾਇਦੇ

ਝੋਨਾ ਪੰਜਾਬ ਵਿੱਚ ਸਾਉਣੀ ਦੀ ਮੁੱਖ ਫ਼ਸਲ ਹੈ ਪਰ ਇਸ ਫ਼ਸਲ ਦੀ ਬਿਜਾਈ ਵਾਸਤੇ ਕਿਸਾਨਾਂ ਨੂੰ ਖੇਤੀ ਮਜ਼ਦੂਰਾਂ ਦੀ ਆਮਦ 'ਤੇ ਨਿਰਭਰ ਰਹਿਣਾ ਪੈਂਦਾ ਹੈ। ਮਨਰੇਗਾ ਜਾਂ ਨਰੇਗਾ ਵਰਗੀਆਂ ਸਕੀਮਾਂ ਨਾਲ ਮਜ਼ਦੂਰੀ ਸਥਾਨਕ ਪੱਧਰ 'ਤੇ ਮਿਲਣ ਲੱਗ ਪਈ ਹੈ। ਇਸ ਕਰਕੇ ਦੂਜੇ ਸੂਬਿਆਂ ਤੋਂ ਆਉਣ ਵਾਲੀ ਲੇਬਰ ਦੀ ਆਮਦ ਕਾਫ਼ੀ ਘਟੀ ਹੈ। ਆਉਣ ਵਾਲੇ ਸਮੇਂ ਵਿੱਚ ਉਦਯੋਗੀਕਰਨ ਵਿੱਚ ਵਾਧਾ ਹੋਣ ਕਰਕੇ ਮਜ਼ਦੂਰਾਂ ਦੀ ਆਮਦ ਵਿੱਚ ਹੋਰ ਵੀ ਕਮੀ ਆਉਣ ਦੀ ਉਮੀਦ ਹੈ। ਪੰਜਾਬ ਸਰਕਾਰ ਦੇ ਨਿਯਮ ਅਧੀਨ ਹੁਣ ਬਿਜਾਈ 10 ਜੂਨ ਤੋਂ ਬਾਅਦ ਹੀ ਕੀਤੀ ਜਾ ਸਕਦੀ ਹੈ। ਇਸ ਕਰਕੇ ਬਿਜਾਈ ਵਿੱਚ ਕਾਫ਼ੀ ਵਾਰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅੱਜ ਤਕਨੀਕ ਦਾ ਯੁੱਗ ਹੈ ਅਤੇ ਉਹੀ ਕਿਸਾਨ ਕਾਮਯਾਬ ਹੈ ਜੋ ਸਮੇਂ ਮੁਤਾਬਿਕ ਆਪਣੇ-ਆਪ ਨੂੰ ਬਦਲਦਾ ਹਨ। ਨਵੀਂ ਤਕਨੀਕ ਅਪਣਾਉਣ ਵਾਲਾ ਕਿਸਾਨ ਅਗਾਂਹਵਾਧੂ ਕਿਸਾਨ ਕਹਾਉਂਦਾ ਹੈ। ਇਸ ਨਾਲ ਉਹ ਆਪਣੀ ਮਾਲੀ ਹਾਲਤ ਨੂੰ ਸੁਧਾਰਨ ਵਿੱਚ ਸਫ਼ਲ ਹੁੰਦਾ ਹੈ। ਇਸੇ ਨਵੀਂ ਤਕਨੀਕ ਦੀ ਖੋਜ ਹੈ ਝੋਨੇ ਦੀ ਟਰਾਂਸਪਲਾਂਟਿੰਗ ਮਸ਼ੀਨ। ਇਸ ਦੀ ਵਰਤੋਂ ਨਾਲ ਕਈ ਮੁਸ਼ਕਿਲਾਂ ਹੱਲ ਹੋ ਜਾਂਦੀਆਂ ਹਨ। ਮਸ਼ੀਨ ਨਾਲ ਬਿਜਾਈ ਦਾ ਖ਼ਰਚਾ 400 ਤੋਂ 500 ਰੁਪਏ ਪ੍ਰਤੀ ਏਕੜ ਹੁੰਦਾ ਹੇ ਅਤੇ ਕੰਮ ਸਮੇਂ ਸਿਰ ਨੇਪਰੇ ਚੜ੍ਹ ਜਾਂਦਾ ਹੈ। ਮਸ਼ੀਨ ਨਾਲ ਇੱਕ ਦਿਨ ਵਿੱਚ 4-5 ਏਕੜ ਦੀ ਨਰਸਰੀ ਬੀਜੀ ਜਾ ਸਕਦੀ ਹੈ। ਕਿਰਾਏ ਉੱਤੇ ਕੰਮ ਕਰਨ ਵਾਲੇ ਉਦਮੀ ਕਿਸਾਨ ਇੱਕ ਸੀਜ਼ਨ ਵਿੱਚ ਹੀ ਮਸ਼ੀਨ ਦੀ ਕੀਮਤ ਵਸੂਲ ਸਕਦੇ ਹਨ। ਇਸ ਮਸ਼ੀਨ ਦੀ ਵਰਤੋਂ ਨਾਲ ਬਾਸਮਤੀ ਦੀ ਪਨੀਰੀ ਵੀ ਬੀਜੀ ਜਾ ਸਕਦੀ ਹੈ। ਭਾਵ ਮਸ਼ੀਨ ਦੀ ਵਰਤੋਂ 40 ਤੋਂ 45 ਦਿਨ ਕੀਤੀ ਜਾ ਸਕਦੀ ਹੈ। ਖੇਤੀ ਮਜ਼ਦੂਰਾਂ ਦੀ ਭਾਲ ਵਿੱਚ ਵਿਅਰਥ ਹੋਣ ਵਾਲਾ ਸਮਾਂ ਉਪਯੋਗੀ ਕੰਮ ਵਿੱਚ ਲਗਾਇਆ ਜਾ ਸਕਦਾ ਹੈ ਅਤੇ ਲੇਬਰ ਨਾਲ ਜੁੜੀਆਂ ਖੱਜਲ-ਖੁਆਰੀਆਂ ਵੀ ਖ਼ਤਮ ਹੋ ਜਾਂਦੀਆਂ ਹਨ। ਮਜ਼ਦੂਰਾਂ ਰਾਹੀਂ ਹੱਥੀਂ ਲੁਆਈ ਨਾਲ ਪ੍ਰਤੀ ਵਰਗ ਮੀਟਰ ਨਾਲੋਂ ਮਸ਼ੀਨ ਨਾਲ ਕੀਤੀ ਗਈ ਬਿਜਾਈ ਵਿੱਚ ਨਾ ਕੇਵਲ ਬੂਟਿਆਂ ਦੀ ਗਿਣਤੀ ਜ਼ਿਆਦਾ ਹੁੰਦੀ ਹੈ ਸਗੋਂ ਬੂਟੇ ਵਧੀਆ ਢੰਗ ਨਾਲ ਲਗਦੇ ਹਨ। ਮਸ਼ੀਨ ਰਾਹੀਂ ਬਿਜਾਈ ਨਾਲ ਬੂਟਿਆਂ ਦੀ ਗਿਣਤੀ ਸਿਫ਼ਾਰਸ਼ ਮੁਤਾਬਿਕ ਹੁੰਦੀ ਹੈ ਜਿਸ



ਕਾਰਨ 10 ਤੋਂ 15 ਫ਼ੀਸਦੀ ਝਾੜ ਵੀ ਵੱਧ ਹੁੰਦਾ ਹੈ। ਇਸ ਨਾਲ ਕਿਸਾਨ ਨੂੰ 2000-2500 ਰੁਪਏ ਦੀ ਵੱਧ ਆਮਦਨ ਹੁੰਦੀ ਹੈ। ਫ਼ਸਲ ਕਤਾਰਾਂ ਵਿੱਚ ਹੋਣ ਕਰਕੇ ਖੇਤ ਵਿੱਚੋਂ ਹਵਾ ਅਤੇ ਰੌਸ਼ਨੀ ਇਕਸਾਰ ਮਿਲਦੀ ਹੈ ਜਿਸ ਕਰਕੇ ਫ਼ਸਲ ਦੀ ਕੁਵਾਲਟੀ ਵਧੀਆ ਹੁੰਦੀ ਹੈ ਅਤੇ ਉੱਲੀ ਰੋਗ ਤੋਂ ਛੁਟਕਾਰਾ ਮਿਲਦਾ ਹੈ। ਫ਼ਸਲ ਦੀ ਇਕਸਾਰ ਕਤਾਰਾਂ ਵਿੱਚ ਬਿਜਾਈ ਹੋਣ ਕਰਕੇ ਨਾ ਕੇਵਲ ਝਾੜ ਵੱਧ ਆਉਂਦਾ ਹੈ ਸਗੋਂ ਬੂਟਿਆਂ ਦੇ ਵਧਣ ਲਈ ਪੂਰੀ ਹਵਾ ਮਿਲਦੀ ਹੈ। ਇਸ ਨਾਲ ਸਪਰੇਅ ਤੇ ਖਾਦ ਖਿਲਾਰਨ ਵਿੱਚ ਵੀ ਸੌਖ ਹੁੰਦੀ ਹੈ। ਮਜ਼ਦੂਰਾਂ ਰਾਹੀਂ ਹੱਥੀਂ ਲੁਆਈ ਸਮੇਂ ਜ਼ਮੀਨ ਵਿੱਚ ਪਾਣੀ ਦੀ ਵਧੇਰੇ ਮਾਤਰਾ ਦੀ ਲੋੜ ਹੁੰਦੀ ਹੈ। ਜੇ ਅਜਿਹਾ ਨਹੀਂ ਹੁੰਦਾ ਤਾਂ ਪੌਦਾ ਜ਼ਿਆਦਾ ਡੂੰਘਾਈ ਤਕ ਨਹੀਂ ਪਹੁੰਚਦਾ ਇਸ ਕਰਕੇ ਪੌਦਾ ਗਰਮੀ ਨਾ ਸਹਾਰਦਾ ਸੁੱਕ ਜਾਂਦਾ ਹੈ। ਮਸ਼ੀਨ ਨਾਲ ਲੱਗਣ ਵਾਲੇ ਬੂਟੇ ਦੀ ਡੂੰਘਾਈ ਜ਼ਿਆਦਾ ਹੁੰਦੀ ਹੈ ਇਸੇ ਲਈ ਉਸ ਦੀ ਸਫ਼ਲਤਾ ਦੀ ਦਰ ਜ਼ਿਆਦਾ ਹੁੰਦੀ ਹੈ। ਇਸ ਮਸ਼ੀਨ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਲਈ ਇਸ ਦੀ ਖ਼ਰੀਦ ਵਿੱਚ ਪੰਜਾਬ ਸਰਕਾਰ ਵੱਲੋਂ ਸਬਸਿਡੀ ਵੀ ਦਿੱਤੀ ਜਾਂਦੀ ਹੈ। ਨਰਸਰੀ ਤਿਆਰ ਕਰਨ ਬਾਰੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਖੇਤੀ ਵਿਭਾਗ ਅਤੇ ਸਹਿਕਾਰੀ ਸੁਸਾਇਟੀਆਂ ਇਸ ਕੰਮ ਵਿੱਚ ਚੰਗਾ ਹਿੱਸਾ ਨਿਭਾ ਸਕਦੀਆਂ ਹਨ। ਮਿਸਾਲ ਦੇ ਤੌਰ 'ਤੇ ਕੁਝ ਮਹਿਕਮੇ ਉਦਮੀ ਕਾਮਿਆਂ ਨੂੰ ਨਰਸਰੀ ਬਣਾਉਣ ਅਤੇ ਮਸ਼ੀਨ ਨੂੰ ਸਹੀ ਤਰੀਕੇ ਨਾਲ ਚਲਾਉਣ ਬਾਰੇ ਟਰੇਨਿੰਗ ਕਰਵਾ ਸਕਦੇ ਹਨ। ਇਹ ਵੀ ਸਮਝਣਾ ਜ਼ਰੂਰੀ ਹੋਵੇਗਾ ਕਿ ਖੇਤੀ ਮਸ਼ੀਨਰੀ ਜਾਂ ਇਸ ਨਾਲ ਜੁੜੇ ਸਾਰੇ ਕੰਮ ਥੋੜ੍ਹੇ ਸਮੇਂ ਵਾਸਤੇ ਹੀ ਹੁੰਦੇ ਹਨ। ਇਸ ਲਈ ਖੇਤੀ ਕਿੱਤੇ ਨੂੰ ਪ੍ਰਭਾਵੀ ਬਣਾਉਣ ਲਈ ਸਹਿਕਾਰੀ ਸੁਸਾਇਟੀਆਂ ਅਤੇ ਕਿਰਾਏ ਤੇ ਮਸ਼ੀਨਰੀ ਸੇਵਾਵਾਂ ਦੇਣ ਵਾਲੀਆਂ ਸੰਸਥਾਵਾ ਇੱਕ ਉੱਘਾ ਯੋਗਦਾਨ ਪਾ ਸਕਦੀਆਂ ਹਨ। ਪਰ ਇਸ ਮਸ਼ੀਨ ਦੀ ਵਰਤੋਂ ਲਈ ਕਿਸਾਨਾਂ ਨੂੰ ਖ਼ਾਸ ਕਿਸਮ ਦੀ ਪਨੀਰੀ ਤਿਆਰ ਕਰਨੀ ਪੈਂਦੀ ਹੈ। ਇਸ ਨੂੰ ਤਿਆਰ ਕਰਨ ਬਾਰੇ ਉਨ੍ਹਾਂ ਦੇ ਕੁਝ ਭਰਮ ਹਨ। ਜਿਵੇਂ ਆਮ ਧਾਰਨਾ ਇਹ ਬਣ ਗਈ ਹੈ ਕਿ ਗਰਮੀ ਵੱਧ ਹੋਣ ਕਰਕੇ ਪਨੀਰੀ ਸੜ ਜਾਂਦੀ ਹੈ। ਇਸ ਦੇ ਹੱਲ ਲਈ ਨਰਸਰੀ ਬੀਜਣ ਵਾਸਤੇ ਖ਼ਾਸ ਕਿਸਮ ਦੀਆਂ ਟਰੇ ਦੀ ਲੋੜ ਹੁੰਦੀ ਹੈ। ਪਾਣੀ ਦਾ ਸੁਚੱਜਾ ਇੰਤਜ਼ਾਮ ਪਨੀਰੀ ਨੂੰ ਉਗਾਉਣ ਲਈ ਬਹੁਤ ਹੀ ਜ਼ਰੂਰੀ ਹੈ। ਸਿੱਲ ਵਧੀਆ ਹੋਣ ਕਰਕੇ ਪਨੀਰੀ ਸੇਂਕੇ ਦੇ ਮਾਰ ਤੋਂ ਬਚ ਜਾਵੇਗੀ।

ਕੀ ਹਨ ਮਸ਼ੀਨ ਦੇ ਫ਼ਾਇਦੇ

* ਖ਼ਰਚਾ ਘੱਟ ਆਉਂਦਾ ਹੈ।
* ਲਵਾਈ ਵਧੀਆ ਅਤੇ ਜਲਦੀ ਹੋ ਜਾਂਦੀ ਹੈ।
* ਇਸ ਨਾਲ ਲਾਈ ਫ਼ਸਲ ਦਾ ਝਾੜ ਵੀ ਵੱਧ ਹੁੰਦੀ ਹੈ ਜਿਸ ਨਾਲ ਆਮਦਨ ਵੀ ਵਧਦੀ ਹੈ।
* ਫ਼ਸਲ ਕਤਾਰਾਂ ਵਿੱਚ ਹੋਣ ਕਰਕੇ ਖੇਤ ਵਿੱਚੋਂ ਹਵਾ ਅਤੇ ਰੌਸ਼ਨੀ ਇੱਕਸਾਰ ਮਿਲਦੀ ਹੈ।

**ਡਾ. ਸੇਵਕ ਸਿੰਘ ਆਹੂਜਾ**
**ਪ੍ਰੋ. ਰਵਿੰਦਰ ਗੋਇਲ**

# ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਪਮਾਨ ਦੀ ਕੋਸ਼ਿਸ਼ ਕਰਨ ਵਾਲਾ ਉਮਰ ਕੈਦ ਤੱਕ ਜੇਲ੍ਹ 'ਚ ਸੜੇਗਾ: ਮੁੱਖ ਮੰਤਰੀ ਭਗਵੰਤ ਸਿੰਘ ਮਾਨ

**ਤਰਨਤਾਰਨ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਅਕਾਲੀਆਂ ਦੇ ਕਾਰਜਕਾਲ ਦੌਰਾਨ @ਬੇਅਦਬੀ@ ਦੀਆਂ ਘਟਨਾਵਾਂ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ @ਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਕਿ ਅਕਾਲੀ ਆਗੂਆਂ ਨੇ ਸਿੱਖ ਸੰਗਤ ਨੂੰ ਇਨਸਾਫ਼ ਤਾਂ ਕੀ ਦੇਣਾ ਸੀ ਬਲਕਿ ਉਲਟਾ ਉਨ੍ਹਾਂ ਨੇ ਦੋਸ਼ੀਆਂ ਨੂੰ ਬਚਾ ਕੇ ਰੱਖਿਆ। ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਮੱਥਾ ਟੇਕਣ ਤੋਂ ਬਾਅਦ ਮੁੱਖ ਮੰਤਰੀ ਨੇ ਪੱਟੀ ਵਿਖੇ ਇਕੱਠ ਨੂੰ ਵੀ ਸੰਬੋਧਨ ਕਰਦਿਆਂ ਕਿਹਾ ਕਿ ਜਿਹੜੇ ਲੋਕ ਕਦੇ ਦਾਅਵਾ ਕਰਦੇ ਸਨ ਕਿ ਉਹ 25 ਸਾਲ ਪੰਜਾਬ @ਤੇ ਰਾਜ ਕਰਨਗੇ, ਅੱਜ ਉਹ ਆਪਣੀਆਂ ਮੀਟਿੰਗਾਂ ਲਈ 25 ਲੋਕਾਂ ਨੂੰ ਵੀ ਇਕੱਠਾ ਨਹੀਂ ਕਰ ਪਾ ਰਹੇ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਕਾਲੀ ਖੁਦ @ਬੇਅਦਬੀ@ ਦੀਆਂ ਘਟਨਾਵਾਂ ਵਿੱਚ ਸ਼ਾਮਲ ਰਹੇ ਹਨ, ਜਿਸ ਕਾਰਨ ਉਹ ਕਦੇ ਵੀ ਅਜਿਹਾ ਕਾਨੂੰਨ ਨਹੀਂ ਲਿਆਏ। ਲੋਕ, ਖਾਸ ਕਰਕੇ ਮਾਝਾ ਖੇਤਰ ਦੇ ਲੋਕ, ਉਨ੍ਹਾਂ ਨੂੰ ਬਾਬਾ ਨਾਨਕ ਦੇ ਪੈਰੋਕਾਰ ਸਮਝ ਕੇ ਵੋਟ ਦਿੰਦੇ ਰਹੇ, ਪਰ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ @ਬੇਅਦਬੀ@ ਨਾਲ @ਬਾਣੀ@ ਦਾ ਘੋਰ ਅਪਮਾਨ ਕੀਤਾ।

ਉਨ੍ਹਾਂ ਕਿਹਾ ਕਿ ਅਕਾਲੀਆਂ ਦੀ ਸਰਕਾਰ ਵੇਲੇ ਅਜਿਹੇ ਹਾਲਾਤ ਸਨ ਕਿ ਇਸ ਸਬੰਧੀ ਨਾ ਤਾਂ ਕੋਈ ਢੁਕਵੀਂ ਕਾਰਵਾਈ ਕੀਤੀ ਗਈ ਅਤੇ ਨਾ ਹੀ ਕਿਸੇ ਦੋਸ਼ੀ ਦੀ ਪਛਾਣ ਕੀਤੀ ਗਈ ਅਤੇ ਪੁਲਿਸ ਸਿਰਫ਼ ਇਹ ਬਿਆਨ ਦਿੰਦੀ ਰਹੀ ਕਿ ਦੋਸ਼ੀ ਕੋਈ ਅਣਜਾਣ ਵਿਅਕਤੀ ਹਨ।

ਇਸ ਕਾਨੂੰਨ ਨੂੰ ਲੈ ਕੇ ਵਿਰੋਧੀ ਧਿਰ ਦੇ ਸਟੈਂਡ @ਤੇ ਟਿੱਪਣੀ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਨੇ ਕਿਹਾ ਕਿ ਜਿਹੜੇ ਲੋਕ ਕਦੇ ਦਾਅਵਾ ਕਰਦੇ ਸਨ ਕਿ ਉਹ 25 ਸਾਲ ਰਾਜ



ਕਰਨਗੇ, ਅੱਜ ਉਨ੍ਹਾਂ ਦੇ ਨਾਲ 25 ਲੋਕ ਵੀ ਨਹੀਂ ਹਨ। ਪੂਰੀ ਦੁਨੀਆ ਇਨ੍ਹਾਂ ਕਾਨੂੰਨਾਂ ਤੋਂ ਖੁਸ਼ ਹੈ, ਪਰ ਸ਼੍ਰੋਮਣੀ ਕਮੇਟੀ ਨੂੰ ਕੰਟਰੋਲ ਕਰਨ ਵਾਲਾ ਇਕਲੌਤਾ ਪਰਿਵਾਰ ਨਾਖੁਸ਼ ਹੈ ਅਤੇ ਕਹਿ ਰਿਹਾ ਹੈ ਕਿ ਪੰਥ ਇਸ ਕਾਨੂੰਨ ਨੂੰ ਮਨਜ਼ੂਰ ਨਹੀਂ ਕਰਦਾ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਤਾਂ ਸਗੋਂ ਇਸ ਕਾਨੂੰਨ ਦੇ ਲਾਗੂਕਰਨ ਦਾ ਸਵਾਗਤ ਕਰਨਾ ਅਤੇ ਇਸ ਕਦਮ ਦਾ ਸਮਰਥਨ ਕਰਨਾ ਚਾਹੀਦਾ ਹੈ ਤਾਂ ਜੋ ਕੋਈ ਵੀ ਦੁਬਾਰਾ ਅਜਿਹੇ ਘਿਨਾਉਣੇ ਅਪਰਾਧ ਕਰਨ ਦੀ ਹਿੰਮਤ ਨਾ ਕਰੇ।

ਉਨ੍ਹਾਂ ਅੱਗੇ ਕਿਹਾ ਕਿ ਇਹ ਗੁਰੂ ਸਾਹਿਬ ਦੇ ਆਸ਼ੀਰਵਾਦ ਅਤੇ ਉਨ੍ਹਾਂ ਵੱਲੋਂ ਬਖ਼ਸ਼ੀ ਸਮਰੱਥਾ ਅਤੇ ਸੋਝੀ ਦਾ ਹੀ ਨਤੀਜਾ ਹੈ ਕਿ ਅਸੀਂ ਇਹ ਕਾਨੂੰਨ ਲਾਗੂਕਰਨ ਦੇ ਯੋਗ ਹੋਏ, ਜਿਸਦੀ ਲੋਕ ਲੰਬੇ ਸਮੇਂ ਤੋਂ ਉਡੀਕ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਮੈਂ ਇੱਥੇ ਸਰਵ ਸ਼ਕਤੀਮਾਨ ਪ੍ਰਮਾਤਮਾ ਦਾ ਸ਼ੁਕਰਾਨਾ ਕਰਨ ਲਈ ਆਇਆ ਹਾਂ, ਜਿਨ੍ਹਾਂ ਨੇ ਸਾਡੀ ਸਰਕਾਰ ਨੂੰ @ਬੇਅਦਬੀ@ ਵਿਰੁੱਧ ਕਾਨੂੰਨ ਬਣਾਉਣ ਦੀ ਇਹ ਵੱਡੀ ਜ਼ਿੰਮੇਵਾਰੀ ਸੌਂਪੀ। ਉਨ੍ਹਾਂ ਕਿਹਾ ਕਿ ਲੋਕਾਂ ਦੁਆਰਾ ਵਰਸਾਇਆ ਗਿਆ ਅਥਾਹ ਪਿਆਰ ਇਸ ਕਾਨੂੰਨ ਲਈ ਉਨ੍ਹਾਂ ਵੱਲੋਂ ਲਗਾਤਾਰ ਕੀਤੀ ਅਰਦਾਸ ਅਤੇ ਉਨ੍ਹਾਂ ਦੇ ਕਾਨੂੰਨ ਪ੍ਰਤੀ ਸਮਰਥਨ ਨੂੰ ਦਰਸਾਉਂਦਾ ਹੈ।

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਦੇਸ਼ ਭਰ ਦੇ ਕਈ ਪ੍ਰਮੁੱਖ ਵਕੀਲਾਂ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ, ਰਾਜ ਸਰਕਾਰ ਨੇ ਇੱਕ ਬੇਹੱਦ ਮਜ਼ਬੂਤ ਤੇ ਪ੍ਰਭਾਵਸ਼ਾਲੀ ਕਾਨੂੰਨ ਤਿਆਰ ਕੀਤਾ ਹੈ, ਜਿਸ ਨਾਲ ਕੋਈ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਪਮਾਨ ਕਰਨ ਦੀ ਹਿੰਮਤ ਵੀ ਨਹੀਂ ਕਰੇਗਾ। ਜੇਕਰ ਭਵਿੱਖ ਵਿੱਚ ਕੋਈ ਅਜਿਹਾ ਅਪਰਾਧ ਕਰਨ ਦੀ ਕੋਸ਼ਿਸ਼ ਕਰਦਾ ਹੈ, ਤਾਂ ਉਹ ਆਪਣੀ ਪੂਰੀ ਜ਼ਿੰਦਗੀ ਮਰਨ ਤੱਕ ਜੇਲ੍ਹ ਵਿੱਚ ਬਿਤਾਏਗਾ। ਉਨ੍ਹਾਂ ਕਿਹਾ ਕਿ ਇਹ ਕੋਈ ਮੇਰੀ ਪ੍ਰਾਪਤੀ ਨਹੀਂ, ਇਹ ਗੁਰੂ ਸਾਹਿਬ ਦਾ ਆਸ਼ੀਰਵਾਦ ਹੈ, ਜਿਨ੍ਹਾਂ ਨੇ ਇਹ ਸਭ ਸੰਭਵ ਬਣਾਇਆ ਅਤੇ ਮੈਨੂੰ ਸੇਵਾ ਕਰਨ ਦਾ ਮੌਕਾ ਦਿੱਤਾ।

ਸਰਹੱਦੀ ਖੇਤਰਾਂ ਵਿੱਚ ਵਿਕਾਸ ਬਾਰੇ ਬੋਲਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ, ÷ਪਿਛਲੀਆਂ ਸਰਕਾਰਾਂ ਵੀ ਅਜਿਹਾ ਕਾਨੂੰਨ ਬਣਾ ਸਕਦੀਆਂ ਸਨ, ਪਰ ਉਨ੍ਹਾਂ ਵਿੱਚ ਇੱਛਾ ਸ਼ਕਤੀ ਦੀ ਘਾਟ ਸੀ। ਉਨ੍ਹਾਂ ਨਾਲ ਹੀ ਕਿਹਾ ਕਿ ਰਾਜ ਸਰਕਾਰ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਮਾਝਾ ਖੇਤਰ ਵਿੱਚ ਵਿਕਾਸ ਦੀ ਕੋਈ ਕਮੀ ਨਾ ਰਹੇ। ਉਨ੍ਹਾਂ ਅੱਗੇ ਕਿਹਾ ਕਿ ਨਵੇਂ ਸਕੂਲ ਅਤੇ ਹਸਪਤਾਲ ਬਣਾਏ ਜਾਣਗੇ, ਜਿੱਥੇ ਢੁਕਵਾਂ ਸਟਾਫ਼ ਹੋਵੇਗਾ। ਉਨ੍ਹਾਂ ਕਿਹਾ ਕਿ ਪਹਿਲਾਂ ਅਧਿਆਪਕ ਅਤੇ ਡਾਕਟਰ ਸਰਹੱਦੀ ਖੇਤਰਾਂ ਵਿੱਚ ਡਿਊਟੀ ਤੋਂ ਕਤਰਾਉਂਦੇ ਸਨ ਅਤੇ ਤੁਰੰਤ ਆਪਣੇ ਤਬਾਦਲੇ ਦੀ ਮੰਗ ਕਰਦੇ ਸਨ, ਪਰ ਹੁਣ ਅਜਿਹਾ ਨਹੀਂ ਹੈ।

ਸਰਕਾਰੀ ਸੇਵਾਵਾਂ ਵਿੱਚ ਸੁਧਾਰਾਂ ਬਾਰੇ ਉਨ੍ਹਾਂ ਅੱਗੇ ਕਿਹਾ ਕਿ ਅਸੀਂ ਇੱਕ ਕਾਨੂੰਨ ਲਿਆਂਦਾ ਹੈ ਜਿਸ ਵਿੱਚ ਸਰਕਾਰੀ ਅਧਿਆਪਕਾਂ ਨੂੰ ਉਨ੍ਹਾਂ ਦੀਆਂ ਨੌਕਰੀਆਂ ਦੀ ਕਨਫਰਮੇਸ਼ਨ ਹੋਣ ਤੋਂ ਪਹਿਲਾਂ ਘੱਟੋ-ਘੱਟ ਦੋ ਸਾਲ ਸਰਹੱਦੀ ਖੇਤਰਾਂ ਵਿੱਚ ਡਿਊਟੀ ਨਿਭਾਉਣੀ ਹੋਵੇਗੀ ਅਤੇ ਇਹੀ ਸ਼ਰਤ ਡਾਕਟਰਾਂ @ਤੇ ਵੀ ਲਾਗੂ ਹੁੰਦੀ ਹੈ। ਸੂਬਾ ਸਰਕਾਰ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਵਚਨਬੱਧ ਹੈ। ਰੰਗਲਾ ਪੰਜਾਬ ਬਣਾਉਣ ਲਈ ਸਖ਼ਤ ਯਤਨ ਕੀਤੇ ਜਾ ਰਹੇ ਹਨ ਅਤੇ ਇਸ ਸਬੰਧੀ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ।

ਸਰਕਾਰ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਨੇ ਕਿਹਾ ਕਿ ਮੈਂ 2022 ਵਿੱਚ ਲੋਕਾਂ ਦੁਆਰਾ ਮੈਨੂੰ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਨਾਲ ਨਿਭਾ ਰਿਹਾ ਹਾਂ, ਅਤੇ ਸਾਰੇ ਵਾਅਦੇ ਪੂਰੇ ਕੀਤੇ ਜਾ ਰਹੇ ਹਨ। ਸੂਬੇ ਭਰ ਵਿੱਚ ਆਮ ਆਦਮੀ ਕਲੀਨਿਕ ਸਥਾਪਤ ਕੀਤੇ ਗਏ ਹਨ ਜਿੱਥੇ ਇਲਾਜ ਮੁਫ਼ਤ ਕੀਤਾ ਜਾ ਰਿਹਾ ਹੈ, ਬੱਚਿਆਂ ਲਈ ਸ਼ਾਨਦਾਰ ਸਰਕਾਰੀ ਸਕੂਲ ਬਣਾਏ ਜਾ ਰਹੇ ਹਨ, 90 ਫੀਸਦ ਘਰਾਂ ਨੂੰ ਮੁਫ਼ਤ ਬਿਜਲੀ ਮਿਲ ਰਹੀ ਹੈ, ਸ਼ਹਿਰ ਸਾਫ਼-ਸੁਥਰੇ ਹੋ ਰਹੇ ਹਨ, ਸੀਵਰੇਜ ਸਿਸਟਮ ਅਪਗ੍ਰੇਡ ਕੀਤਾ ਜਾ ਰਿਹਾ ਹੈ, ਹਸਪਤਾਲਾਂ ਦਾ ਆਧੁਨਿਕੀਕਰਨ ਕੀਤਾ ਗਿਆ ਹੈ ਅਤੇ ਹਰ ਪਰਿਵਾਰ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ 10 ਲੱਖ ਰੁਪਏ ਤੱਕ ਦਾ ਇਲਾਜ ਪ੍ਰਾਪਤ ਕਰ ਸਕਦਾ ਹੈ।

ਕਿਸਾਨਾਂ ਲਈ ਸਮਰਥਨ ਨੂੰ ਉਜਾਗਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਕਿਸਾਨਾਂ ਨੂੰ ਦਿਨ ਵੇਲੇ ਮੁਫ਼ਤ ਬਿਜਲੀ ਮਿਲ ਰਹੀ ਹੈ। ਸੂਬਾ ਸਰਕਾਰ ਨੇ ਲਗਭਗ 14,000 ਕਿਲੋਮੀਟਰ ਪਾਈਪਲਾਈਨਾਂ ਵਿਛਾਈਆਂ ਹਨ ਅਤੇ ਜਲ ਮਾਰਗਾਂ ਨੂੰ ਮੁੜ ਸੁਰਜੀਤ ਕੀਤਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਪੰਜਾਬ ਦਾ ਪਾਣੀ ਹਰ ਖੇਤ ਅਤੇ ਟੇਲਾਂ ਤੱਕ ਪਹੁੰਚੇ।

# ਚਾਰ ਸਾਲਾਂ ਦੇ ਸਮੇਂ ਦੌਰਾਨ ਕਿਸਾਨਾਂ ਨੂੰ ਬਣਦੀ 89 ਕਰੋੜ 31 ਲੱਖ ਦੀ ਅਦਾਇਗੀ ਕੀਤੀ ਗਈ

**ਫਾਜ਼ਿਲਕਾ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਫਾਜ਼ਿਲਕਾ ਵਿਧਾਇਕ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਨੇ ਦੱਸਿਆ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਕਾਰਜ ਕਾਲ ਦੌਰਾਨ ਫਾਜ਼ਲਕਾ ਦੀ ਸਰਕਾਰੀ ਸਹਿਕਾਰੀ ਖੰਡ ਮਿੱਲ ਨੇ ਵਿਕਾਸ ਦੀਆਂ ਪੈੜਾਂ ਨੂੰ ਸੋਇਆ ਹੈ! ਪਹਿਲੀਆਂ ਸਰਕਾਰਾਂ ਦੇ ਸਮੇਂ 2021-2022 ਦੇ ਸਮੇਂ ਦੌਰਾਨ ਇਸ ਖੰਡ ਮਿਲ ਵਿੱਚ ਕੇਵਲ 4 ਲੱਖ 8800 ਗੰਨਾ ਇਸ ਮੇਲੇ ਵਿੱਚ ਆਉਂਦਾ ਸੀ ਤੇ ਹੁਣ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਂ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਕਾਰਜ ਕਾਲ ਸਮੇਂ ਦੌਰਾਨ ਹੀ ਪਿਛਲੇ ਸਾਲ 2025 ਦੇ ਸੀਜ਼ਨ ਦੌਰਾਨ ਇਸ ਖੰਡ ਮਿੱਲ ਵੱਲੋਂ 11 ਲੱਖ 99 ਹਜ਼ਾਰ ਕੁਇੰਟਲ ਗੰਨਾ ਖਰੀਦਿਆ ਗਿਆ ਹੈ!

ਉਨਾਂ ਦੱਸਿਆ ਕਿ ਫਾਜ਼ਿਲਕਾ ਦੀ ਸਹਿਕਾਰੀ ਖੰਡ ਮਿੱਲ ਵਿੱਚ ਪੰਜਾਬ ਸਰਕਾਰ ਵੱਲੋਂ ਸਿਰਫ ਗੰਨਾ ਖਰੀਦਣ ਦੀ ਸਮਰੱਥਾ ਵਿੱਚ ਹੀ ਵਾਧਾ ਨਹੀਂ ਕੀਤਾ ਗਿਆ ਸਗੋਂ ਪਿਛਲੀ 2021 ਵਾਲੀ ਸਰਕਾਰ ਦੇ ਸਮੇਂ ਵਿੱਚ



ਕਿਸਾਨਾਂ ਦਾ 14 ਕਰੋੜ ਤੋਂ ਵੱਧ ਦਾ ਬਕਾਇਆ ਤੇ 10 ਕਰੋੜ ਇਸ ਖੰਡ ਮਿਲ ਦੇ ਮੁਲਾਜ਼ਮ ਤੇ ਵਰਕਰਾਂ ਦੀ ਤਨਖਾਹ ਦਾ ਬਕਾਇਆ ਰਹਿੰਦਾ ਸੀ ਉਹ ਵੀ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਜਾਰੀ ਕੀਤਾ ਗਿਆ!

ਉਹਨਾਂ ਕਿਹਾ ਕਿ ਪੰਜਾਬ ਸਰਕਾਰ ਦੇ ਕਾਰਜ ਕਾਲ ਦੌਰਾਨ 2022 ਵਿੱਚ ਕਿਸਾਨਾਂ ਨੂੰ 16 ਕਰੋੜ 87 ਲੱਖ, 2023-24 ਵਿੱਚ 28 ਕਰੋੜ ਇਕ ਲੱਖ ਰੁਪਏ 2025 ਵਿੱਚ 29 ਕਰੋੜ 51 ਲੱਖ ਰੁਪਏ ਗੰਨੇ ਦੀ ਬਣਦੀ ਅਦਾਇਗੀ ਕਿਸਾਨਾਂ ਨੂੰ ਕੀਤੀ ਗਈ! ਉਨ੍ਹਾਂ ਕਿਹਾ ਕਿ ਇੱਥੇ ਕੰਮ ਕਰਦੇ ਮੁਲਾਜ਼ਮਾਂ ਤੇ ਵਰਕਰਾਂ ਨੂੰ ਹੁਣ ਸਾਢੇ 20 ਕਰੋੜ ਰੁਪਏ ਦੀ ਤਨਖਾਹ ਦੀ ਰਾਸ਼ੀ ਜਾਰੀ ਕਰ ਦਿੱਤੀ ਗਈ ਹੈ।

ਉਹਨਾਂ ਕਿਹਾ ਕਿ ਇਸ ਮਿੱਲ ਨੂੰ ਲੈ ਕੇ ਜੋ ਵਾਅਦਾ ਕੀਤਾ ਗਿਆ ਸੀ ਉਹ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਦੇ ਆਉਂਦਿਆਂ ਹੀ ਪੂਰਾ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਆਉਣ ਵਾਲੇ ਸੀਜ਼ਨ ਦੌਰਾਨ ਉਨਾਂ ਨੂੰ ਇਸ ਤੋਂ ਵੀ ਵੱਧ 14 ਲੱਖ ਕੁਇੰਟਲ ਗੰਨਾ ਆਉਣ ਦੀ ਉਮੀਦ ਹੈ। ਕਿਹਾ ਕਿ ਪਹਿਲੀਆਂ ਸਰਕਾਰਾਂ ਦੇ ਕਾਰਜਕਾਲ ਦੌਰਾਨ ਇੱਥੋਂ ਦੇ ਕਿਸਾਨਾਂ ਨੂੰ ਗੰਨੇ ਦੀ ਬਣਦੀ ਰਕਮ ਦੀ ਅਦਾਇਗੀ ਅਤੇ ਮੁਲਾਜ਼ਮਾਂ ਨੂੰ ਆਪਣੀਆਂ ਤਨਖਾਹਾ ਨਾ ਆਉਣ ਦਾ ਖਤਰਾ ਬਣਿਆ ਰਹਿੰਦਾ ਸੀ ਤੇ ਉਹ ਇਸ ਲਈ ਧਰਨੇ ਪ੍ਰਦਰਸ਼ਨ ਵੀ ਕਰਦੇ ਸਨ, ਆਮ ਆਦਮੀ ਪਾਰਟੀ ਦੀ ਸਰਕਾਰ ਦੇ ਸਮੇਂ ਦੌਰਾਨ ਕਿਸਾਨਾਂ ਤੇ ਮੁਲਾਜ਼ਮਾਂ ਦੀਆਂ ਇਥੋਂ ਦੀਆਂ ਸਾਰੀਆਂ ਮੰਗਾਂ ਮੰਨੀਆਂ ਗਈਆਂ ਹਨ ਤਾਂ ਹੀ ਉਹ ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਨੀਤੀਆਂ ਤੋਂ ਖੁਸ਼ ਹਨ।

# ਖੇਮਕਰਨ ਹਲਕੇ 'ਚ ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ ਲਈ ਰਜਿਸਟ੍ਰੇਸ਼ਨ ਮੁਹਿੰਮ ਦੀ ਸ਼ੁਰੂਆਤ

**ਤਰਨਤਾਰਨ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਮਹਿਲਾਵਾਂ ਦੀ ਭਲਾਈ ਅਤੇ ਆਰਥਿਕ ਸਸ਼ਕਤੀਕਰਨ ਲਈ ਚਲਾਈ ਜਾ ਰਹੀ @ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ@ ਤਹਿਤ ਜ਼ਿਲ੍ਹਾ ਤਰਨ ਤਾਰਨ ਦੇ ਖੇਮਕਰਨ ਵਿਧਾਨ ਸਭਾ ਹਲਕੇ ਵਿੱਚ ਰਜਿਸਟ੍ਰੇਸ਼ਨ ਮੁਹਿੰਮ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ। ਇਸ ਮੁਹਿੰਮ ਦਾ ਉਦਘਾਟਨ ਪਿੰਡ ਸੁਰਸਿੰਘ ਵਿਖੇ ਵਿਧਾਇਕ ਸਰਵਣ ਸਿੰਘ ਧੁੰਨ ਵੱਲੋਂ ਕੀਤਾ ਗਿਆ।




ਇਸ ਮੌਕੇ ਵਿਧਾਇਕ ਸਰਵਣ ਸਿੰਘ ਧੁੰਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਇਹ ਯੋਜਨਾ ਮਹਿਲਾਵਾਂ ਦੇ ਸਨਮਾਨ ਅਤੇ ਉਨ੍ਹਾਂ ਦੀ ਆਰਥਿਕ ਮਜ਼ਬੂਤੀ ਲਈ ਇਕ ਮਹੱਤਵਪੂਰਨ ਕਦਮ ਹੈ।

ਉਨ੍ਹਾਂ ਦੱਸਿਆ ਕਿ ਯੋਜਨਾ ਤਹਿਤ ਯੋਗ ਮਹਿਲਾਵਾਂ ਨੂੰ ਹਰ ਮਹੀਨੇ 1000 ਰੁਪਏ ਅਤੇ 1500 ਰੁਪਏ ਤੱਕ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ, ਜਿਸ ਨਾਲ ਮਹਿਲਾਵਾਂ ਨੂੰ ਆਤਮਨਿਰਭਰ ਬਣਾਉਣ ਵਿੱਚ ਮਦਦ ਮਿਲੇਗੀ। ਉਨ੍ਹਾਂ ਕਿਹਾ ਕਿ ਯੋਗ ਲਾਭਪਾਤਰੀਆਂ ਨੂੰ ਇਸ ਯੋਜਨਾ ਨਾਲ ਜੋੜਨ ਲਈ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ ਤਾਂ ਜੋ ਕੋਈ ਵੀ ਯੋਗ ਮਹਿਲਾ ਇਸ ਯੋਜਨਾ ਦੇ ਲਾਭ ਤੋਂ ਵਾਂਝੀ ਨਾ ਰਹੇ।

ਇਸ ਦੌਰਾਨ ਮਹਿਲਾਵਾਂ ਨੂੰ ਯੋਜਨਾ ਸਬੰਧੀ ਯੋਗਤਾ, ਲੋੜੀਂਦੇ ਦਸਤਾਵੇਜ਼ ਅਤੇ ਰਜਿਸਟ੍ਰੇਸ਼ਨ ਪ੍ਰਕਿਰਿਆ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਆਂਗਣਵਾੜੀ ਵਰਕਰਾਂ ਅਤੇ ਵਿਭਾਗੀ ਟੀਮਾਂ ਵੱਲੋਂ ਲੋਕਾਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਰਜਿਸਟ੍ਰੇਸ਼ਨ ਕਰਵਾਉਣ ਲਈ ਪ੍ਰੇਰਿਤ ਕੀਤਾ ਗਿਆ।

ਜ਼ਿਲ੍ਹਾ ਪ੍ਰੋਗਰਾਮ ਅਫਸਰ ਰਾਜੀਵ ਢਾਂਡਾ ਨੇ ਦੱਸਿਆ ਕਿ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਅਤੇ ਬਲਾਕਾਂ ਵਿੱਚ ਵੀ ਰਜਿਸਟ੍ਰੇਸ਼ਨ ਕੈਂਪ ਲਗਾ ਕੇ ਯੋਗ ਮਹਿਲਾਵਾਂ ਨੂੰ ਇਸ ਯੋਜਨਾ ਨਾਲ ਜੋੜਿਆ ਜਾਵੇਗਾ ਤਾਂ ਜੋ ਵੱਧ ਤੋਂ ਵੱਧ ਮਹਿਲਾਵਾਂ ਸਰਕਾਰ ਦੀ ਇਸ ਲੋਕ ਭਲਾਈ ਯੋਜਨਾ ਦਾ ਲਾਭ ਪ੍ਰਾਪਤ ਕਰ ਸਕਣ।

ਇਸ ਮੌਕੇ ਐਸ.ਡੀ.ਐਮ ਜਗਦੀਪ ਸਿੰਘ, ਸੀ.ਡੀ.ਪੀ.ਓ ਗਗਨਦੀਪ ਸਿੰਘ, ਸਰਪੰਚ ਦਿਲਬਾਗ ਸਿੰਘ ਅਤੇ ਕ੍ਰਿਪਾਲ ਸਿੰਘ, ਬਲਾਕ ਸਮਿਤੀ ਚੇਅਰਮੈਨ ਸੁਖਦੇਵ ਸਿੰਘ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਗੁਰਵਿੰਦਰ ਸਿੰਘ, ਸੁਪਰਵਾਈਜ਼ਰ ਕੋਮਲਜੀਤ ਕੌਰ, ਆਂਗਣਵਾੜੀ ਵਰਕਰ ਨਰਿੰਦਰ ਕੌਰ ਅਤੇ ਪੋਸ਼ਣ ਅਭਿਆਨ ਕੋਆਰਡੀਨੇਟਰ ਹਰਚੰਦ ਸਿੰਘ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।

# ਤਰਨ ਤਾਰਨ ਜਿਲੇ ਦੀ ਟੀਮ ਪਟਿਆਲਾ ਨਾਲ ਫਾਈਨਲ ਖੇਡੇਗੀ



**ਤਰਨਤਾਰਨ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਕ੍ਰਿਕਟ ਐਸੋਸੀਏਸ਼ਨ ਵੱਲੋਂ ਕਰਵਾਏ ਜਾ ਰਹੇ ਅੰਡਰ 23 ਮੁੰਡਿਆਂ ਦੇ ਇੱਕ ਦਿਨਾਂ ਕ੍ਰਿਕਟ ਟੂਰਨਾਮੈਂਟ ਵਿੱਚ ਤਰਨ ਤਾਰਨ ਦੀ ਕ੍ਰਿਕਟ ਟੀਮ ਫਾਈਨਲ ਵਿੱਚ ਪਹੁੰਚ ਗਈ ਹੈ । ਇਸ ਸਬੰਧੀ ਜਾਣਕਾਰੀ ਦਿੰਦੇਆਂ ਤਰਨ ਤਾਰਨ ਕ੍ਰਿਕਟ ਐਸੋਸੀਏਸ਼ਨ ਦੇ ਪ੍ਰਧਾਨ ਅਭੇਜੀਤ ਸਿੰਘ ਸੰਧੂ, ਸੈਕਟਰੀ ਐਡਵੋਕੇਟ ਹਰਮਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਇਹ ਬੜੇ ਮਾਣ ਵਾਲੀ ਗੱਲ ਹੈ ਕਿ ਐਸੋਸੀਏਸ਼ਨ ਨੂੰ ਇਹਨਾਂ ਮੁਕਾਬਲਿਆਂ ਵਿੱਚ ਹਿੱਸਾ ਲੈਂਦਿਆਂ ਅਜੇ ਸਿਰਫ ਦੂਜਾ ਸਾਲ ਹੀ ਹੋਇਆ ਹੈ ਅਤੇ ਤਰਨ ਤਾਰਨ ਕ੍ਰਿਕਟ ਟੀਮ ਸਟੇਟ ਚੈਂਪੀਅਨਸ਼ਿਪ ਦੇ ਫਾਈਨਲ ਵਿੱਚ ਪਹੁੰਚ ਗਈ ਹੈ । ਮੈਚ ਬਾਰੇ ਜਾਣਕਾਰੀ ਦਿੰਦਿਆਂ ਉਹਨਾਂ ਨੇ ਦੱਸਿਆ ਕਿ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਸਟੇਡੀਅਮ ਮੁੱਲਾਂਪੁਰ ਵਿਖੇ ਹੋਏ,ਇਸ ਮੈਚ ਵਿੱਚ ਮੁਕਤਸਰ ਦੇ ਜਿਲੇ ਦੀ ਕ੍ਰਿਕਟ ਟੀਮ ਨੇ ਟਾਸ ਜਿੱਤ ਕੇ ਪਹਿਲਾਂ ਗੇਂਦਬਾਜੀ ਨੂੰ ਚੁਣਿਆ ਅਤੇ ਤਰਨ ਤਾਰਨ ਕ੍ਰਿਕਟ ਐਸੋਸੀਏਸ਼ਨ ਨੇ ਸ਼ਾਨਦਾਰ ਬੱਲੇਬਾਜੀ ਕਰਦਿਆਂ 50 ਓਵਰਾਂ ਵਿੱਚ ਅੱਠ ਵਿਕਟਾਂ ਤੇ 338 ਦੌੜਾਂ ਬਣਾਈਆਂ।

ਇਸ ਵਿੱਚ ਬੱਲੇਬਾਜ਼ ਇਮਰੋਜ਼ਪ੍ਰੀਤ ਨੇ 168, ਅਨੀਕੇਤ ਸਿੰਘ ਨੇ 54 ਅਤੇ ਗਣੇਸ਼ ਨੇ 41 ਦੌੜਾਂ ਦਾ ਯੋਗਦਾਨ ਪਾਇਆ। ਇਹਨਾਂ ਦੌੜਾਂ ਦਾ ਪਿੱਛਾ ਕਰਨ ਨੂੰ ਉਤਰੀ ਮੁਕਤਸਰ ਦੀ ਟੀਮ ਨੇ ਕਾਫੀ ਸਖਤ ਟੱਕਰ ਦਿੱਤੀ ਪਰ ਤਰਨ ਤਰਨ ਜਿਲੇ ਦੀ ਗੇਂਦਬਾਜ਼ਾਂ ਵੱਲੋਂ ਸਧੀ ਹੋਈ ਗੇਂਦਬਾਜੀ ਦੀ ਬਦੌਲਤ ਮੁਕਤਸਰ ਦੀ ਟੀਮ 296 ਦੌੜਾਂ ਹੀ ਬਣਾ ਸਕੀ ਅਤੇ 42 ਦੌੜਾਂ ਨਾਲ ਇਹ ਮੈਚ ਹਾਰ ਗਈ । ਤਰਨ ਤਾਰਨ ਵੱਲੋਂ ਸਫਲ ਗੇਂਦਬਾਜ਼ ਸੁਖਚੈਨ ਸਿੰਘ ਨੇ ਤਿੰਨ, ਅਮਰਵੀਰ ਲਹਿਲ ਤੇ ਦਰਸ਼ਪ੍ਰੀਤ ਨੇ ਦੋ ਦੋ ਵਿਕਟਾਂ ਲਈਆਂ। ਇਸ ਜਿੱਤ ਦਾ ਸਿਹਰਾ ਜਿੱਥੇ ਹੈਡ ਕੋਚ ਲਵਪ੍ਰੀਤ ਸਿੰਘ ਨੂੰ ਜਾਂਦਾ ਹੈ । ਉੱਥੇ ਟੀਮ ਦੇ ਕੋਚ ਸਰਤਾਜ ਸਿੰਘ ਅਤੇ ਪੂਰੀ ਟੀਮ ਨੇ ਪੂਰੇ ਟੂਰਨਾਮੈਂਟ ਹੀ ਵਿੱਚ ਹੀ ਬਹੁਤ ਵਧੀਆ ਕ੍ਰਿਕਟ ਦਾ ਪ੍ਰਦਰਸ਼ਨ ਕੀਤਾ। ਇਸ ਮੌਕੇ ਤੇ ਤਰਨ ਤਾਰਨ ਕ੍ਰਿਕਟ ਐਸੋਸੀਏਸ਼ਨ ਦੇ ਉਪ ਪ੍ਰਧਾਨ ਡਾਕਟਰ ਕੁਲਦੀਪ ਸਿੰਘ, ਜਾਇੰਟ ਸੈਕਟਰੀ ਰੋਜ਼ ਦੀਪ ਸਿੰਘ,ਸ਼ੇਰ ਜੰਗ ਸਿੰਘ ਹੁੰਦਲ ਵੀ ਹਾਜ਼ਰ ਸਨ।

# ਵਪਾਰੀਆਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕਰਨ ਲਈ ਵਚਨਬੱਧ ਪੰਜਾਬ ਸਰਕਾਰ; ਸੁਖਪਾਲ ਸਿੰਘ



**ਸ੍ਰੀ ਆਨੰਦਪੁਰ ਸਾਹਿਬ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਟ੍ਰੇਡਰ ਕਮਿਸ਼ਨ ਦੀ ਸ੍ਰੀ ਅਨੰਦਪੁਰ ਸਾਹਿਬ ਦੇ ਵਪਾਰੀਆਂ ਨਾਲ ਸੁਖਪਾਲ ਸਿੰਘ ਐਸ.ਡੀ.ਐਮ ਸ੍ਰੀ ਅਨੰਦਪੁਰ ਸਾਹਿਬ ਦੀ ਅਗਵਾਈ ਵਿੱਚ ਮੀਟਿੰਗ ਹੋਈ।

ਇਸ ਮੀਟਿੰਗ ਵਿੱਚ ਸੁਖਪਾਲ ਸਿੰਘ ਐਸਡੀਐਮ ਸ੍ਰੀ ਅਨੰਦਪੁਰ ਸਾਹਿਬ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਵਪਾਰੀਆਂ ਦੀਆਂ ਸਮੱਸਿਆਵਾਂ ਨੂੰ ਹੇਠਲੇ ਪੱਧਰ 'ਤੇ ਹੀ ਤੁਰੰਤ ਹੱਲ ਕਰਨ ਲਈ ਵਚਨਬੱਧ ਹੈ। ਉਨ੍ਹਾਂ ਨੇ ਕਿਹਾ ਹੈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਪਾਰੀਆਂ ਦੇ ਹਿਤਾਂ ਦੀ ਰਾਖੀ ਲਈ ਤਤਪਰ ਹੈ।

ਇਸ ਮੀਟਿੰਗ ਵਿੱਚ ਵਪਾਰੀਆਂ ਨੇ ਆਪਣੀ ਸਮੱਸਿਆਵਾਂ ਦੱਸੀਆਂ, ਜਿਸ 'ਤੇ ਐਸ ਡੀ ਐਮ ਸੁਖਪਾਲ ਸਿੰਘ ਨੇ ਸਾਰੇ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕੀਤੇ ਕਿ ਉਹ ਸ੍ਰੀ ਅਨੰਦਪੁਰ ਸਾਹਿਬ ਦੇ ਬਜ਼ਾਰਾਂ ਵਿੱਚ ਆ ਰਹੀਆਂ ਸਮੱਸਿਆਵਾਂ ਨੂੰ ਹੱਲ ਕਰਨ।

ਟ੍ਰੇਡਰ ਕਮਿਸ਼ਨ ਦੇ ਚੇਅਰਮੈਨ ਗੁਰਪ੍ਰੀਤ ਅਰੋੜਾ ਨੇ ਵਪਾਰੀਆਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਤਰਜੀਹ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ ਅਤੇ ਸੰਬੰਧਤ ਵਿਭਾਗਾਂ ਨੂੰ ਤੁਰੰਤ ਕਾਰਵਾਈ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਇਸ ਮੌਕੇ ਚੇਅਰਮੈਨ ਦਾਰਾ ਸਿੰਘ ਰੂਪਨਗਰ, ਇੰਦਰਜੀਤ ਸਿੰਘ ਅਰੋੜ ਪ੍ਰਧਾਨ ਵਪਾਰ ਮੰਡਲ, ਜਪਨਜੋਤ ਸ਼ੈਫੀ, ਮਨਿੰਦਰਪਾਲ ਮਨੀ, ਪ੍ਰਿੰਸ, ਨਵੀਨ ਛਾਬੜਾ, ਸੰਤੋਖ ਸਹਿਗਲ, ਰਾਜੂ ਅਰੋੜਾ, ਤਜਿੰਦਰ ਸਿੰਘ ਚੰਨ ਆਦਿ ਮੌਜੂਦ ਸਨ।

# ਐਮ.ਆਰ.ਐਸ.ਪੀ.ਟੀ.ਯੂ. ਸਿਵਲ ਇੰਜੀਨੀਅਰਿੰਗ ਦੇ ਵਿਦਿਆਰਥੀਆਂ ਵੱਲੋਂ ਪ੍ਰੈਕਟੀਕਲ ਐਕਸਪੋਜ਼ਰ ਲਈ ਸੈਂਟਰਲ ਯੂਨੀਵਰਸਿਟੀ ਆਫ ਪੰਜਾਬ ਦੀਆਂ ਨਿਰਮਾਣ ਅਧੀਨ ਸਾਈਟਾਂ ਦਾ ਸਫ਼ਲ ਦੌਰਾ

**ਬਠਿੰਡਾ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐਮ.ਆਰ.ਐਸ.ਪੀ.ਟੀ.ਯੂ.), ਬਠਿੰਡਾ ਦੇ ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਦੇ ਸਿਵਲ ਇੰਜੀਨੀਅਰਿੰਗ ਵਿਭਾਗ ਨੇ ਕਲਾਸਰੂਮ ਸਿੱਖਿਆ ਤੋਂ ਪਰੇ ਵਿਹਾਰਕ ਗਿਆਨ ਅਤੇ ਉਦਯੋਗਿਕ ਐਕਸਪੋਜ਼ਰ ਪ੍ਰਦਾਨ ਕਰਨ ਦੇ ਆਪਣੇ ਨਿਰੰਤਰ ਯਤਨਾਂ ਦੇ ਹਿੱਸੇ ਵਜੋਂ 6ਵੇਂ ਸਮੈਸਟਰ (ਬੈਚ 2023) ਦੇ ਵਿਦਿਆਰਥੀਆਂ ਲਈ ਇੱਕ ਵਿਦਿਅਕ ਫੀਲਡ ਵਿਜ਼ਿਟ ਦਾ ਆਯੋਜਨ ਕੀਤਾ।

ਇਹ ਵਿਜ਼ਿਟ ਜ਼ਿਲ੍ਹਾ ਬਠਿੰਡਾ ਦੇ ਪਿੰਡ ਘੁੱਦਾ ਵਿਖੇ ਸਥਿਤ ਯੂਨੀਵਰਸਿਟੀ ਦੇ ਨਿਰਮਾਣ ਸਥਾਨ @ਤੇ ਕੀਤਾ ਗਿਆ ਸੀ, ਜਿਸਦਾ ਉਦੇਸ਼ ਵਿਦਿਆਰਥੀਆਂ ਨੂੰ ਅਸਲ-ਸਮੇਂ ਦੀਆਂ ਉਸਾਰੀ ਗਤੀਵਿਧੀਆਂ, ਪ੍ਰੋਜੈਕਟ ਯੋਜਨਾਬੰਦੀ, ਸਾਈਟ ਪ੍ਰਬੰਧਨ ਅਭਿਆਸਾਂ, ਸੁਰੱਖਿਆ ਉਪਾਵਾਂ ਅਤੇ ਉਸਾਰੀ ਉਦਯੋਗ ਵਿੱਚ ਅਪਣਾਈਆਂ ਜਾ ਰਹੀਆਂ ਆਧੁਨਿਕ ਤਕਨੀਕਾਂ ਤੋਂ ਜਾਣੂ ਕਰਵਾਉਣਾ ਸੀ।

ਫੈਕਲਟੀ ਮੈਂਬਰਾਂ ਡਾ. ਮਨਜੀਤ ਬਾਂਸਲ (ਪ੍ਰੋਫੈਸਰ), ਡਾ. ਬਾਲ ਕ੍ਰਿਸ਼ਨ (ਪ੍ਰੋਫੈਸਰ), ਇੰਜੀ. ਜਸਪ੍ਰੀਤ ਸਿੰਘ (ਸਹਾਇਕ ਪ੍ਰੋਫੈਸਰ), ਅਤੇ ਇੰਜੀ. ਹਰਪ੍ਰਤਾਪ ਸਿੰਘ (ਸਹਾਇਕ ਪ੍ਰੋਫੈਸਰ) ਦੀ ਅਗਵਾਈ ਅਤੇ ਨਿਗਰਾਨੀ ਹੇਠ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਇਸ ਵਿਜ਼ਿਟ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ।

ਫੈਕਲਟੀ ਮੈਂਬਰਾਂ ਨੇ ਪੂਰੇ ਦੌਰੇ ਦੌਰਾਨ ਵਿਦਿਆਰਥੀਆਂ ਦਾ



ਮਾਰਗਦਰਸ਼ਨ ਕੀਤਾ ਅਤੇ ਵੱਡੇ ਪੱਧਰ @ਤੇ ਉਸਾਰੀ ਪ੍ਰੋਜੈਕਟਾਂ ਨਾਲ ਜੁੜੇ ਵੱਖ-ਵੱਖ ਤਕਨੀਕੀ ਅਤੇ ਪ੍ਰਬੰਧਕੀ ਪਹਿਲੂਆਂ ਬਾਰੇ ਦੱਸਿਆ।

ਦੌਰੇ ਦੌਰਾਨ, ਵਿਦਿਆਰਥੀਆਂ ਨੇ ਢਾਂਚਾਗਤ ਢਾਂਚੇ ਦੇ ਐਗਜ਼ੀਕਿਊਸ਼ਨ, ਮਜ਼ਬੂਤੀ ਵੇਰਵੇ, ਠੋਸ ਕੰਮ, ਸਾਈਟ ਸੁਰੱਖਿਆ ਮਿਆਰ, ਆਧੁਨਿਕ ਮਸ਼ੀਨਰੀ, ਸਮੱਗਰੀ ਸੰਭਾਲ ਪ੍ਰਕਿਰਿਆਵਾਂ ਅਤੇ ਗੁਣਵੱਤਾ ਨਿਯੰਤਰਣ ਅਭਿਆਸਾਂ ਦਾ ਨਿਰੀਖਣ ਕੀਤਾ। ਉਨ੍ਹਾਂ ਨੇ ਪ੍ਰੋਜੈਕਟ ਯੋਜਨਾਬੰਦੀ, ਸਮਾਂ-ਸਾਰਣੀ, ਸਾਈਟ ਪ੍ਰਬੰਧਨ, ਅਤੇ ਉਸਾਰੀ ਸਾਈਟ @ਤੇ ਇੰਜੀਨੀਅਰਾਂ, ਸੁਪਰਵਾਈਜ਼ਰਾਂ ਅਤੇ ਕਰਮਚਾਰੀਆਂ ਵਿਚਕਾਰ ਤਾਲਮੇਲ ਦਾ ਵੀ ਅਨੁਭਵ ਪ੍ਰਾਪਤ ਕੀਤਾ।

ਵਿਦਿਆਰਥੀਆਂ ਨੇ ਉਸਾਰੀ ਗਤੀਵਿਧੀਆਂ ਦੌਰਾਨ ਦਰਪੇਸ਼ ਵਿਹਾਰਕ ਚੁਣੌਤੀਆਂ ਅਤੇ ਅਸਲ-ਜੀਵਨ ਇੰਜੀਨੀਅਰਿੰਗ ਪ੍ਰੋਜੈਕਟਾਂ ਵਿੱਚ ਸਿਧਾਂਤਕ ਸੰਕਲਪਾਂ ਨੂੰ ਲਾਗੂ ਕਰਨ ਨੂੰ ਸਮਝਣ ਲਈ ਸਾਈਟ ਇੰਜੀਨੀਅਰਾਂ ਅਤੇ ਤਕਨੀਕੀ ਸਟਾਫ ਨਾਲ ਸਰਗਰਮੀ ਨਾਲ ਗੱਲਬਾਤ ਕੀਤੀ। ਇਹ ਗੱਲਬਾਤ ਉਨ੍ਹਾਂ ਦੀ ਤਕਨੀਕੀ ਸਮਝ ਅਤੇ ਪੇਸ਼ੇਵਰ ਜਾਗਰੂਕਤਾ ਨੂੰ ਵਧਾਉਣ ਵਿੱਚ ਬਹੁਤ ਲਾਭਦਾਇਕ ਸਾਬਤ ਹੋਈ।

ਫੀਲਡ ਵਿਜ਼ਿਟ ਨੇ ਇੱਕ ਭਰਪੂਰ ਸਿੱਖਣ ਦੇ ਅਨੁਭਵ ਵਜੋਂ ਕੰਮ ਕੀਤਾ, ਸਿਵਲ ਇੰਜੀਨੀਅਰਿੰਗ ਵਿੱਚ ਕਲਾਸਰੂਮ ਅਧਿਐਨ ਅਤੇ ਵਿਹਾਰਕ ਐਪਲੀਕੇਸ਼ਨਾਂ ਵਿਚਕਾਰ ਪਾੜੇ ਨੂੰ ਪੂਰਾ ਕਰਨ ਵਿੱਚ ਮਦਦ ਕੀਤੀ। ਅਜਿਹੇ ਉਦਯੋਗਿਕ ਅਤੇ ਖੇਤਰੀ ਐਕਸਪੋਜ਼ਰ ਵਿਸ਼ਲੇਸ਼ਣਾਤਮਕ ਸੋਚ, ਸਮੱਸਿਆ-ਹੱਲ ਕਰਨ ਦੀਆਂ ਯੋਗਤਾਵਾਂ, ਟੀਮ ਵਰਕ ਅਤੇ ਇੰਜੀਨੀਅਰਿੰਗ ਪੇਸ਼ੇ ਵਿੱਚ ਲੋੜੀਂਦੇ ਪੇਸ਼ੇਵਰ ਹੁਨਰਾਂ ਨੂੰ ਵਿਕਸਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

ਸਿਵਲ ਇੰਜੀਨੀਅਰਿੰਗ ਵਿਭਾਗ ਨੇ ਜ਼ੋਰ ਦੇ ਕੇ ਕਿਹਾ ਕਿ ਵਿਦਿਅਕ ਦੌਰੇ ਅਤੇ ਉਦਯੋਗਿਕ ਟੂਰ ਅਕਾਦਮਿਕ ਪਾਠਕ੍ਰਮ ਦਾ ਇੱਕ ਅਨਿੱਖੜਵਾਂ ਅੰਗ ਹਨ ਕਿਉਂਕਿ ਇਹ ਵਿਦਿਆਰਥੀਆਂ ਨੂੰ ਆਧੁਨਿਕ ਇੰਜੀਨੀਅਰਿੰਗ ਅਭਿਆਸਾਂ ਦਾ ਸਿੱਧਾ ਅਨੁਭਵ ਪ੍ਰਦਾਨ ਕਰਦੇ ਹਨ ਅਤੇ ਉਨ੍ਹਾਂ ਨੂੰ ਭਵਿੱਖ ਦੀਆਂ ਪੇਸ਼ੇਵਰ ਚੁਣੌਤੀਆਂ ਲਈ ਤਿਆਰ ਕਰਦੇ ਹਨ।

# ਸ਼ਰਧਾਲੂਆਂ ਨੂੰ ਕਰਵਾਏ ਜਾ ਰਹੇ ਹਨ ਵੱਖ-ਵੱਖ ਤੀਰਥ ਸਥਾਨਾਂ ਦੇ ਮੁਫ਼ਤ ਦਰਸ਼ਨ : ਵਿਧਾਇਕ ਜਗਰੂਪ ਸਿੰਘ ਗਿੱਲ




**ਬਠਿੰਡਾ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਤੀਰਥ ਯਾਤਰਾ ਯੋ ਜਨਾ ਤਹਿਤ ਸ਼ਰਧਾਲੂਆਂ ਵੱਲੋਂ ਵੱਖ-ਵੱਖ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਕੇ ਉਨ੍ਹਾਂ ਦਾ ਸੁਪਨਾ ਸਾਕਾਰ ਹੋ ਰਿਹਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਬਠਿੰਡਾ ਸ਼ਹਿਰੀ ਤੋਂ ਵਿਧਾਇਕ ਸ. ਜਗਰੂਪ ਸਿੰਘ ਗਿੱਲ ਵੱਲੋਂ ਨਜ਼ਦੀਕ ਸਥਾਨਕ ਮਹਾਵੀਰ ਦਲ ਹਸਪਤਾਲ ਤੋਂ ਸ਼ਰਧਾਲੂਆਂ ਨਾਲ ਭਰੀ ਬੱਸ ਨੂੰ ਵੱਖ-ਵੱਖ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਵਾਉਣ ਲਈ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕਰਨ ਮੌਕੇ ਕੀਤਾ।

ਇਸ ਮੌਕੇ ਵਿਧਾਇਕ ਬਠਿੰਡਾ ਸ਼ਹਿਰੀ ਸ. ਜਗਰੂਪ ਸਿੰਘ ਗਿੱਲ ਨੇ ਸੂਬਾ ਸਰਕਾਰ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪੰਜਾਬ ਮਹਾਨ ਗੁਰੂਆਂ, ਦੇਵਤਿਆਂ, ਸੰਤਾਂ ਅਤੇ ਸ਼ਹੀਦਾਂ ਦੀ ਪਵਿੱਤਰ ਧਰਤੀ ਹੈ, ਜਿਨ੍ਹਾਂ ਨੇ ਸਾਨੂੰ ਆਪਸੀ ਭਾਈਚਾਰੇ, ਭਾਈਵਾਲੀ ਏਕਤਾ ਦਾ ਸੰਦੇਸ਼ ਦਿੱਤਾ ਹੈ। ਉਨ੍ਹਾਂ ਕਿਹਾ ਕਿ ਯਾਤਰਾ ਦੌਰਾਨ ਕਿਸੇ ਵੀ ਬਜ਼ੁਰਗ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਦਰਪੇਸ਼ ਨਹੀਂ ਆਉਣ ਦਿੱਤੀ ਜਾ ਰਹੀ। ਸੂਬਾ ਸਰਕਾਰ ਨੇ ਸ਼ਰਧਾਲੂਆਂ ਦੇ ਰਹਿਣ-ਸਹਿਣ ਅਤੇ ਖਾਣ-ਪੀਣ ਦਾ ਢੁੱਕਵਾਂ ਪ੍ਰਬੰਧ ਕੀਤਾ ਹੋਇਆ ਹੈ।

ਇਸੇ ਤਰ੍ਹਾਂ ਹਲਕਾ ਵਿਧਾਇਕ ਮੌੜ ਸ. ਸੁਖਵੀਰ ਸਿੰਘ ਮਾਈਸਰਖਾਨਾ ਵੱਲੋਂ ਪਿੰਡ ਮੌੜ ਕਲਾਂ ਤੋਂ ਤੀਰਥ ਯਾਤਰਾ ਲਈ ਬੱਸ ਨੂੰ ਰਵਾਨਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਹ ਯੋਜਨਾ ਸਿਰਫ਼ ਧਾਰਮਿਕ ਯਾਤਰਾ ਹੀ ਨਹੀਂ, ਸਗੋਂ ਲੋਕਾਂ ਨੂੰ ਆਪਸੀ ਭਾਈਚਾਰੇ ਅਤੇ ਸਾਂਝੀਵਾਲਤਾ ਦੇ ਸੁਨੇਹੇ ਨਾਲ ਵੀ ਜੋੜਦੀ ਹੈ। ਉਨ੍ਹਾਂ ਕਿਹਾ ਕਿ ਯਾਤਰਾ ਦੌਰਾਨ ਕਿਸੇ ਵੀ ਬਜ਼ੁਰਗ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਦਰਪੇਸ਼ ਨਹੀਂ ਆਉਣ ਦਿੱਤੀ ਜਾ ਰਹੀ। ਸੂਬਾ ਸਰਕਾਰ ਨੇ ਸ਼ਰਧਾਲੂਆਂ ਦੇ ਰਹਿਣ-ਸਹਿਣ ਅਤੇ ਖਾਣ-ਪੀਣ ਦਾ ਵਿਸਤ੍ਰਿਤ ਪ੍ਰਬੰਧ ਮੁਫ਼ਤ ਚ ਕੀਤਾ ਹੋਇਆ ਹੈ।

ਇਸ ਤੋਂ ਇਲਾਵਾ ਵਿਧਾਨ ਸਭਾ ਹਲਕਾ ਰਾਮਪੁਰਾ ਦੇ ਪਿੰਡ ਦਿਆਲਪੁਰਾ ਭਾਈਕਾ ਤੋਂ ਚੇਅਰਮੈਨ ਸ. ਜਤਿੰਦਰ ਸਿੰਘ ਭੱਲਾ ਵੱਲੋਂ ਵੀ ਸ਼ਰਧਾਲੂਆਂ ਦੀ ਬੱਸ ਨੂੰ ਰਵਾਨਾ ਕੀਤਾ ਗਿਆ। ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਇਹ ਲੋਕ-ਹਿਤੈਸ਼ੀ ਸਕੀਮ ਹਰ ਵਰਗ ਦੇ ਲੋਕਾਂ ਲਈ ਲਾਭਕਾਰੀ ਸਾਬਤ ਹੋ ਰਹੀ ਹੈ।

ਇਸੇ ਤਰ੍ਹਾਂ ਹੀ ਵਿਧਾਨ ਸਭਾ ਹਲਕਾ ਬਠਿੰਡਾ (ਦਿਹਾਤੀ) ਦੇ ਪਿੰਡ ਬਹਾਦਰਗੜ੍ਹ ਜੰਡੀਆ ਅਤੇ ਰਾਈਕਾ ਖੁਰਦ, ਵਿਧਾਨ ਸਭਾ ਹਲਕਾ ਭੁੱਚੋ ਦੇ ਪਿੰਡ ਸਿਵੀਆਂ ਤੇ ਨੇਹੀਆਂਵਾਲਾ ਅਤੇ ਵਿਧਾਨ ਸਭਾ ਹਲਕਾ ਤਲਵੰਡੀ ਸਾਬੋ ਦੇ ਪਿੰਡ ਕਮਾਲੂ ਅਤੇ ਰਾਮਾਂ ਮੰਡੀ ਤੋਂ ਵੀ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਧਾਰਮਿਕ ਸਥਾਨਾਂ ਲਈ ਬੱਸਾਂ ਰਵਾਨਾ ਕੀਤੀਆਂ ਗਈਆਂ।

# ਕਰੀਅਰ ਸੈਮੀਨਾਰ ਕਮ ਰਜਿਸਟ੍ਰੇਸ਼ਨ ਕੈਂਪ ਆਯੋਜਿਤ



**ਬਠਿੰਡਾ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਪੜ੍ਹੇ-ਲਿਖੇ ਨੌਜਵਾਨਾਂ ਨੂੰ ਰੋਜਗਾਰ ਦੇਣ ਅਤੇ ਸਵੈ-ਰੋਜ਼ਗਾਰ ਦੇ ਕਾਬਿਲ ਬਣਾਉਣ ਲਈ ਹਰ ਸੰਭਵ ਕੀਤੇ ਜਾ ਰਹੇ ਉਪਰਾਲਿਆਂ ਦੀ ਲੜੀ ਤਹਿਤ ਡਿਪਟੀ ਕਮਿਸ਼ਨਰ-ਕਮ-ਚੇਅਰਮੈਨ ਡੀ.ਬੀ.ਈ.ਈ. ਬਠਿੰਡਾ ਸ਼੍ਰੀ ਰਾਜੇਸ਼ ਧੀਮਾਨ ਦੇ ਦਿਸ਼ਾ-ਨਿਰਦੇਸ਼ਾਂ ਅਤੇ ਮੈਡਮ ਕੰਚਨ ਵਧੀਕ ਡਿਪਟੀ ਕਮਿਸ਼ਨਰ (ਜ)-ਕਮ-ਸੀ.ਈ.ਓ., ਡੀ.ਬੀ.ਈ.ਈ. ਬਠਿੰਡਾ ਦੀ ਰਹਿਨੁਮਾਈ ਹੇਠ ਸਥਾਨਕ ਐਸ.ਐਸ.ਡੀ. ਗਰਲਜ਼ ਕਾਲਜ, ਬਠਿੰਡਾ ਵਿਖੇ ਕਰੀਅਰ ਸੈਮੀਨਾਰ-ਕਮ-ਰਜਿਸਟ੍ਰੇਸ਼ਨ ਕੈਂਪ ਦਾ ਆਯੋਜਨ ਕੀਤਾ ਗਿਆਜ਼ਿਲ੍ਹਾ ਰੋਜ਼ਗਾਰ ਅਫ਼ਸਰ ਮੈਡਮ ਨਵਜੋਤ ਕੌਰ ਨੇ ਦੱਸਿਆ ਕਿ ਇਸ ਕਰੀਅਰ ਸੈਮੀਨਾਰ-ਕਮ-ਰਜਿਸਟ੍ਰੇਸ਼ਨ ਕੈਂਪ ਵਿੱਚ ਕੁੱਲ 115 ਵਿਦਿਆਰਥੀਆਂ ਵੱਲੋਂ ਮੈਨੁਅਲ ਰਜਿਸਟ੍ਰੇਸ਼ਨ ਕਰਵਾਈ ਗਈ। ਇਸ ਤੋਂ ਇਲਾਵਾ ਉਕਤ ਵਿਦਿਆਰਥੀਆਂ ਦੀ ਆਨਲਾਈਨ ਰਜਿਸਟ੍ਰੇਸ਼ਨ ਪੋਰਟਲ ਪੀ.ਜੀ.ਆਰ.ਕੈਮ. ਤੇ ਵੀ ਕੀਤੀ ਗਈ।

ਕੈਂਪ ਦੌਰਾਨ ਸੀ-ਪਾਈਟ ਸੈਂਟਰ, ਕਾਲਝਰਾਣੀ ਤੋਂ ਸੈਂਟਰ ਹੈੱਡ ਕੈਪਟਨ ਲਖਵਿੰਦਰ ਸਿੰਘ ਨੇ ਆਪਣੇ ਭਾਸ਼ਣ ਦੌਰਾਨ ਪ੍ਰਾਰਥੀਆਂ ਨੂੰ ਪੁਲਿਸ ਅਤੇ ਆਰਮੀ ਦੀ ਆਉਣ ਵਾਲੀ ਭਰਤੀ ਸਬੰਧੀ ਜਾਣਕਾਰੀ ਮੁਹੱਈਆ ਕਰਵਾਈ ਗਈਹੋਰ ਜਾਣਕਾਰੀ ਦਿੰਦੇ ਹੋਏ ਕਰੀਅਰ ਕੌਂਸਲਰ ਵਿਸ਼ਾਲ ਚਾਵਲਾ ਨੇ ਦੱਸਿਆ ਕਿ ਕੈਂਪ ਦੌਰਾਨ ਵਿਦਿਆਰਥੀਆਂ ਨੂੰ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕੀਮਾਂ ਸਬੰਧੀ ਜਾਣੂੰ ਕਰਵਾਇਆ।

# ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਗੁਰਦਾਸਪੁਰ ਵੱਲੋਂ ਫੀਲਡ ਇਨਵੈਸਟੀਗੇਟਰਾਂ ਦੀ ਇਕ ਰੋਜ਼ਾ ਟ੍ਰੇਨਿੰਗ ਦਾ ਨਿਰੀਖਣ

**ਗੁਰਦਾਸਪੁਰ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਗੁਰਦਾਸਪੁਰ ਸ੍ਰੀਮਤੀ ਪਰਮਜੀਤ ਕੌਰ ਵੱਲੋਂ ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ (ਡਾਇਟ) ਗੁਰਦਾਸਪੁਰ ਵਿਖੇ ਐਫ.ਐਲ.ਐਸ. ਤਹਿਤ ਕਰਵਾਏ ਜਾਣ ਵਾਲੇ ਸਰਵੇ ਸਬੰਧੀ ਫੀਲਡ ਇਨਵੈਸਟੀਗੇਟਰਾਂ ਦੀ ਇਕ ਰੋਜ਼ਾ ਟ੍ਰੇਨਿੰਗ ਦਾ ਨਿਰੀਖਣ ਕੀਤਾ ਗਿਆ। ਇਸ ਮੌਕੇ ਜਾਣਕਾਰੀ ਦਿੰਦਿਆਂ ਉਨ੍ਹਾਂ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਕੁੱਲ 21 ਸਰਕਾਰੀ, ਪ੍ਰਾਈਵੇਟ ਅਤੇ ਅਰਧ-ਸਰਕਾਰੀ ਸਕੂਲਾਂ ਦੀ ਇਸ ਸਰਵੇ ਲਈ ਚੋਣ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸਟੇਟ ਪੱਧਰ ਤੋਂ ਟ੍ਰੇਨਿੰਗ ਪ੍ਰਾਪਤ ਕਰ ਚੁੱਕੇ ਜ਼ਿਲ੍ਹਾ ਸਰਵੇ ਕੋਆਰਡੀਨੇਟਰ ਵੰਦਨਾ ਗੁਪਤਾ ਅਤੇ ਜ਼ਿਲ੍ਹਾ ਰਿਸੋਰਸ ਕੋਆਰਡੀਨੇਟਰ ਗੁਰਨਾਮ ਸਿੰਘ ਵੱਲੋਂ ਫੀਲਡ ਇਨਵੈਸਟੀਗੇਟਰਾਂ ਨੂੰ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਸਰਵੇ ਕਰਨ ਸਬੰਧੀ ਵਿਸਥਾਰਪੂਰਵਕ ਟ੍ਰੇਨਿੰਗ ਦਿੱਤੀ ਗਈ ਅਤੇ ਸਰਵੇ ਦੀਆਂ ਬਰੀਕੀਆਂ ਤੋਂ ਜਾਣੂ ਕਰਵਾਇਆ ਗਿਆ।

ਉਨ੍ਹਾਂ ਨੇ ਦੱਸਿਆ ਕਿ ਇਹ ਸਰਵੇ 6 ਮਈ ਤੋਂ 8 ਮਈ 2026 ਤੱਕ ਜ਼ਿਲ੍ਹੇ ਦੇ ਵੱਖ-ਵੱਖ 21 ਸਕੂਲਾਂ ਵਿੱਚ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਸਰਵੇ ਪਹਿਲੀ ਵਾਰ ਟੈਕਨੋਲੋਜੀ ਅਧਾਰਿਤ ਢੰਗ ਨਾਲ ਕਰਵਾਇਆ ਜਾ ਰਿਹਾ ਹੈ ਅਤੇ ਇਸ ਸਬੰਧੀ ਫੀਲਡ ਇਨਵੈਸਟੀਗੇਟਰਾਂ ਨੂੰ ਪੂਰੀ ਜਾਣਕਾਰੀ ਦਿੱਤੀ ਗਈ ਹੈ।

# ਸਾਡੇ ਭਵਿੱਖ ਨੂੰ ਸਿਖਿਅਤ ਕਰਨ ਲਈ ਦਿੱਤੀ ਜਾ ਰਹੀ ਹੈ ਨਵੀ ਦਿਸ਼ਾ

**ਫਾਜ਼ਿਲਕਾ, 10 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਬਚਿਆਂ ਨੂੰ ਸਿਖਿਆ ਨਾਲ ਜੋੜਨ ਲਈ ਨਵੀਂ ਦਿਸ਼ਾ ਪ੍ਰਦਾਨ ਕਰਨ ਹਿਤ ਲਗਾਤਾਰ ਸ਼ਲਾਘਾਯੋਗ ਉਪਰਾਲੇ ਕੀਤੇ ਜਾ ਰਹੇ ਹਨ ।

ਇਸੇ ਤਹਿਤ ਪਿੰਡ ਸਲੇਮਸ਼ਾਹ ਦੀ ਪੰਚਾਇਤ ਵੱਲੋਂ ਨਵੀਂ ਪਹਿਲਕਦਮੀ ਕਰਦਿਆਂ ਪੰਜਵੀ ਤੇ ਅਠਵੀ ਜਮਾਤ ਦੇ ਪਹਿਲੇ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਮੁੱਖ ਮਹਿਮਾਨ ਵਜੋਂ ਮੈਡਮ ਖੁਸ਼ਬੂ ਸਵਨਾ ਵਿਸ਼ੇਸ਼ ਤੌਰ *ਤੇ ਪਹੁੰਚੇ।



ਮੈਡਮ ਖੁਸ਼ਬੂ ਸਵਨਾ ਨੇ ਕਿਹਾ ਕਿ ਸਾਡਾ ਭਵਿੱਖ ਇਹ ਬਚੇ ਹਨ ਤੇ ਬਚਿਆਂ ਨੂੰ ਸਿਖਿਆ ਪੱਖੋਂ ਕੋਈ ਦਿੱਕਤ ਨਹੀਂ ਆਉਣੀ ਚਾਹੀਦੀ, ਇਸ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਸਰਕਾਰ, ਪੰਚਾਇਤ, ਅਧਿਆਪਕ, ਮਾਪੇ, ਅਧਿਆਪਕ ਤੇ ਸੰਸਥਾਵਾਂ ਲਗਾਤਾਰ ਵੱਧ ਚੜ ਕੇ ਬਚਿਆਂ ਦੇ ਭਵਿੱਖ ਨੂੰ ਸਿਰਜਣ ਵਿਚ ਆਪਣਾ ਅਹਿਮ ਰੋਲ ਅਦਾ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਬਚਿਆਂ ਨੂੰ ਲਾਜਮੀ ਪੜਾਉਣਾ ਚਾਹੀਦਾ ਹੈ ਕਿਸੇ ਵੀ ਵਿਦਿਆਰਥੀ ਨੂੰ ਸਿਖਿਆ ਤੋਂ ਵਾਂਝਾ ਨਾ ਰਖਿਆ ਜਾਵੇ।

ਇਸ ਮੌਕੇ ਉਨ੍ਹਾਂ ਦੱਸਿਆ ਕਿ ਪੰਚਾਇਤ ਨੇ ਹੌਂਸਲਾਅਫਜਾਈ ਕਰਦਿਆਂ ਪੰਜਵੀ ਜਮਾਤ ਦੇ ਵਿਦਿਆਰਥੀਆਂ ਨੂੰ ਨਗਦ ਇਨਾਮ ਤੇ ਅਠਵੀ ਜਮਾਤ ਦੇ ਵਿਦਿਆਰਥਾਂ ਨੂੰ ਸਾਈਕਲ ਭੇਟ ਕੀਤਾ ।

ਉਨ੍ਹਾਂ ਕਿਹਾ ਕਿ ਇਸ ਨਾਲ ਵਿਦਿਆਰਥੀਆਂ ਅੰਦਰ ਪੜ੍ਹਾਈ ਪ੍ਰਤੀ ਹੋਰ ਰੁਚੀ ਵਧੇਗੀ ਤੇ ਵਿਦਿਆਰਥੀ ਮਨ ਲਗਾ ਕੇ ਪੜ੍ਹਾਈ ਕਰਨਗੇ ਤੇ ਆਪਣੇ ਪਰਿਵਾਰ, ਮਾਪੇ, ਸਕੂਲ ਤੇ ਇਲਾਕੇ ਦਾ ਨਾਮ ਰੋਸ਼ਨ ਕਰਨਗੇ।

ਉਨ੍ਹਾਂ ਪੰਚਾਇਤ ਦੇ ਨਾਲ -ਨਾਲ ਸਕੂਲ ਸਟਾਫ ਤੇ ਹੋਰਨਾ ਸਬੰਧਤਾਂ ਦਾ ਇਸ ਪਹਿਲਕਦਮੀ *ਤੇ ਧੰਨਵਾਦ ਪ੍ਰਗਟ ਕੀਤਾ ਤੇ ਉਮੀਦ ਕੀਤੀ ਕਿ ਇਸੇ ਤਰ੍ਹਾਂ ਹੀ ਅਸੀਂ ਵਿਦਿਆਰਥੀਆਂ ਦੇ ਭਵਿੱਖ ਨੂੰ ਰੋਸ਼ਨਾਉਣ ਲਈ ਪੁਰਜੋਰ ਯਤਨ ਕਰਦੇ ਰਹਾਂਗੇ।

# ਆਹ ਲੈ ਮਾਏ ਸਾਂਭ ਕੁੰਜੀਆਂ

ਪ੍ਰੋ. ਬੇਅੰਤ ਸਿੰਘ ਬਾਜਵਾ



ਪੰਜਾਬੀ ਵਿਰਾਸਤ ਵਿਚ ਵਿਆਹਾਂ ਮੌਕੇ ਅਨੇਕਾਂ ਹੀ ਰਸਮਾਂ ਰਿਵਾਜ ਕੀਤੇ ਜਾਂਦੇ ਹਨ। ਵਿਆਹਾਂ ਦੀਆਂ ਰਸਮਾਂ ਨਿਭਾਉਣ ਵਿਚ ਪਰਿਵਾਰ ਦੇ ਨਾਲ-ਨਾਲ ਰਿਸ਼ਤੇਦਾਰ ਅਤੇ ਸਕੇ ਸਬੰਧੀ ਆਪਣਾ ਯੋਗਦਾਨ ਪਾਉਂਦੇ ਹਨ। ਆਪਾਂ ਪਿਛਲੇ ਲੇਖਾਂ ਵਿਚ ਕਈ ਪੁਰਾਤਨ ਰਸਮਾਂ ਦੀ ਗੱਲ ਕੀਤੀ ਹੈ।

ਕੁੜੀ ਦੇ ਘਰ ਵਿਆਹ ਵਾਲੇ ਦਿਨ ਸ਼ਾਮ ਨੂੰ ਡੋਲੀ ਦੀ ਵਿਦਾਇਗੀ ਅਤੇ ਆਉਣ ਸਮੇਂ ਅਨੇਕਾਂ ਰਸਮੋ-ਰਿਵਾਜ ਕੀਤੇ ਜਾਂਦੇ ਹਨ ਅਤੇ ਲੋਕ-ਗੀਤ ਗਾਏ ਜਾਂਦੇ ਹਨ। ਡੋਲੀ ਤੁਰਨ ਤੋਂ ਪਹਿਲਾਂ ਕੁੜੀ ਵੱਲੋਂ ਘਰ ਵਧਾਉਣ ਦੀ ਰਸਮ ਕਰਵਾਈ ਜਾਂਦੀ ਹੈ। ਇਸ ਰਸਮ ਵਿਚ ਵਿਆਹੁਲੀ ਕੁੜੀ ਡੋਲੀ ਵਿਚ ਬੈਠਣ ਤੋਂ ਪਹਿਲਾਂ ਤੁਰੀ ਜਾਂਦੀ ਇਕ ਥਾਲ਼ੀ ਵਿੱਚੋਂ ਜਿਸ ਵਿਚ ਮੇਵੇ, ਚਾਵਲ ਅਤੇ ਜੌਂ ਰਲੇ ਹੁੰਦੇ ਹਨ ਦਾ ਬੁੱਕ ਭਰ-ਭਰ ਕੇ ਪਿਛਲੇ ਪਾਸੇ ਵੱਲ ਸੁੱਟਦੀ ਹੈ। ਇਸ ਰਸਮ ਦਾ ਭਾਵ ਪੇਕੇ ਪਰਿਵਾਰ ਦੀ ਸੁੱਖ ਮੰਗਣਾ ਅਤੇ ਉਨ੍ਹਾਂ ਦੀ ਆਰਥਿਕ ਖ਼ੁਸ਼ਹਾਲੀ ਨਾਲ ਜੁੜਿਆ ਹੋਇਆ ਹੈ। ਇਸ ਰਸਮ ਨਿਭਾਉਂਦੇ ਸਮੇਂ ਇਹ ਲੋਕ ਗੀਤ ਗਾਇਆ ਜਾਂਦਾ ਹੈ :

ਲਾਡੋ ਛੱਡ ਨੀ ਪੀੜੀ ਦਾ ਪਾਵਾ
ਸਾਡਾ ਨਹੀਂਓ ਦਾਵਾ
ਦਾਵੇ ਵਾਲੇ ਲੈ ਨੀ ਚੱਲੇ...

ਇਸੇ ਮੌਕੇ ਧੀ ਦੇ ਪੇਕੇ ਘਰ ਨਾਲ ਡੂੰਘਾ ਰਿਸ਼ਤਾ ਨਿੱਖੜ ਜਾਣ ਦਾ ਹੌਲ ਇਸ ਗੀਤ ਦੀ ਸਤਰਾਂ ਵਿੱਚੋਂ ਉਜਾਗਰ ਹੁੰਦਾ ਹੈ :

ਬਾਬਲ ਧਰਮ ਕਰੇਂਦਿਆਂ
ਮੈਨੂੰ ਰੱਖ ਲੈ ਅੱਜ ਦੀ ਰਾਤ
ਮੈਂ ਕੀਕਣ ਰੱਖਾਂ ਬੇਟੀਏ
ਤੇਰੀ ਜੰਞ ਬੜੀ ਉਦਾਸ
ਮੇਰੀ ਜੰਞ ਨੂੰ ਦੇ ਦਿਉ ਛੁੱਟੀਆਂ
ਮੇਰੇ ਕਾਹਨ ਨੂੰ ਰੱਖ ਲਓ ਰਾਤ
ਤੇਰੀ ਜੰਞ ਨਾ ਲੈਂਦੀ ਛੁੱਟੀਆਂ
ਤੇਰਾ ਕਾਹਨ ਨਾ ਰਹਿੰਦਾ ਰਾਤ...

ਇਸ ਮਾਹੌਲ ਸਬੰਧੀ ਧੀ ਵੱਲੋਂ ਲਿਆ ਗਿਆ ਇਕ ਹੋਰ ਹੌਕਾਂ ਜਦੋਂ ਜਨਾਨੀਆਂ ਪੇਸ਼ ਕਰਦੀਆਂ ਤਾਂ ਉਦਾਸੀ ਦੇ ਰੰਗ ਹੋਰ ਗੂੜ੍ਹੇ ਹੋ ਜਾਂਦੇ ਹਨ :

ਤੇਰੇ ਮਹਿਲਾਂ ਦੇ ਵਿੱਚੋਂ ਵੇ
ਬਾਬਲ ਡੋਲਾ ਨਹੀਂਓ ਲੰਘਦਾ
ਇਕ ਇੱਟ ਪੁਟਾ ਦੇਵਾਂ
ਧੀਏ ਘਰ ਜਾ ਆਪਣੇ
ਤੇਰੇ ਬਾਗ਼ਾਂ ਦੇ ਵਿਚ ਵਿਚ ਵੇ
ਬਾਬਲ ਡੋਲਾ ਨਹੀਂਓ ਲੰਘਦਾ
ਮੈਂ ਟਾਹਣ ਕਟਾ ਦੇਵਾਂ
ਧੀਏ ਘਰ ਜਾ ਆਪਣੇ
ਤੇਰੇ ਮਹਿਲਾਂ ਦੇ ਵਿਚ-ਵਿਚ ਵੇ
ਬਾਬਲ ਗੁੱਡੀਆਂ ਕੌਣ ਖੇਡੂ?
ਮੇਰੀਆਂ ਖੇਡਣ ਪੋਤਰੀਆਂ
ਧੀਏ ਘਰ ਜਾ ਆਪਣੇ...

ਇਸ ਸਮੇਂ ਅਜਿਹਾ ਪ੍ਰਭਾਵ ਸਿਰਜਿਆ ਜਾਂਦਾ ਹੈ ਜਿਵੇਂ ਧੀ ਦੇ ਰੁਕਣ ਦੇ ਸਭ ਵਸੀਲੇ ਫ਼ੇਲ੍ਹ ਹੋ ਗਏ ਹੋਣ ਤੇ ਸਹੁਰੇ ਘਰ ਜਾਣਾ ਤੈਅ ਹੋ ਗਿਆ ਹੋਵੇ। ਅਜਿਹੇ ਵੇਲੇ ਗੀਤ ਦੀਆਂ ਇਹ ਸਤਰਾਂ ਜ਼ਬਾਨ ’ਤੇ ਆਉਂਦੀਆਂ ਹਨ :

ਬੋਲ ਨੀ ਮੇਰੀਏ ਬਣ-ਤਣ ਕੋਇਲੇ
ਦੇਸ਼ ਬਿਗਾਨੜੇ ਕਿਉਂ ਚੱਲੀ ਆ?
ਇਕ ਵਚਨ ਮੇਰੇ ਬਾਬਲ ਕੀਤਾ
ਵਚਨ ਪੁਗਾਵਣ ਮੈਂ ਚੱਲੀ ਆ
ਮਾਤਾ ਮੇਰੀ ਨੇ ਦਾਜ ਬਣਾਇਆ
ਦਾਜ ਪੁਚਾਵਣ ਮੈਂ ਚੱਲੀ ਆ...

ਇਸ ਦੇ ਨਾਲ ਹੀ ਇਹ ਬੋਲ ਵੀ ਗੂੰਜਦੇ ਹਨ :

ਕਿੱਥੇ ਨੀ ਬੀਬੀ ਤੇਰਾ ਤੋਰਾ ਫੇਰਾ
ਕਿੱਥੇ ਬੈਠੀ ਆ ਪੀੜ੍ਹਾ ਡਾਹ
ਯੋਧੀਂ ਵੇ ਮਾਪਿਓ ਮੇਰਾ ਤੋਰਾ-ਫੇਰਾ
ਅੰਬਰਸਰ ਬੈਠੀ ਆ ਪੀੜ੍ਹਾ ਡਾਹ...

ਵਿਛੋੜੇ ਦਾ ਸੱਲ ਹਰ ਇਕ ਨੂੰ ਸੱਲਦਾ ਹੈ। ਬਾਬਲ ਵੀ ਮਨ ਦੀ ਕੁੜੀ ਨੂੰ ਤੋਰਨ ਲੱਗਾ ਬੁੱਕ-ਬੁੱਕ ਹੰਝੂ ਕੇਰਦਾ ਹੈ। ਉਸ ਦਾ ਵੀਰਾ ਵੀ ਉਦਾਸੀ ਵਿਚ ਡੁੱਬਦਾ ਹੈ। ਭਾਬੀ ਉੱਪਰ ਉਦਾਸੀ ਦਾ ਪਰਛਾਵਾਂ ਥੋੜ੍ਹਾ ਪੇਤਲਾ ਹੁੰਦਾ ਹੈ। ਉਸ ਵੇਲੇ ਹੇਠਲੀਆਂ ਸਤਰਾਂ ਬੋਲੀਆਂ ਜਾਂਦੀਆਂ ਹਨ :

ਬੀਬੀ ਦਾ ਬਾਬਲ ਇਉਂ ਰੋਵੇ
ਜਿਵੇਂ ਘਟਾ ਸਾਵਣ ਦੀ ਆਈ
ਤੁਸੀਂ ਕਿਉਂ ਰੋਂਦੇ ਹੋ ਮਾਪਿਓ
ਇਹ ਜਗ ਹੁੰਦੜੀ ਆਈ
ਬੀਬੀ ਦਾ ਵੀਰਾ ਇਉਂ ਰੋਵੈ
ਜਿਉਂ ਘਟਾ ਸਾਵਣ ਦੀ ਆਈ
ਬਾਹਰ ਰੋਵੇ ਬੀਬੀ ਦਾ ਵੀਰਾ
ਅੰਦਰ ਹੱਸੇ ਭਰਜਾਈ
ਉਦੋਂ ਤਾਂ ਰੋਵੇਗੀ ਭਾਬੀਏ ਨੀ
ਜਦੋਂ ਤੋਰੇਗੀ ਆਪਣੀ ਜਾਈ...

ਜਿਉਂ-ਜਿਉਂ ਡੋਲੀ ਦੇ ਤੁਰਨ ਦਾ ਵੇਲਾ ਆਉਂਦਾ ਹੈ ਤਾਂ ਮਾਹੌਲ ਹੋਰ ਵਧੇਰੇ ਭਾਵੁਕ ਮਈ ਹੋ ਜਾਂਦਾ ਹੈ। ਡੋਲੀ ਵੱਲ ਧੀ ਨੂੰ ਤੋਰਨ ਵੇਲੇ ਇਹ ਗੀਤ ਵੇਦਨਾ ਬਣ ਕੇ ਉੱਭਰਦੇ :

ਆ ਵੇ ਬਾਬਲਾ ਦੋ ਗੱਲਾਂ ਕਰੀਏ

**ਰੋਂਦੀ ਕੁਰਲਾਉਂਦੀ ਧੀ ਨੂੰ ਉਸ ਦਾ ਭਰਾ ਤੇ ਮਾਮਾ ਡੋਲੀ ’ਚ ਬਿਠਾ ਦਿੰਦੇ ਹਨ। ਇਸ ਸਮੇਂ ਧੀ ਮਾਂ ਨੂੰ ਘਰ ਦੀਆਂ ਚਾਬੀਆਂ ਸੌਂਪਦੀ ਹੈ। ਮਾਂ ਪਿਉ ਤੋਂ ਬਿਨਾਂ ਹੋਰ ਰਿਸ਼ਤੇਦਾਰ ਉਸ ਨੂੰ ਸ਼ਗਨ ਦਿੰਦੇ ਹਨ...**



ਆਈ ਵਿਛੋੜੇ ਵਾਲੀ ਰਾਤ
ਅੱਜ ਦੀ ਦਿਹਾੜੀ ਰੱਖ ਡੋਲੀ ਨੀ ਮਾਂ
ਰਹਾਂ ਬਾਪ ਦੀ ਬਣ ਕੇ ਗੋਲੀ ਨੀ ਮਾਂ
ਹੰਸ ਤੁਰ ਚੱਲੇ ਅੱਖੀਆਂ ਤੋਂ ਦੂਰ
ਪਾ ਕੇ ਗੂੜ੍ਹਾ ਪਿਆਰ ਬਾਬਲ
ਆਹ ਲੈ ਮਾਏ ਸਾਂਭ ਕੁੰਜੀਆਂ
ਧੀਆਂ ਕਰ ਚੱਲੀਆਂ ਸਰਦਾਰੀ...

ਧੀ ਨੂੰ ਰੋਂਦੀ ਕੁਰਲਾਉਂਦੀ ਨੂੰ ਉਸ ਦਾ ਭਰਾ ਮਾਮਾ ਡੋਲੀ ਵਾਲੀ ਕਾਰ ਵਿਚ ਬਿਠਾ ਦਿੰਦੇ ਹਨ। ਇਸ ਸਮੇਂ ਧੀ ਮਾਂ ਨੂੰ ਘਰ ਦੀਆਂ ਚਾਬੀਆਂ ਸੌਂਪਦੀ ਹੈ। ਡੋਲੀ ਵਾਲੀ ਕਾਰ ਵਿਚ ਬੈਠੇ ਧੀ ਜਵਾਈ ਦਾ ਮਾਂ ਲੱਡੂਆਂ ਨਾਲ ਮੂੰਹ ਜੁਠਾਉਂਦੀ ਹੈ ਤੇ ਮਾਂ ਪਿਉ ਤੋਂ ਬਿਨਾਂ ਹੋਰ ਨਜ਼ਦੀਕੀ ਰਿਸ਼ਤੇਦਾਰਾਂ ਵੱਲੋਂ ਪੈਸੇ ਸ਼ਗਨ ਵਜੋਂ ਦਿੱਤੇ ਜਾਂਦੇ ਹਨ। ਫਿਰ ਮਾਂ ਡੋਲੀ ਵਾਲੀ ਕਾਰ ਦੇ ਚਾਰੇ ਟਾਇਰਾਂ ਤੇ ਪਾਣੀ ਪਾਉਂਦੀ ਹੈ। ਧੀ ਨਾ ਚਾਹੁੰਦੇ ਹੋਏ ਵੀ ਬਾਬਲ ਘਰੋਂ ਵਿਦਾ ਹੋ ਜਾਂਦੀ ਹੈ। ਅਜੋਕੇ ਸਮੇਂ ਵਿਚ ਡੋਲੀ ਦੀ ਰਸਮ ਵੇਲੇ ਬਹੁਤੀਆਂ ਰਸਮਾਂ ਪੁਰਾਤਨ ਵਿਆਹਾਂ ਵਾਲੀਆਂ ਹੀ ਨਿਭਾਈਆਂ ਜਾਂਦੀਆਂ ਹਨ। ਪੰਜਾਬੀ ਲੋਕ-ਧਾਰਾ ਵਿਚ ਡੋਲੀ ਦੀ ਰਸਮ ਨੂੰ ਇੰਝ ਬਿਆਨ ਕੀਤਾ ਜਾਂਦਾ ਹੈ :

ਬਾਬਲ ਵਿਦਿਆ ਕਰੇਦਿਆ,
ਵੇ ਮੈਨੂੰ ਰੱਖ ਲੈ ਅੱਜ ਦੀ ਰਾਤ ਵੇ
ਮੈਨੂੰ ਰੱਖ...

ਡੋਲੀ ਤੁਰਨ ਸਮੇਂ ਵਿਦਾਇਗੀ ਦੀਆਂ ਰਸਮਾਂ ਖ਼ਤਮ ਹੋਣ ਤੋਂ ਬਾਅਦ ਕੁੜੀ ਦੇ ਭਰਾ ਡੋਲੀ ਵਾਲੀ ਕਾਰ ਨੂੰ ਧੱਕਾ ਲਾਉਂਦੇ ਹਨ ਤੇ ਡੋਲੀ ਤੁਰ ਜਾਂਦੀ ਹੈ। ਇਸ ਸਮੇਂ ਲਾੜੇ ਦਾ ਪਿਉ ਡੋਲੀ ਉੱਤੋਂ ਪੈਸੇ ਸੁੱਟਦਾ ਹੈ। ਇਸ ਰਸਮ ਨੂੰ ਕਈਆਂ ਇਲਾਕਿਆਂ ਵਿਚ ਸੋਟ ਦੀ ਰਸਮ ਵੀ ਕਿਹਾ ਜਾਂਦਾ ਹੈ। ਲੋਕ ਗੀਤਾਂ ਰਾਹੀਂ ਲੋਕ ਸਮੂਹ ਆਪਣੀਆਂ ਦੱਬੀਆਂ ਹੋਈਆਂ ਖਵਾਇਸ਼ਾਂ ਦਾ ਪ੍ਰਗਟਾਵਾ ਕਰਦੇ ਹਨ। ਪ੍ਰੋ. ਸੈਰੀ ਸਿੰਘ ਅਨੁਸਾਰ ਲੋਕਾਂ ਦੁਆਰਾ ਰਚੇ ਗਏ ਗੀਤਾਂ ਨੂੰ ‘ਲੋਕ-ਗੀਤ’ ਕਿਹਾ ਜਾਂਦਾ ਹੈ। ਲੇਖਕ ਦਾ ਅਗਿਆਤ ਹੋਣਾ ਇਸ ਦੀ ਮੁੱਖ ਸ਼ਰਤ ਹੈ। ਸੁਹਾਗ ਲੋਕ ਗੀਤਾਂ ਦੀ ਇਕ ਵੰਨਗੀ ਹੈ। ਇਹ ਵਿਆਹੁਲੀ ਕੁੜੀ ਦੇ ਘਰ ਗਾਏ ਜਾਂਦੇ ਹਨ। ਡਾ. ਰਾਜਵੰਤ ਕੌਰ ਪੰਜਾਬੀ ਅਨੁਸਾਰ ਵਿਦਾਇਗੀ ਦੇ ਮੌਕੇ ’ਤੇ ਜੋ ਸੁਹਾਗ ਗੀਤ ਗਾਏ ਜਾਂਦੇ ਹਨ। ਉਨ੍ਹਾਂ ਵਿਚਲੀ ਜਜ਼ਬਾਤੀ ਸੁਰ ਦਿਲਾਂ ਨੂੰ ਸਿੱਧੇ ਤੌਰ ’ਤੇ ਤਟ- ਫਟੀ ਰੂਪ ਵਿਚ ਵਧੇਰੇ ਪ੍ਰਭਾਵਿਤ ਕਰਦੀ ਹੈ। ਡੋਲੀ ਦੀ ਵਿਦਾਇਗੀ ਦੇ ਗੀਤ ਜਿੱਥੇ ਰਸਮਾਂ-ਰਿਵਾਜਾਂ ਨਾਲ ਸਬੰਧਿਤ ਹੁੰਦੇ ਹਨ। ਉੱਥੇ ਉਸ ਸਮੇਂ ਧੀ ਦੇ ਪੇਕੇ ਘਰ ਰਹਿਣ ਦੀਆਂ ਮਨੋਭਾਵਨਾ ਨੂੰ ਵੀ ਪੇਸ਼ ਕਰਦੇ ਹਨ। ਅਜੋਕੇ ਵਿਆਹਾਂ ਵਿਚ ਵੀ ਵਿਦਾਇਗੀ ਵੇਲੇ ਗੀਤ ਗਾਏ ਜਾਂਦੇ ਹਨ। ਪੁਰਾਤਨ ਸਮਿਆਂ ਵਿਚ ਕੁੜੀ ਦੀ ਡੋਲੀ ਊਠਾਂ ਜਾਂ ਗੱਡੀਆਂ ਤੇ ਜਾਂਦੀ ਸੀ ਪਰ ਅੱਜ ਆਧੁਨਿਕਤਾ ਦੇ ਯੁੱਗ ਵਿਚ ਤੇਜ਼ ਰਫ਼ਤਾਰ ਵਾਲੀਆਂ ਮਹਿੰਗੀਆਂ ਕਾਰਾਂ ਆ ਗਈਆਂ ਹਨ। ਅੱਜ ਫੋਕੀ ਸ਼ੁਹਰਤ ਦੇ ਪੱਟੇ ਪੰਜਾਬੀ ਮਹਿੰਗੀ ਤੋਂ ਮਹਿੰਗੀ ਕਿਰਾਏ ਦੀ ਕਾਰ ਲੈ ਜਾਂਦੇ ਹਨ। ਜਿਸ ਨਾਲ ਆਰਥਿਕਤਾ ’ਤੇ ਮਾੜਾ ਅਸਰ ਪੈਂਦਾ ਹੈ ਤੇ ਵਿਆਹ ਮਗਰੋਂ ਮੁੰਡੇ ਜਾਂ ਉਸ ਦੇ ਪਰਿਵਾਰ ’ਤੇ ਲੱਖਾਂ ਦਾ ਕਰਜ਼ ਹੋ ਜਾਂਦਾ ਹੈ। ਸੋ ਲੋੜ ਹੈ ਅੱਜ ਪੰਜਾਬੀ ਰੀਤੀ ਰਸਮਾਂ ਨੂੰ ਸਾਦੇ ਢੰਗ ਨਾਲ ਨਿਭਾਉਣ ਦੀ ਤਾਂ ਜੋ ਜ਼ਿੰਦਗੀ ਭਰ ਪਰਿਵਾਰ ਸੁਖੀ ਰਹੇ। •

70878-00168

---

ਰਾਜਿੰਦਰ ਕੌਰ ਚੋਹਕਾ



# ਰਾਣੀ ਝਾਂਸੀ ਰਜਮੈਂਟ ਦੀ ਨਾਇਕਾ
# ਡਾ. ਲਕਸ਼ਮੀ ਸਹਿਗਲ

‘ਰਾਣੀ ਝਾਂਸੀ ਰਜਮੈਂਟ ਦੀ ਹੀਰੋ ਅਤੇ ਦੇਸ਼ ਦੀ ਅਜ਼ਾਦੀ ਦੀ ਲੜਾਈ ਦੀ ਦੀਵਾਨੀ ਲਕਸ਼ਮੀ ਸਹਿਗਲ ਦਾ ਜਨਮ 24-ਸਤੰਬਰ 1914 ਨੂੰ ਪਿਤਾ ਐੱਸ ਸਵਾਮੀਨਾਥਨ ਜੋ ਇਕ ਉੱਘੇ ਵਕੀਲ ਤੇ ਮਦਰਾਸ ਹਾਈ ਕੋਰਟ ਵਿਚ ਵਕੀਲ ਸਨ। ਮਾਤਾ ਏਵੀ ਅਮੂ ਕੁੱਟੀ ਜੋ ਇਕ ਸਮਾਜ ਸੇਵਕਾ, ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਮੋਹਰੀ ਭੂਮਿਕਾ ਨਿਭਾਉਣ ਵਾਲੀ ਜਿਸ ਨੂੰ ਅਮੂ ਸਵਾਮੀਨਾਥਨ ਵੀ ਕਿਹਾ ਜਾਂਦਾ ਸੀ, ਦੇ ਘਰ ਮਦਰਾਸ ਵਿਖੇ ਹੋਇਆ। ਅਮੂ ਕੁੱਟੀ ਨਈਅਰ ਪਰਿਵਾਰ ਦੇ ਇਕ ਅਮੀਰ ਘਰ ਦੀ ਧੀ ਸੀ ਅਤੇ ਪਿਤਾ ਬ੍ਰਾਹਮਣ ਪਰਿਵਾਰ ’ਚੋਂ ਸੀ। ਨਈਅਰ ਪਰਿਵਾਰ ਦੀ ਪਰੰਪਰਾ ਸੀ ਕਿ ਉਹ ਆਪਣੀਆਂ ਲੜਕੀਆਂ ਦੇ ਰਿਸ਼ਤੇ (ਕੇਰਲਾ) ਸਿਰਫ਼ ਨੰਬੂਦਰੀਆ ਵਿਚ ਹੀ ਕਰਦੇ ਸਨ (ਕੇਰਲਾ ਦੇ ਬ੍ਰਾਹਮਣਾਂ ’ਚ)। ਜਦ ਕਿ ਲਕਸ਼ਮੀ ਦੇ ਪਿਤਾ ਨੰਬੂਦਰੀ ਨਹੀਂ ਸਨ। ਉਨ੍ਹਾਂ ਨੇ ਉਸ ਬੰਧਨ ਨੂੰ ਤੋੜ ਕੇ ਵਿਆਹ ਕੀਤਾ ਤੇ ਆਪਣੀ ਪਤਨੀ ਨੂੰ ਇੰਗਲੈਂਡ ਲੈ ਗਏ। ਲਕਸ਼ਮੀ ਸਹਿਗਲ ਦਾ ਜਨਮ ਦਾ ਨਾਂ ਲਕਸ਼ਮੀ ਸਵਾਮੀਨਾਥਨ ਰੱਖਿਆ ਗਿਆ।

### ਵਹਿਮਾਂ-ਭਰਮਾਂ ਵਿੱਚੋਂ ਕੱਢਣਾ

ਲਕਸ਼ਮੀ ਪੜ੍ਹਨ-ਲਿਖਣ, ਘੋੜ ਸਵਾਰੀ ਕਰਨ, ਟੈਨਿਸ ਖੇਡਣ ਅਤੇ ਤੈਰਾਕੀ (ਤਰਨ) ਦੀ ਸ਼ੌਕੀਨ ਸੀ। ਉਹ ਛੋਟੀ ਹੁੰਦੀ ਕੇਰਲਾ ਆਪਣੇ ਨਾਨਕਿਆਂ ਦੇ ਕੋਲ ਜ਼ਿਆਦਾ ਰਹੀ। ਕੇਰਲਾ ਵਿਚ ਜਾਤੀਵਾਦ-ਛੂਆ-ਛੂਤ ਕਾਫ਼ੀ ਸੀ। ਇਸ ਜਾਤੀਵਾਦ ਅਤੇ ਦਲਿਤ ਪਰਿਵਾਰਾਂ ਨੂੰ ਵਹਿਮਾਂ-ਭਰਮਾਂ ਵਿੱਚੋਂ ਕੱਢਣ ਲਈ ਲਕਸ਼ਮੀ ਨੇ ਬਹੁਤ ਹੀ ਬੁਲੰਦ ਹੌਸਲੇ ਨਾਲ ਇਕ ਇਹੋ ਜਿਹਾ ਕਾਰਨਾਮਾ ਕਰ ਦਿਖਾਇਆ ਜਿਸ ਨੂੰ ਦੇਖ ਸਾਰੇ ਹੈਰਾਨ ਹੋ ਗਏ। ਨਾਨੀ ਦੇ ਘਰ ਲਾਗੇ, ਜੰਗਲ ’ਤੇ ਪਹਾੜੀਆਂ ਸਨ, ਉੱਥੋਂ ਰੋਜ਼ ਹੀ ਇਕ ਆਵਾਜ਼ ‘ਥੰਬੂਰਾਨੇ’ ਕਹਿ ਕੇ ਆਈ ਤਾਂ ਲਕਸ਼ਮੀ ਨੇ ਆਪਣੀ ਨਾਨੀ ਨੂੰ ਪੁਛਿਆ ਕਿ ਰੋਜ਼ ਆਵਾਜ਼ ਕਿੱਥੋਂ ਆਉਂਦੀ ਹੈ ? ਤਾਂ ! ਉਸ ਨੇ ਦੱਸਿਆ ਕਿ ਇਨ੍ਹਾਂ ਪਹਾੜੀਆਂ ’ਚ ਛੋਟੀਆਂ ਜਾਤੀਆਂ ਦੇ ਲੋਕ ਰਹਿੰਦੇ ਹਨ। ਇਨ੍ਹਾਂ ਦਾ ਪਰਛਾਵਾਂ ਲੈਣਾ ਵੀ ਮਾੜਾ ਹੈ। ਇਹ ਸਾਨੂੰ ਆਵਾਜ਼ਾਂ ਮਾਰ ਕੇ ਕੋਈ ਚੀਜ਼ ਖਾਣ ਲਈ ਮੰਗਦੇ ਹਨ ਤੇ ਅਸੀਂ ਉਹ ਚੀਜ਼ ਉਨ੍ਹਾਂ ਨੂੰ ਭੇਜ ਦਿੰਦੇ ਹਾਂ। ਇਕ ਦਿਨ ਲਕਸ਼ਮੀ ਇਕ ਕਬਾਇਲੀ ਲੜਕੀ ਦਾ ਹੱਥ ਫੜ ਕੇ ਘਰ ਲੈ ਆਈ। ਉਸ ਲੜਕੀ ਦੇ ਸਰੀਰ ’ਤੇ ਕੱਪੜੇ ਨਹੀਂ ਸਨ ਤੇ ਪਤਿਆ ਨਾਲ ਜਾਂ ਕੋਈ ਮਾਲਾ ਪਾ ਕੇ ਸਰੀਰ ਢੱਕਿਆ ਹੋਇਆ ਸੀ। ਜਦੋਂ ਲੜਕੀ ਨੇ ਨਾਨੀ ਨੂੰ ਦੇਖਿਆ ਤਾਂ ਉਹ ਉੱਚੀ-ਉੱਚੀ ਰੋਣ ਲੱਗ ਪਈ। ਲਕਸ਼ਮੀ ਨੇ ਆਪਣੀ ਨਾਨੀ ਨੂੰ ਕਿਹਾ ਕਿ ਕਿਸੇ ਨੂੰ ਫੜਨ ਨਾਲ ਜਾਂ ਛੂਹਣ ਨਾਲ ਕੋਈ ਅਪਵਿੱਤਰ ਨਹੀਂ ਹੁੰਦਾ ? ਇਹ ਵੀ ਇਨਸਾਨ ਹਨ ਹੁਣ ਸਾਨੂੰ ਇਨ੍ਹਾਂ ਨਾਲ ਮਿਲ ਕੇ ਰਹਿਣਾ ਚਾਹੀਦਾ ਹੈ! ਹੁਣ ਸਮਾਂ ਇਹੋ ਜਿਹਾ ਆ ਗਿਆ ਹੈ ਕਿ ਸਾਨੂੰ ਸਾਰਿਆਂ ਨਾਲ ਮਿਲ ਵਰਤੋਂ ਕਰ ਕੇ ਇੱਕਠੇ ਰਹਿਣਾ ਚਾਹੀਦਾ ਹੈ? ਲਕਸ਼ਮੀ ਨੇ ਪਹਿਲੀ ਬਗ਼ਾਵਤ ਜਾਤ-ਪਾਤ ਤੇ ਛੂਆ-ਛੂਤ ਵਿਰੁੱਧ ਕੀਤੀ। ਲਕਸ਼ਮੀ ਨੇ ਪਹਿਲੀ ਪੜ੍ਹਾਈ ‘ਚਰਚ ਪਾਰਕ ਕੌਨਵੈਂਟ ਸਕੂਲ ਮਦਰਾਸ ਤੋਂ ਪੂਰੀ ਕਰ ਕੇ ਹਾਈ ਸਕੂਲ ਦੀ ਪੜ੍ਹਾਈ ਤੋਂ ਬਾਅਦ ਡਾਕਟਰੀ (ਐੱਮਬੀਬੀਐੱਸ) ਦੀ ਪੜ੍ਹਾਈ ਮੈਡੀਕਲ ਕਾਲਜ ਮਦਰਾਸ ਤੋਂ 1938 ’ਚ ਪੂਰੀ ਕੀਤੀ।

### ਪਾਇਲਟ ਨਾਲ ਵਿਆਹ

1938 ’ਚ ਮੈਡੀਕਲ ਦੀ ਪੜ੍ਹਾਈ ਕਰਦਿਆਂ ਹੀ ਲਕਸ਼ਮੀ ਨੇ ਇਕ ਪਾਇਲਟ ਨਾਲ ਵਿਆਹ ਕਰ ਲਿਆ। ਪਰ ਉਸ ਨੇ ਜਲਦੀ ਹੀ ਮਹਿਸੂਸ ਕੀਤਾ ਕਿ ਇਹ ਬਹੁਤ ਵੱਡੀ ਭੁੱਲ ਹੋਈ ਹੈ ਕਿਉਂਕਿ ਸਾਡੇ ਵਿਚਾਰ ਇਕ ਦੂਸਰੇ ਨਾਲ ਨਹੀਂ ਮਿਲਦੇ, ਦੂਸਰਾ ਉਹ ਮੈਨੂੰ ਆਪਣੇ ਅਧੀਨ ਹੀ ਰੱਖਣਾ ਚਾਹੁੰਦਾ ਹੈ। ਇਹ ਸ਼ਾਦੀ ਸਿਰਫ਼ ਦੋ ਸਾਲ ਹੀ ਨਿਭੀ ! 1938 ’ਚ ਲਕਸ਼ਮੀ ਉਸ ਨਾਲ ਸਿੰਘਾਪੁਰ ਚਲੀ ਗਈ, ਅੰਗਰੇਜ਼ੀ ਸੈਨਾ ਵਿਚ ਇਸਤਰੀ ਡਾਕਟਰਾਂ ਦੀ ਜ਼ਬਰ-ਦਸਤੀ ਭਰਤੀ ਕੀਤੀ ਜਾ ਰਹੀ ਸੀ ਤੇ ਉਹ ਆਪਣੇ ਵਿਆਹ ਤੋਂ ਛੁਟਕਾਰਾ ਪਾਉਣਾ ਚਾਹੁੰਦੀ ਸੀ। ਲਕਸ਼ਮੀ ਨੇ ਮਦਰਾਸ ਤੋਂ ਮੈਡੀਕਲ ਦੀ ਡਿਗਰੀ ਲੈ ਕੇ 1940 ’ਚ ਸਿੰਘਾਪੁਰ ਪੁਹੰਚ ਕੇ ਇਕ ਡਾਕਟਰ ਦੇ ਹਸਪਤਾਲ ਵਿਚ ਜੋ ਕੇਰਲਾ ਦਾ ਹੀ ਸੀ, ਨੌਕਰੀ ਕਰ ਲਈ। ਲਕਸ਼ਮੀ ਜਦੋਂ ਸਿੰਘਾਪੁਰ ਗਈ ਤਾਂ ਉਹ 26 ਸਾਲ ਦੀ ਸੀ। ਇਸ ਤੋਂ ਪਹਿਲਾ 1925 ਵਿਚ ਜਦੋਂ ਉਹ 14 ਸਾਲ ਦੀ ਸੀ ਤਾਂ ਪਹਿਲੀ ਵਾਰ ਸੁਭਾਸ਼ ਚੰਦਰ ਬੋਸ ਨੂੰ ਕਲਕੱਤੇ ਕਾਂਗਰਸ ਸੈਸ਼ਨ ਦੇ ਸਮੇਂ ਦੇਖਿਆ ਸੀ।

### ਟਰੇਨਿੰਗ ਕੈਂਪ

ਸਿੰਘਾਪੁਰ ਆ ਕੇ ਲਕਸ਼ਮੀ ਨੇ ਜਰਮਨੀ ਤੋਂ ਕੱਲਕੱਤੇ ਪਾਣੀ ਵਾਲੇ ਜਹਾਜ਼ ਵਿਚ ਸੁਭਾਸ਼ ਚੰਦਰ ਬੋਸ ਦਾ ਬੱਚ ਕੇ ਜਾਣਾ ਸੁਣਿਆ! ਦਸੰਬਰ 1941 ’ਚ ਜਪਾਨੀਆਂ ਨੇ ਸਿੰਘਾਪੁਰ ’ਤੇ ਹਮਲਾ ਕਰ ਦਿੱਤਾ। ਸਿੰਘਾਪੁਰ ਵਿਚ ਸੁਭਾਸ਼ ਚੰਦਰ ਬੋਸ ਵੱਲੋਂ ਆਈਐਨਏ ਦਾ ਗਠਨ ਕੀਤਾ ਜਾ ਰਿਹਾ ਸੀ ! ਬੋਸ ਨੇ ਆਈਐੱਨਏ ਵਿਚ ਸ਼ਾਮਿਲ ਹੋਣ ਲਈ ਜੋ 18 ਤੋਂ 25 ਸਾਲ ਦੇ ਨੌਜਵਾਨ ਸਨ, ਨੂੰ ਅਪੀਲ ਕੀਤੀ। ਬਹੁਤ ਸਾਰੇ ਨੌਜਵਾਨ ਆਈਐੱਨਏ ਵਿਚ ਭਰਤੀ ਹੋਣੇ ਸ਼ੁਰੂ ਹੋ ਗਏ ਤਾਂ ਉਨ੍ਹਾਂ ਨੂੰ ਟਰੇਨਿੰਗ ਕੈਂਪਾਂ ਵਿਚ ਭੇਜ ਦਿੱਤਾ ਗਿਆ। ਲਕਸ਼ਮੀ ਸਹਿਗਲ ਨੇ ਸੁਭਾਸ਼ ਚੰਦਰ ਬੋਸ ਨੂੰ ਆਈਐਨਏ ਵਿਚ ਸਪੈਸ਼ਲ ਪੋਸਟ ’ਤੇ ਰੱਖਣ ਦੀ ਬੇਨਤੀ ਕੀਤੀ ਤਾਂ ਉਨ੍ਹਾਂ ਨੇ ਰਾਣੀ ਝਾਂਸੀ ਰਜਮੈਂਟ ਦੀ ਅਗਵਾਈ ਕਰਨ ਦੀ ਆਗਿਆ ਦਿੱਤੀ।

### ਮੈਡੀਕਲ ਦੀ ਦੁਕਾਨ

ਅਗਸਤ 1945-ਵਿਚ ਹੀ ਸੁਭਾਸ਼ ਚੰਦਰ ਬੋਸ ਹਵਾਈ ਜਹਾਜ਼ ਵਿਚ ਜਦੋਂ ਟੋਕੀਓ ਜਾ ਰਹੇ ਸੀ ਤਾਂ ਜਹਾਜ਼ ਦੇ ਕਰੈਸ਼ ਹੋ ਜਾਣ ਕਾਰਨ ਉਹ ਮਾਰੇ ਗਏ ! ਮਈ-ਅਗਸਤ ’ਚ ਲਕਸ਼ਮੀ ਨੂੰ ਅੰਗਰੇਜ਼ਾਂ ਨੇ ਫੜ ਲਿਆ ਤੇ ਉਸ ਨੂੰ ਰੰਗੂਨ ਵਿਖੇ ਲੈ ਗਏ। ਇੱਥੇ ਉਸ ਨੂੰ ਘਰ ਵਿਚ ਨਜ਼ਰ ਬੰਦ ਕਰ ਦਿੱਤਾ। ਇਕ ਸਿੱਖ ਪਰਿਵਾਰ ਜੋ ਆਈਐੱਨਏ ਦਾ ਸੀ ਦੇ ਘਰ ਹੀ ਡਾ ਲਕਸ਼ਮੀ ਨੇ ਮੈਡੀਕਲ ਦੀ ਦੁਕਾਨ ’ਤੇ ਹੀ ਮਰੀਜ਼ਾਂ ਨੂੰ ਦੇਖਣਾ ਸ਼ੁਰੂ ਕਰ ਦਿੱਤਾ। ਫਿਰ ਉਸ ਨੂੰ ਬਰਮਾਂ ਲਿਜਾ ਕੇ ਅਕਤੂਬਰ 1945 ਤੋਂ ਮਾਰਚ 1946 ਤਕ ਘਰ ਨਜ਼ਰਬੰਦ ਕਰ ਦਿੱਤਾ। ਦਿੱਲੀ ਵਿਖੇ ਆਈਐੱਨਏ ਦੇ ਮੁਕੱਦਮੇ ਚੱਲ ਰਹੇ ਸਨ।

### ਇਸਤਰੀਆਂ ਦੀ ਆਜ਼ਾਦੀ

1971 ’ਚ ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੀ ਮੈਂਬਰ ਬਣੀ ਤੇ ਅੰਤ ਤੱਕ ਲਾਲ ਝੰਡਾ ਚੁੱਕੀ ਰੱਖਿਆ। ਉਹ ਆਲ ਇੰਡੀਆਂ ਡੈਮੋਕਰੇਟਿਕ ਵੋਮੈਨ ਐਸੋਸੀਏਸ਼ਨ ਦੀ ਪਹਿਲੀ ਕਨਵੈਨਸ਼ਨ ਜੋ ਮਦਰਾਸ ਵਿਖੇ 11-12 ਮਾਰਚ 1981 ਨੂੰ ਹੋਈ, ‘ਦੇ ਮੋਢੀ ਮੈਂਬਰਾਂ ਵਿਚ ਇਕ ਸਨ। 1981 ਤੋਂ ਬਾਅਦ 2000 ਤਕ ਸਾਰੀਆਂ ਹੀ ਆਲ ਇੰਡੀਆ ਲੈਵਲ ਦੀਆਂ ਕਾਨਫਰੰਸਾਂ ’ਚ ‘ਇਸਤਰੀਆਂ ਦੀ ਆਜ਼ਾਦੀ ਦਾ ਪਰਚਮ’ ਚੁੱਕੀ ਰੱਖਿਆ।

### ਸੰਘਰਸ਼ ਵਿਚ ਮੋਹਰੀ

ਇਸਤਰੀਆਂ ਦੀ ਮੁਕਤੀ, ਉਨ੍ਹਾਂ ਦੇ ਹੱਕਾਂ ਦੀ ਰਾਖੀ ਲਈ ਸੰਘਰਸ਼ ਵਿਚ ਮੋਹਰੀ ਰੋਲ ਅਦਾ ਕੀਤਾ। ਲਕਸ਼ਮੀ ਸਹਿਗਲ ‘ਰਾਣੀ ਝਾਂਸੀ ਰਜਮੈਂਟ ਦੀ ਕੈਪਟਨ, (ਐਡਵਾ) ਆਲ ਇੰਡੀਆ ਡੈਮੋਕਰੇਟਿਕ ਵੋਮੈਨ ਐਸੋਸ਼ੀਏਸ਼ਨ ਦੀ ਲੰਬੀ ਸਮਾਂ ਉਪ-ਪ੍ਰਧਾਨ ਰਹੀ। ਗ਼ਰੀਬਾਂ ਦੀ ਮਸੀਹਾ 23-ਜੁਲਾਈ 2012, ਨੂੰ ਸਦੀਵੀਂ ਵਿਛੋੜਾ ਦੇ ਗਈ। ਉਨ੍ਹਾਂ ਦੀਆਂ ਦੋ ਬੇਟੀਆਂ ਹਨ, ਉਨ੍ਹਾਂ ਦੀ ਵੱਡੀ ਬੇਟੀ ਸ਼ੁਭਾਸ਼ਨੀ ਅਲੀ, ਲੰਮਾਂ ਸਮਾਂ (ਐਡਵਾ) ਦੀ ਪ੍ਰਧਾਨ ਅਤੇ ਹੁਣ ਮੀਤ ਪ੍ਰਧਾਨ ਹਨ। ਕਮਿਊਨਿਸਟ ਪਾਰਟੀ ਆਫ ਮਾਰਕਸਵਾਦੀ ਦੀ ‘ਪੋਲਿਟ ਬਿਊਰੋ ਮੈਂਬਰ ਹੈ’। ਕੈਪਟਨ ਲਕਸ਼ਮੀ ਸਹਿਗਲ ਨੂੰ 1998-ਵਿਚ ਰਾਸ਼ਟਰਪਤੀ ਕੇਆਰਨਰਾਇਣਨ ਵੱਲੋਂ ਵਿਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ ਸੀ। •

98725-44738

---

# ਮਿੱਟੀ ਨਾਲ ਮਿੱਟੀ ਹੋਣ ਦਾ ਅਨੰਦ

ਗੁਰਮਾਨ ਸਿੰਘ ਸੀਤਲ

ਪੁਰਾਣੇ ਸਮਿਆਂ ਦੀ ਜਾਂ ਇੰਝ ਕਹਿ ਲਓ ਕਿ ਭਲੇ ਸਮਿਆਂ ਦੀ ਗੱਲ ਕਰੀਏ ਜਦੋਂ ਆਮ ਤੌਰ ’ਤੇ ਰਾਜੇ ਹੁੰਦੇ ਸਨ ਧਰਮੀ, ਪਰਜਾ ਹੁੰਦੀ ਸੀ ਭੋਲੀ ਪਰ ਅੱਜ ਦੀ ਪੜ੍ਹੀ-ਲਿਖੀ ਸੱਭਿਅਤਾ ਤੋਂ ਕਿਤੇ ਵੱਧ ਵਿਲੱਖਣਤਾ ਵਾਲੀ, ਧੀਰਜ ਵਾਲੀ, ਮਿਲਣਸਾਰ ਪਰ ਸੀ ਸੱਚ ਅਤੇ ਇਮਾਨ ਦੀ ਦੀਵਾਰ। ਇਹ ਗੱਲ ਉਨ੍ਹਾਂ ਹੀ ਸਮਿਆਂ ਦੀ ਹੈ ਕਿ ਇਕ ਧਰਮੀ ਰਾਜਾ ਜਿਸ ਦਾ ਉਦੇਸ਼ ਸੀ ਪਰਜਾ ਦਾ ਹਰ ਬਸ਼ਰ ਸੁਖੀ ਹੋਵੇ ਅਤੇ ਜੇਕਰ ਕੋਈ ਆਂਢ-ਗੁਆਂਢ ਦੇ ਰਾਜ ਵਿੱਚੋਂ ਦੁਖੀ ਆ ਜਾਵੇ, ਉਸ ਦੀ ਵੀ ਮਦਤ ਕਰਨਾ। ਉਸ ਨੇ ਰਾਜ ਵਿਚ ਢੰਡੋਰਾ ਦੁਆਇਆ ਹੋਇਆ ਸੀ ਕਿ ਜੇਕਰ ਕਿਸੇ ਦਾ ਸਾਮਾਨ ਨਾ ਵਿਕਦਾ ਹੋਵੇ ਤਾਂ ਉਹ ਖ਼ਰੀਦ ਲਿਆ ਜਾਵੇ ਤੇ ਭੁਗਤਾਨ ਸਰਕਾਰੀ ਖਜ਼ਾਨੇ ਵਿੱਚੋਂ ਕਰ ਦਿੱਤਾ ਜਾਵੇ।

### ਈਰਖਾਲੂ ਗੁਆਂਢੀ

ਇਸ ਰਾਜ ਦੀ ਇੰਨੀ ਵਡਿਆਈ ਈਰਖਾਲੂ ਗੁਆਂਢੀ ਰਾਜਿਆਂ ਤੋਂ ਬਰਦਾਸ਼ਤ ਨਾ ਹੋਈ ਅਤੇ ਉਨ੍ਹਾਂ ਨੇ ਆਪਣੀ ਮੰਦ-ਬੁੱਧੀ ਨਾਲ ਵਿਉਂਤਾਂ ਘੜਨੀਆਂ ਸ਼ੁਰੂ ਕੀਤੀਆਂ ਕਿ ਕਿਵੇਂ ਨਾ ਕਿਵੇਂ ਇਸ ਰਾਜੇ ਦੀ ਮਾਣ-ਮਰਿਆਦਾ ਨੂੰ ਭੰਗ ਕਰਵਾਇਆ ਜਾਵੇ। ਖ਼ੈਰ, ਸ਼ੈਤਾਨੀ ਦਿਮਾਗ਼ ਦੀ ਕਾਰਵਾਈ ਸ਼ੁਰੂ ਹੋਈ ਅਤੇ ਇਕ ਆਦਮੀ ਨੂੰ ਰਾਜ ਦੇ ਅੰਦਰ ਦਾਖ਼ਲ ਕਰ ਦਿੱਤਾ ਜਿਸ ਨੇ ਇਹ ਹੋਕਾ ਦਿੱਤਾ ਕਿ ਦਲਿੱਦਰ ਲੈ ਲਓ ਭਾਈ...ਦਲਿੱਦਰ ਲੈ ਲਓ! ਸਭ ਨੇ ਸੁਣਿਆ ਕਿ ਇਹ ਆਦਮੀ ਕਿਹੋ ਜਿਹੀ ਹਾਸੋ-ਹੀਣੀ ਗੱਲ ਕਰਦਾ ਹੈ! ਦਲਿੱਦਰ ਵੀ ਕੋਈ ਮੁੱਲ ਲੈਣ ਵਾਲੀ ਸ਼ੈਅ ਹੈ। ਆਦਮੀ ਬਹੁਤ ਤਰਲੇ ਲੈਣ ਲੱਗਾ ਕਿ ਉਸ ਦੀ ਫ਼ਰਿਆਦ ਮਹਾਰਾਜ ਅੱਗੇ ਕਰਵਾ ਦਿਉ, ਉਹ ਅਵੱਸ਼ ਹੀ ਉਸ ਦੀ ਮੱਦਤ ਕਰਨਗੇ।

### ਸ਼ੈਤਾਨੀ ਮਨਸੂਬੇ

ਖ਼ੈਰ, ਮਸਲਾ ਸ਼ਾਹੀ ਮਹਿਲਾਂ ਵਿਚ ਪਹੁੰਚ ਗਿਆ ਅਤੇ ਮਹਾਰਾਜ ਨੇ ਹੁਕਮ ਦਿੱਤਾ ਕਿ ਇਸ ਵਿਅਕਤੀ ਦਾ ਸਮਾਨ ਖ਼ਰੀਦ ਲਿਆ ਜਾਵੇ। ਆਦਮੀ ਖ਼ੁਸ਼ੀ-ਖ਼ੁਸ਼ੀ ਵਿਦਾ ਹੋਇਆ ਅਤੇ ਦਿਲ ਵਿਚ ਸੋਚ ਰਿਹਾ ਸੀ ਕਿ ਉਹ ਆਪਣੇ ਸ਼ੈਤਾਨੀ ਮਨਸੂਬੇ ਵਿਚ ਅਵੱਲ ਰਿਹਾ ਹੈ। ਉਧਰ ਲੋਕ ਆਪਣੇ ਮਹਾਰਾਜ ਪ੍ਰਤੀ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਰਨ ਵਿਚ ਰੁੱਝ ਗਏ। ਕੰਨੀ ਪਈਆਂ ਗੱਲਾਂ ਦਾ ਰਾਜੇ ਉੱਪਰ ਕੋਈ ਅਸਰ ਨਹੀਂ ਹੋਇਆ ਪਰ ਰਾਜਾ ਆਰਾਮ ਦੀ ਨੀਂਦ ਸੌਂ ਗਿਆ।

ਪ੍ਰਭਾਤ ਵੇਲੇ ਜਦੋਂ ਮਹਾਰਾਜ ਸੌਂ ਰਹੇ ਸਨ ਅਤੇ ਇਕ ਦੇਵੀ ਦਾ ਰੂਪ ਧਾਰਨ ਕੀਤੀ ਇਸਤਰੀ ਹਾਜ਼ਰ ਹੋਈ ਅਤੇ ਕਿਹਾ, ‘ਮਹਾਰਾਜ ਕੀ ਜੈ ਹੋ।’

ਰਾਜਾ ਉੱਠ ਕੇ ਬੈਠ ਗਿਆ ਅਤੇ ਪੁੱਛਿਆ ਕਿ ਤੂੰ ਕੌਣ ਹੈਂ?

ਬੀਬੀ ਕਹਿਣ ਲੱਗੀ, ‘ਮਹਰਾਜ ਮੈਂ ਮਾਇਆ ਹਾਂ ਅਤੇ ਹੁਣ ਇੱਥੋਂ ਜਾ ਰਹੀ ਹਾਂ, ਮੈਨੂੰ ਇਜਾਜਤ ਦਿਉ।’

ਮਹਾਰਾਜ ਬੜੇ ਹੈਰਾਨ ਹੋਏ ਕਿ ਤੈਨੂੰ ਇੱਥੇ ਕੀ ਦੁੱਖ ਜਾਂ ਤਕਲੀਫ਼ ਹੈ? ਬੀਬੀ ਕਹਿਣ ਲੱਗੀ , ‘ਜੀ ਤੁਹਾਡੇ ਰਾਜ ਵਿਚ ਦਲਿੱਦਰ ਆਣ ਵੜਿਆ ਹੈ ਅਤੇ ਜਿੱਥੇ ਦਲਿੱਦਰ ਹੋਵੇ, ਮੈਂ ਉੱਥੇ ਨਹੀਂ ਰਹਿ ਸਕਦੀ। ਇਸ ਕਰਕੇ ਮੈਨੂੰ ਇਜ਼ਾਜ਼ਤ ਦਿਉ।’ ਰਾਜਾ ਕਹਿਣ ਲੱਗਾ, ਠੀਕ ਹੈ ਜੇ ਤੂੰ ਜਾਣਾ ਹੀ ਚਾਹੁੰਦੀ ਹੈ ਤਾਂ ਮੇਰੇ ਵੱਲੋ ਕੋਈ ਰੁਕਾਵਟ ਨਹੀਂ।

ਇਹ ਗੱਲ ਸੁਣ ਕੇ ਬੀਬੀ ਨੇ ਸਿਰ ਨਿਵਾਇਆ ਤੇ ਗਾਇਬ ਹੋ ਗਈ। ਥੋੜ੍ਹੀ ਦੇਰ ਬਾਅਦ ਇਕ ਹੋਰ ਸ਼ਖ਼ਸ ਹਾਜ਼ਰ ਹੋਇਆ, ‘ਮਹਾਰਾਜ ਕੀ ਜੈ ਹੋ।’

‘ਹਾਂ ਬਈ ਤੁਸੀਂ ਕੌਣ ਹੋ?’ ਰਾਜੇ ਨਾ ਪੁਛਿਆ।

‘ਜੀ ਮੈਂ ਉੱਦਮ ਹਾਂ ਅਤੇ ਇੱਥੋਂ ਜਾਣ ਦੀ ਇਜ਼ਾਜ਼ਤ ਚਾਹੁੰਦਾ ਹਾਂ ਕਿਉਂਕਿ ਜਿੱਥੇ ਦਲਿੱਦਰ ਹੋਵੇ, ਉੱਥੇ ਮੈਂ ਨਹੀਂ ਰਹਿ ਸਕਦਾ। ਇਸ ਕਰ ਕੇ ਮੈਨੂੰ ਇੱਥੋਂ ਜਾਣ ਦੀ ਇਜ਼ਾਜਤ ਦਿੱਤੀ ਜਾਵੇ ਜੀ।’

‘ਠੀਕ ਹੈ ਭਾਈ ਤੂੰ ਵੀ ਜਾ।’ ਰਾਜੇ ਨੇ ਕਿਹਾ।

ਰਾਜ ਦੀ ਮਾਲੀ ਹਾਲਤ ਕਮਜ਼ੋਰ ਹੋਣ ਲੱਗੀ ਅਤੇ ਸ਼ਿਰਕਤ ਕਰਨ ਵਾਲੇ ਗੁਆਂਢੀ ਰਾਜ ਖ਼ੁਸ਼ ਹੋ ਰਹੇ ਸਨ। ਇਕ ਦਿਨ ਪ੍ਰਭਾਤ ਵੇਲੇ ਰਾਜੇ ਦੇ ਸਾਹਮਣੇ ਇਕ ਸ਼ਖ਼ਸ ਪ੍ਰਗਟ ਹੋਇਆ, ‘ਮਹਾਰਾਜ ਕੀ ਜੈ ਹੋ।’

‘ਹਾਂ ਬਈ ਤੂੰ ਕੌਣ ?’

‘ਜੀ ਮੈਂ ਧਰਮ ਹਾਂ ਅਤੇ ਇੱਥੋਂ ਜਾਣ ਦਾ ਮਨ ਬਣਾ ਲਿਆ ਹੈ।’

‘ਉਹ ਕਿਉਂ ਬਈ?’

ਕਿਉਂਕਿ ਇਸ ਰਾਜ ਵਿਚ ਦਲਿੱਦਰ ਆਣ ਵੜਿਆ ਹੈ ਅਤੇ ਜਿੱਥੇ ਦਲਿੱਦਰ ਹੋਵੇ, ਉੱਥੇ ਮੈਂ ਨਹੀਂ ਰਹਿ ਸਕਦਾ। ਇਸ ਕਰਕੇ ਮੈਨੂੰ ਜਾਣ ਦੀ ਇਜ਼ਾਜ਼ਤ ਦਿਉ।’

### ਦਲਿੱਦਰ

ਰਾਜਾ ਚੇਤੰਨ ਹੋ ਕੇ ਬੈਠ ਗਿਆ ਅਤੇ ਹੁਕਮ ਕੀਤਾ ਕਿ ਤੂੰ ਨਹੀਂ ਜਾ ਸਕਦਾ ਕਿਉਂਕਿ ਤੈਨੂੰ ਰੱਖਣ ਵਾਸਤੇ ਹੀ ਤਾਂ ਮੈਂ ਦਲਿੱਦਰ ਖ਼ਰੀਦਿਆ ਸੀ। ਜੇ ਮੈਂ ਦਲਿੱਦਰ ਨਾ ਖ਼ਰੀਦਦਾ ਤਾਂ ਮੇਰਾ ਧਰਮ ਮਤਲਬ ਤੂੰ ਤਾਂ ਉਸੇ ਵੇਲੇ ਖ਼ਤਮ ਸੀ। ਓਹ ਭਲਿਆ ਮਾਣਸਾ ! ਤੈਨੂੰ ਬਚਾਉਣ ਲਈ ਹੀ ਤਾਂ ਮੈਂ ਦਲਿੱਦਰ ਖ਼ਰੀਦਿਆ ਸੀ ਕਿਉਂ ਕਿ ਮੇਰਾ ਧਰਮ ਹੈ ਮੈਂ ਕਿਸੇ ਨੂੰ ਵੀ ਨਿਰਾਸ਼ ਜਾਂ ਨਰਾਜ ਨਹੀਂ ਦੇਖ ਸਕਦਾ, ਕਿਸੇ ਨੂੰ ਅਵਾਜ਼ਾਰ ਨਹੀਂ ਦੇਖ ਸਕਦਾ। ਇਸ ਕਰਕੇ ਤੂੰ ਕਿਵੇਂ ਜਾ ਸਕਦਾ ਹੈਂ?’

ਰਾਜੇ ਦੀ ਇਹ ਗੱਲ ਸੁਣ ਕੇ ਧਰਮ ਦੇ ਹੋਸ਼ ਟਿਕਾਣੇ ਆ ਗਏ। ਹੈਂ ! ਮੈਂ ਇਹ ਕੀ ਕਰਨ ਲੱਗਾ ਸਾਂ ? ਆਪਣੇ ਆਪ ਨੂੰ ਕੋਸਣ ਲੱਗਾ ਅਤੇ ਕਹਿਣ ਲੱਗਾ, ‘ਜੀ ਬਹੁਤ ਵੱਡੀ ਭੁੱਲ ਹੋ ਗਈ ਮੈਥੋਂ। ਉਸ ਦੀ ਮਾਫ਼ੀ ਦਿਉ ਅਤੇ ਇਜ਼ਾਜਤ ਦਿਉ ਕਿ ਮੈਂ ਮਾਇਆ, ਉੱਦਮ ਅਤੇ ਸੱਚ ਨੂੰ ਮੋੜ ਕੇ ਲਿਆਵਾਂ।’

ਰਾਜਾ ਕਹਿਣ ਲੱਗਾ, ‘ਪੁੱਤਰ ਤੁਸੀਂ ਸਾਰੀਆਂ ਤਾਕਤਾਂ ਮਿਲ ਕੇ ਇਕ ਦਲਿੱਦਰ ਨੂੰ ਭਜਾ ਨਹੀਂ ਸਕੇ ਪਰ ਇਸ ਦੇ ਉਲਟ ਇਕ ਦਲਿੱਦਰ ਤੋਂ ਡਰ ਕੇ ਆਪ ਸਾਰੇ ਭੱਜਣ ਲਈ ਤਿਆਰ ਹੋ ਗਏ।’ ਖ਼ੈਰ ਧਰਮ ਨੇ ਮਾਫ਼ੀ ਮੰਗਦੇ ਹੋਏ ਵਿਦਾ ਮੰਗੀ ਅਤੇ ਮਾਇਆ ਅਤੇ ਉੱਦਮ ਨੂੰ ਵਾਪਸ ਲੈ ਆਇਆ। ਇਨ੍ਹਾਂ ਦੀ ਏਕਤਾ ਦੇਖ ਕੇ ਦਲਿੱਦਰ ਨੂੰ ਉੱਥੋਂ ਆਪਣੇ ਆਪ ਭਜਣਾ ਪੈ ਗਿਆ।

### ਬੇ-ਸ਼ੁਮਾਰ ਮੁਸ਼ਕਲਾਂ

ਇਹ ਗੱਲ ਭਾਂਵੇ ਪੁਰਾਣੇ ਸਮਿਆਂ ਦੀ ਹੈ ਪਰ ਅੱਜ ਸਾਡੀ ਜ਼ਿੰਦਗੀ ਵਿਚ ਬਹੁਤੀ ਢੁੱਕਦੀ ਹੈ। ਸਾਡੀਆ ਬੇ-ਸ਼ੁਮਾਰ ਮੁਸ਼ਕਲਾਂ ਦਾ ਕਾਰਨ ਹੈ ਸਾਡਾ ਦਲਿੱਦਰ। ਇਕ ਗੱਲ ਅਸੀਂ ਇਕ ਬੰਦੇ ਦੇ ਸਾਹਮਣੇ ਹੋਰ ਰੂਪ ਵਿਚ ਕਰਦੇ ਹਾਂ ਅਤੇ ਦੂਸਰੇ, ਤੀਸਰੇ ਬੰਦੇ ਦੇ ਸਾਹਮਣੇ ਹੋਰ ਰੂਪ ਵਿਚ ਪੇਸ਼ ਕਰਦੇ ਹਾਂ। ਸਾਡਾ ਕਿਰਦਾਰ ਇੰਨਾ ਪਤਲਾ ਹੁੰਦਾ ਜਾ ਰਿਹਾ ਹੈ ਕਿ ਆਪਣੀ ਹੀ ਗੱਲ ਤੋਂ ਮੁਕਰਨ ਲਈ ਸੌ ਬਹਾਨੇ ਘੜਨ ਦੀ ਸਮਰੱਥਾ ਤਾਂ ਸਾਡੇ ਵਿਚ ਆ ਜਾਂਦੀ ਹੈ ਪਰ ਉਸ ਇਕ ਗੱਲ ਉੱਪਰ ਪੂਰਾ ਉਤਰ ਕੇ ਇਮਾਨ ਬਚਾਉਣਾ ਡਾਹਢਾ-ਔਖਾ ਮਹਿਸੂਸ ਕਰਦੇ ਹਾਂ। ਇਮਾਨ ਦੀ ਪੂਜਾ ਕਰਨੀ ਧਰਮ ਨਹੀਂ ਬਲਕਿ ਇਸ ਨੂੰ ਪੱਲੇ ਬੰਨ੍ਹਣਾ ਧਰਮ ਹੈ।

ਦੇਖੇ-ਦਿਖਾਏ ਅਤੇ ਕਹੇ-ਕਹਾਏ
ਜਿਸ ਲਾਈ ਗੱਲੀਂ, ਉਸੇ ਨਾਲ ਧਾਏ।
ਦਲਿੱਦਰ ਦੇ ਮਾਰੇ ਭਟਕ ਗਏ ਹਾਂ,
ਨਸ਼ਿਆਂ ਦੇ ਵਿਚ ਅਟਕ ਗਏ ਹਾਂ
ਪਛਤਾਏ ਕੁਝ ਨ੍ਹੀਂ ਜੇ ਬਣਨਾ



ਚਿੜੀਆਂ ਨੇ ਜਦ ਖੇਤ ਹੀ ਉਡਾਏ...



### ਫ਼ਰਜ਼ ਤੋਂ ਅਵੇਸਲੇ ਹੋਣਾ

ਹੱਦੋਂ ਵੱਧ ਕਮਾਏ ਮੁਨਾਫ਼ੇ ਨਾਲ ਅੱਯਾਸੀ ਕੀਤੀ ਜਾਂਦੀ ਹੈ ਅਤੇ ਬੱਚਿਆਂ ਦੀਆਂ ਆਦਤਾਂ ਵਿਗੜਦੀਆਂ-ਵਿਗੜਦੀਆਂ ਇੰਨੀਆਂ ਵਿਗੜ ਜਾਂਦੀਆਂ ਹਨ ਕਿ ਇਹੋ ਬੱਚੇ ਕਾਬੂ ਤੋਂ ਬਾਹਰ ਹੋ ਜਾਂਦੇ ਹਨ। ਅਖੀਰ ਬੁਰੀ ਸੰਗਤ ਬੁਰਾ ਬਣਾ ਦਿੰਦੀ ਹੈ। ਸਾਡੇ ਪਿੰਡਾਂ ਵਿਚ ਜਿੱਥੇ ਜ਼ਿਆਦਾ ਕਾਮਿਆਂ ਦੀ ਲੋੜ ਹੈ, ਉੱਥੇ ਤਾਂ ਠੀਕ ਹੈ ਕਿ ਮਜ਼ਦੂਰ ਲਾਉਣੇ ਬਣਦੇ ਹਨ ਪਰ ਦੇਖਿਆ ਇਹ ਗਿਆ ਹੈ ਕਿ ਛੋਟੇ ਜ਼ਿਮੀਂਦਾਰਾਂ ਦੇ ਬੱਚੇ ਵੀ ਦੇਖੇ-ਦਿਖਾਏ ਆਪ ਹੱਥੀਂ ਕੰਮ ਕਰਨ ਨੂੰ ਤਿਆਰ ਨਹੀਂ। ਦਲਿੱਦਰ ਨੂੰ ਆਵਾਜ਼ਾਂ ਤਾਂ ਉਹ ਆਪ ਮਾਰਦੇ ਹਨ। ਇਨ੍ਹਾਂ ਬੱਚਿਆਂ ਦੇ ਉੱਪਰ ਤਾਂ ਦਾਰ-ਓ-ਮਦਾਰ ਹੁੰਦਾ ਹੈ ਮਾਪਿਆਂ ਦੇ ਦਿਨ ਬਦਲਣ ਦਾ ਪਰ ਜੇ ਇਹੋ ਬੱਚੇ ਆਪਣਾ ਧਰਮ ਨਾ ਪਾਲ ਕੇ ਮੋਟਰ ਸਾਈਕਲਾਂ ਤੇ ਘੁੰਮਦੇ ਰਹਿਣ ਤਾਂ ਹੁੰਦਾ ਇੰਝ ਹੈ ਕਿ ਇਨ੍ਹਾਂ ਵਿੱਚੋਂ ਬਹੁਤ ਸਾਰੇ ਖ਼ੁਦ ਮਜ਼ਦੂਰੀ ਕਰਨ ਲਈ ਮਜ਼ਬੂਰ ਹੋ ਜਾਂਦੇ ਹਨ। ਉਨ੍ਹਾਂ ਹੀ ਮਜ਼ਦੂਰਾਂ ਦੇ ਵਿਚ ਬੈਠ ਕੇ ਉਹੋ ਜਿਹੀਆਂ ਆਦਤਾਂ ਤੇ ਸੁਭਾਅ ਬਣ ਜਾਂਦੇ ਹਨ, ਲੀੜੇ ਫਟੇ ਹੋਏ ਅਤੇ ਮੋਟਰ ਸਾਈਕਲ ਦੀ ਜਗ੍ਹਾ ਜਾਂ ਤਾਂ ਪੈਦਲ ਤੇ ਜਾਂ ਟੁੱਟਾ ਜਿਹਾ ਸਾਈਕਲ ਤੇ ਮੈਲੇ ਜਿਹੇ ਝੋਲੇ ਵਿਚ ਰੋਟੀ ਦਾ ਡੱਬਾ।

ਆਪਣੇ ਧਰਮ ਨੂੰ ਪਿੱਠ ਦਿਖਾਉਣ ਦਾ ਇਹ ਫਲ਼ ਮਿਲਿਆ ਹੈ ਜਾਂ ਇੰਝ ਕਹੋ ਕਿ ਆਪਣੇ ਫ਼ਰਜ਼ ਤੋਂ ਅਵੇਸਲੇ ਹੋਣ ਦਾ ਇਹ ਸਰਾਪ ਮਿਲਿਆ ਹੈ। ਇਨ੍ਹਾਂ ਹੀ ਬੱਚਿਆਂ ਨੂੰ ਮਾਵਾਂ ਕਿੰਨੇ ਚਾਅ ਨਾਲ ਵਧੀਆ ਪਰੌਂਠੇ ਬਣਾ ਕੇ ਖੁਆਉਂਦੀਆਂ ਸਨ। ਦੁੱਧ, ਦਹੀਂ ਅਤੇ ਲੱਸੀ ਪਿਲਾਉਂਦੀਆਂ ਸਨ ਅਤੇ ਉਨ੍ਹਾਂ ਦੇ ਚਿਹਰਿਆਂ ਤੇ ਅੱਖਾਂ ਵਿੱਚੋਂ ਆਪਣਾ ਉਜੱਵਲ ਭਵਿੱਸ ਦੇਖ ਦੀਆਂ ਸਰਸ਼ਾਰ ਹੁੰਦੀਆਂ ਸਨ ਪਰ ਹਾਇ! ਅੱਜ ਜਦੋਂ ਇਹੋ ਮਾਵਾਂ ਆਪਣੇ ਲਾਡਾਂ ਨਾਲ ਪਾਲੇ ਬੱਚਿਆਂ ਦੀ ਬਦਹਾਲੀ ਦੇਖ ਦੀਆਂ ਹਨ ਤਾਂ ਉਨ੍ਹਾਂ ਦਾ ਅੰਦਰ ਵਲੂੰਧਰਿਆ ਜਾਂਦਾ ਹੈ।

### ਹੁਸੀਨ ਸੁਪਨੇ

ਆਪਣੇ ਖੇਤਾਂ ਦੀ ਮਿੱਟੀ ਨਾਲ ਮਿੱਟੀ ਹੋਣ ਦਾ ਅਨੰਦ ਹੀ ਕੁਝ ਹੋਰ ਹੁੰਦਾ ਹੈ ਪਰ ਬਿਗਾਨੇ ਖੇਤਾਂ ਜਾਂ ਸ਼ਹਿਰ ਵਿਚ ਮਜ਼ਦੂਰੀ ਕਰਨਾ ਖ਼ੂਨ ਦੇ ਘੁੱਟ ਭਰਨ ਦੇ ਬਰਾਬਰ ਹੈ। ਜ਼ਿੰਦਗੀ ਦੇ ਹੁਸੀਨ ਸੁਪਨੇ ਚਕਨਾਚੂਰ ਹੋ ਕੇ ਰਹਿ ਜਾਂਦੇ ਹਨ। ਇਸ ਦੇ ਪਿੱਛੇ ਬੱਚਿਆਂ ਦੇ ਕੱਚੇ ਦਿਮਾਗ਼ ਦੀਆਂ ਕਰਤੂਤਾਂ ਤਾਂ ਹੈ ਹੀ ਹਨ ਪਰ ਕਿਤੇ ਨਾ ਕਿਤੇ ਮਾਪਿਆਂ ਨੇ ਵੀ ਆਪਣਾ ਧਰਮ ਨਾ ਨਿਭਾਅ ਕੇ ਬੱਚਿਆਂ ਨਾਲ ਲੋੜੀਂਦਾ ਪਿਆਰ ਅਤੇ ਸਖ਼ਤੀ ਦਾ ਮਿਸ਼ਰਨ ਅਖ਼ਤਿਆਰ ਨਹੀਂ ਕੀਤਾ। ਸਿੱਟਾ ਇਹ ਨਿਕਲਿਆ ਕਿ ਮਾਪਿਆਂ ਦੀਆਂ ਆਸਾਂ-ਉਮੀਦਾਂ ਢਹੀਆਂ ਸੋ ਢਹੀਆਂ, ਬੱਚਿਆਂ ਦਾ ਭਵਿੱਖ ਦਾਅ ਉੱਪਰ ਲੱਗਾ ਸੋ ਲੱਗਾ, ਸਮੁੱਚੇ ਸਮਾਜ ਨੂੰ ਹੀਰਿਆਂ ਵਰਗੇ ਪੁੱਤਰ ਖੋ ਕੇ ਵੈਲੀਆਂ ਦਾ ਵੱਗ ਪਾਲਣਾ ਪੈ ਗਿਆ। ਕੀ ਮਾਪਿਆਂ ਦੀ ਇਸ ਹੂਕ ਬੱਚਿਆਂ ਦੇ ਕੰਨੀ ਪਏਗੀ ? ਉਨ੍ਹਾ ਦਾ ਧਰਮ ਮਾਪਿਆਂ ਦੀਆਂ ਆਂਦਰਾਂ ਠੰਡੀਆਂ ਕਰ ਸਕੇਗਾ? ਇਹ ਹਨ ਦੋ-ਇਕ ਸਵਾਲ ਜਿਨ੍ਹਾਂ ਦਾ ਜਵਾਬ ਦੇਣਾ ਅੱਜ ਦੇ ਪੁੱਤਰਾਂ ਅਤੇ ਧੀਆਂ ਦਾ ਧਰਮ ਹੈ। ਇਸ ਧਰਮ ਦੇ ਪਾਲਣ ਨਾਲ ਉਹ ਨਸ਼ਈਆਂ ਅਤੇ ਮਜ਼ਦੂਰਾਂ ਤੋਂ ਉੱਭਰ ਕੇ ਸਰਦਾਰੀ ਵਾਲੀ ਜ਼ਿੰਦਗੀ ਦੇ ਹੱਕਦਾਰ ਬਣ ਸਕਣਗੇ।

ਅਨਮੋਲ ਇਹ ਜ਼ਿੰਦਗੀ
ਐਂਵੇ ਨਾ ਗਵਾਈਂ ਓਇ
ਦਲਿੱਦਰ ਦੀ ਪੰਡ ਕਦੇ
ਸਿਰ ’ਤੇ ਨਾ ਚਾਈਂ ਓਇ
ਅੰਦਰ-ਬਾਹਰ ਝਾਤ ਮਾਰ
ਅਕਾਸ਼ ਵੱਲ ਨਿਗ੍ਹਾ ਮਾਰ
ਹੌਸਲੇ ਤੇ ਹਿੰਮਤਾਂ ਨੇ ਜਿੱਤੀ
ਹੈ ਖ਼ੁਦਾਈ ਓਏ। •

98761-05647

### ਬੱਚਿਆਂ ਉੱਪਰ ਬਾਜ਼ ਅੱਖ ਰੱਖਣਾ

ਮਾਪਿਆਂ ਦਾ ਧਰਮ ਕਦੇ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦਾ ਕਿ ਉਹ ਆਪਣੇ ਬੱਚਿਆਂ ਉੱਪਰ ਬਾਜ਼ ਅੱਖ ਨਾ ਰੱਖਣ। ਬੱਚੇ ਨੂੰ ਕਿਹੋ ਜਿਹੀ ਸੇਧ ਦੇਣੀ ਹੈ, ਕਿਹੋ ਜਿਹੇ ਖ਼ਿਆਲਾਤ ਅਤੇ ਸੰਸਕ੍ਰੀਤੀ ਤੋਂ ਜਾਗਰੂਕ ਕਰਾਉਣਾ ਹੈ, ਕਿਹੋ ਜਿਹੀਆਂ ਕਦਰਾਂ-ਕੀਮਤਾਂ ਨੂੰ ਪਰਖਣਾ ਹੈ ਅਤੇ ਉਨ੍ਹਾ ਨਾਲ ਦੋ-ਚਾਰ ਹੋਣਾ ਹੈ, ਇਸ ਸਭ ਦੀ ਮੁੱਢਲੀ ਜ਼ਿੰਮੇਵਾਰੀ ਜਾਂ ਧਰਮ ਮਾਪਿਆਂ ਦਾ ਹੈ। ਜੇਕਰ ਬਾਪ ਨੇ ਹੱਲ ਦੀ ਹੱਥੀ ਹੀ ਫੜੀ ਨਾ ਹੋਵੇ, ਕਹੀ ਮੋਢੇ ਤੇ ਰੱਖੀ ਹੀ ਨਾ ਹੋਵੇ ਤੇ ਦਾਰੂ ਨਾਲੋਂ ਆੜੀ ਛੱਡੀ ਹੀ ਨਾ ਹੋਵੇ ਤਾਂ ਉਮੀਦ ਕਰੇ ਕਿ ਉਸ ਦਾ ਪੁੱਤਰ ਇਕ ਦਰਵੇਸ਼ ਬਣ ਕੇ ਸਾਹਮਣੇ ਆ ਜਾਵੇਗਾ, ਇਹ ਇਕ ਖ਼ਿਆਲੀ ਪੁਲਾਓ ਤੋਂ ਵੱਧ ਕੁਝ ਨਹੀਂ ਹੈ। ਇਕ ਦੁਕਾਨਦਾਰ ਦਾ ਧਰਮ ਹੈ ਕਿ ਗਾਹਕ ਨੂੰ ਸਹੀ ਸਮਾਨ ਵੇਚਣਾ ਅਤੇ ਮੁਨਾਫ਼ਾ ਵੀ ਵਾਜ਼ਬ ਲਵੇ ਪਰ ਉਸ ਦਾ ਧਰਮ ਤਾਂ ਦਿਨ ਵਿਚ ਹਰ ਇਕ ਗਾਹਕ ਆਉਣ ਨਾਲ ਟੁੱਟਦਾ ਹੈ। ਜਿਹੜੇ ਗਾਹਕ ਭੋਲੇ ਹਨ, ਖ਼ਾਸ ਕਰ ਕੇ ਪਿੰਡਾਂ ਦੇ, ਉਨ੍ਹਾਂ ਦੀ ਤਾਂ ਛਿੱਲ ਬਹੁਤੀ ਹੀ ਉਤਾਰੀ ਜਾਂਦੀ ਹੈ, ਵਿਚਾਰੇ ਜੀ-ਜੀ ਕਰ ਕੇ ਪੱਲਾ ਲੁੱਟਾ ਕੇ ਦੁਕਾਨ ਵਿੱਚੋਂ ਬਾਹਰ ਹੋ ਜਾਂਦੇ ਹਨ ਪ੍ਰੰਤੂ ਰਾਮ-ਰਾਮ ! ਵਾਹਿਗੁਰ-ਵਾਹਿਗੁਰੂ ਕਹਿਣ ਵਾਲੇ ਧਰਮੀ ਦੁਕਾਨਦਾਰ ਆਪਣਾ ਧਰਮ ਅਤੇ ਇਮਾਨ ਗਵਾ ਬੈਠਦੇ ਹਨ।



# ਦੁਨੀਆ 'ਚ ਖ਼ੁਸ਼ੀ ਦਾ ਗਰਾਫ਼

**ਕੁਦਰਤ ਨੇ ਚੁਫ਼ੇਰੇ ਜ਼ਿੰਦਗੀ ਜਿਊਣ ਦਾ ਢੰਗ ਸਮਝਾਉਣ ਦਾ ਜਤਨ ਕੀਤਾ ਹੈ। ਡੂੰਘਾ ਪਾਣੀ ਸ਼ਾਂਤ ਵਹਿੰਦਾ ਹੈ ਪਰ ਥੋੜ੍ਹਾ ਪਾਣੀ ਸ਼ੋਰ ਮਚਾਉਂਦਾ ਲੰਘਦਾ ਹੈ। ਇਹੀ ਵਧੀਆ ਸ਼ਖ਼ਸੀਅਤ ਵਾਲੇ ਇਨਸਾਨ ਦਾ ਗੁਣ ਹੋਣਾ ਚਾਹੀਦਾ ਹੈ। ਪਾਣੀ ਭਾਵੇਂ ਨਿਵਾਣ ਵੱਲ ਵਹੇ ਪਰ ਪੱਥਰ ਚੀਰ ਕੇ ਰਾਹ ਬਣਾ ਸਕਦਾ ਹੈ...**



• ਡਾ. ਹਰਸ਼ਿੰਦਰ ਕੌਰ
0175-2216783

ਅਮਰੀਕਾ ਦੀ ਜੀ.ਡੀ.ਪੀ. ਸਭ ਤੋਂ ਵੱਧ ਹੈ ਪਰ ਜੂਆ, ਇੰਟਰਨੈੱਟ ਦੀ ਹੱਦੋਂ ਵੱਧ ਵਰਤੋਂ, ਸ਼ਰਾਬ, ਵੀਡੀਓ ਗੇਮਾਂ, ਖ਼ਰੀਦੋ ਫਰੋਖ਼ਤ, ਫਾਸਟ ਫੂਡਜ਼, ਆਦਿ ਦੀ ਵੀ ਹੱਦੋਂ ਵੱਧ ਵਰਤੋਂ ਉਨ੍ਹਾਂ ਨੂੰ ਖ਼ੁਸ਼ੀ ਦਾ ਅਹਿਸਾਸ ਕਰਨ ਦਾ ਵਕਤ ਨਹੀਂ ਦਿੰਦੇ। ਇਹ ਲੱਭਿਆ ਗਿਆ ਕਿ ਜਿਹੜੇ ਖ਼ੁਸ਼ ਹੋਣ ਉਹ ਲੋਕਤੰਤਰ ਪਸੰਦ ਕਰਦੇ ਹਨ ਤੇ ਵੋਟ ਪਾਉਂਦੇ ਹਨ।

ਭਲਾ ਭਾਰਤ ਵਿਚ ਲੋਕ ਖ਼ੁਸ਼ ਕਿਉਂ ਨਹੀਂ ਹਨ? ਕਿਉਂ ਭਾਰਤੀ ਲੋਕਾਂ ਦੀ ਖ਼ੁਸ਼ੀ ਦਾ ਗ੍ਰਾਫ਼ ਹੇਠਾਂ ਜਾ ਰਿਹਾ ਹੈ?

ਭਾਰਤੀ ਸੱਭਿਆਚਾਰ ਵਿਚ ਟੱਬਰ ਨੂੰ ਗੁੰਦ ਕੇ ਰੱਖਣ ਅਤੇ ਜ਼ਿੰਮੇਵਾਰੀਆਂ ਲੱਦਣ ਦਾ ਬਹੁਤ ਵੱਡਾ ਨੁਕਤਾ ਸ਼ਾਮਲ ਹੈ। ਇਸ ਤੋਂ ਇਲਾਵਾ ਸਹੀ ਮੌਕੇ ਦੀ ਉਡੀਕ ਵਿਚ ਲਗਪਗ ਪੂਰੀ ਉਮਰ ਹੀ ਲੰਘਾ ਦਿੱਤੀ ਜਾਂਦੀ ਹੈ। ਇਹ ਸਹੀ ਸਮਾਂ ਜਦੋਂ ਪਤਲੇ ਹੋਵਾਂਗੇ, ਜਦੋਂ ਬੱਚੇ ਹੋਣਗੇ, ਜਦੋਂ ਦੀਵਾਲੀ ਆਏਗੀ, ਜਦੋਂ ਤਨਖ਼ਾਹ ਮਿਲੇਗੀ, ਜਦੋਂ ਗਰਮੀਆਂ ਦੀਆਂ ਛੁੱਟੀਆਂ ਹੋਣਗੀਆਂ ਆਦਿ ਨਾਲ ਸਾਡਾ ਦਿਮਾਗ਼ ਇਹ ਸੋਚ ਪਾਲ ਲੈਂਦਾ ਹੈ ਕਿ ਹਾਲੇ ਮੌਜ ਮਸਤੀ, ਵਿਹਲੇ ਹੋਣ ਜਾਂ ਖ਼ੁਸ਼ ਹੋਣ ਦਾ ਸਹੀ ਸਮਾਂ ਨਹੀਂ ਹੈ।

ਕਈ ਜਣੇ 'ਸਹੀ ਸਮਾਂ' ਰਿਟਾਇਰਮੈਂਟ ਤੋਂ ਬਾਅਦ ਦਾ ਮੰਨ ਲੈਂਦੇ ਹਨ। ਕੁਝ ਘਰ ਬਣ ਜਾਣ ਬਾਅਦ ਨੂੰ ਤੇ ਕੁੱਝ ਵਧੀਆ ਸਰਕਾਰੀ ਨੌਕਰੀ ਹਾਸਲ ਕਰਨ ਤਕ ਉਡੀਕਦੇ ਰਹਿੰਦੇ ਹਨ।

ਅਜਿਹੀ ਮੰਜ਼ਿਲ ਹਾਸਲ ਕਰਨ ਵੇਲੇ ਤਕ ਦਾ ਸਮਾਂ, ਆਪਣੇ ਆਪ ਹੀ ਕੰਮ ਕਰਦੇ ਰਹਿਣ, ਮਿਹਨਤ ਕਰਨ ਤੇ ਤਣਾਓ ਅਧੀਨ ਰਹਿਣ ਉੱਤੇ ਮਜਬੂਰ ਕਰ ਦਿੰਦਾ ਹੈ ਕਿਉਂਕਿ ਦਿਮਾਗ਼ ਸਿਰਫ਼ ਉਸੇ ਨੁਕਤੇ ਉੱਤੇ ਹੀ ਟਿਕ ਜਾਂਦਾ ਹੈ ਕਿ ਖ਼ੁਸ਼ੀ ਮਿਲਣ ਦਾ ਕਾਰਨ ਹਾਲੇ ਹਾਸਲ ਨਹੀਂ ਹੋਇਆ। ਸੋ ਹੋਰ ਨਿੱਠ ਕੇ ਕੰਮ ਕਰਦੇ ਰਹੋ, ਭਾਵੇਂ ਲੁੱਟਾਂ-ਖੋਹਾਂ ਹੀ ਕਿਉਂ ਨਾ ਕਰਨੀਆਂ ਪੈਣ!

ਕਈ ਵਾਰ 'ਉਹ ਸਮਾਂ' ਆਉਂਦਾ ਹੀ ਨਹੀਂ। ਅਜਿਹੀ ਜ਼ਿੰਦਗੀ ਸਿਰਫ਼ ਜੂਝਣ, ਢਹਿੰਦੀ ਕਲਾ ਸਮੇਟਣ ਤੇ ਕੰਮ ਕਾਰ ਕਰਦਿਆਂ ਹੀ ਮੁੱਕ ਜਾਂਦੀ ਹੈ।

'ਜਦੋਂ' ਦੇ ਚੱਕਰਵਿਊ ਵਿਚ ਮਨ ਆਪਣੇ ਆਲੇ-ਦੁਆਲੇ ਦੇ ਖ਼ੁਸ਼ੀ ਦੇ ਮੌਕਿਆਂ ਦਾ ਇਹਸਾਸ ਹੀ ਨਹੀਂ ਕਰ ਸਕਦਾ।

ਅਜਿਹੀ ਹੀ ਇਕ 'ਜਦੋਂ' ਹੁੰਦੀ ਹੈ, ਕਰੋੜਪਤੀ ਬਣਨ ਦੀ ਚਾਹ। ਇਹ ਲੋੜ ਬੰਦੇ ਨੂੰ ਵਿਆਹ ਦੇ ਸਮਾਗਮ ਉੱਤੇ ਵੀ ਆਪਣੇ ਮੋਬਾਈਲ ਉੱਤੇ ਆਪਣੇ ਅਧੀਨ ਕੰਮ ਕਰਦੇ ਲੋਕਾਂ ਨੂੰ ਨਸੀਹਤਾਂ ਦੇਣ, ਹੁਕਮ ਦੇਣ ਜਾਂ ਆਰਡਰ ਮੰਗਵਾਉਣ ਤਕ ਹੀ ਸੀਮਤ ਕਰ ਦਿੰਦੀ ਹੈ। ਆਲੇ-ਦੁਆਲੇ ਖਿੱਲਰੇ ਹਾਸੇ ਵੀ ਅਜਿਹੇ ਇਨਸਾਨ ਨੂੰ ਸ਼ੋਰ ਸ਼ਰਾਬਾ ਲੱਗਦੇ ਹਨ। ਫ਼ੋਨ ਸੁਣਨ ਲਈ ਦੂਜੇ ਕੰਨ ਉੱਤੇ ਉਂਗਲ ਰੱਖ ਕੇ ਹਾਸੇ ਦੀ ਆਵਾਜ਼ ਬੰਦ ਕਰਨ ਜਾਂ ਉਸ ਥਾਂ ਤੋਂ ਬਾਹਰ ਨਿਕਲਣਾ ਆਮ ਹੀ ਰੁਝਾਨ ਬਣ ਚੁੱਕਿਆ ਹੈ। ਵਿਰਲਾ ਹੀ ਕੋਈ ਵਿਆਹ ਦੇ ਸਮਾਗਮਾਂ ਜਾਂ ਦੋਸਤਾਂ ਵਿਚ ਬਹਿ ਕੇ ਆਪਣਾ ਮੋਬਾਈਲ ਬੰਦ ਕਰਦਾ ਹੈ।

ਬਿਲਕੁਲ ਇੰਜ ਹੀ ਘਰ ਮੁੜਦਿਆਂ ਬੱਚੇ ਨੂੰ ਜੱਫੀ ਪਾਉਂਦਿਆਂ ਫ਼ੋਨ ਵੱਜ ਪਵੇ ਤਾਂ ਬੱਚਾ ਪਰ੍ਹਾਂ ਧੱਕ ਕੇ, ਬੱਚੇ ਨੂੰ ਖਿਝ ਕੇ ਚੁੱਪ ਕਰਵਾ ਕੇ, ਆਪਣੇ ਫ਼ੋਨ ਉੱਤੇ ਹਦਾਇਤਾਂ ਦੇਣੀਆਂ ਜਾਂ ਸੁਣਨ ਨੂੰ ਤਰਜੀਹ ਦਿੱਤੀ ਜਾਂਦੀ ਹੈ।

ਜਦੋਂ ਹੀ ਕਰੋੜਪਤੀ ਵਾਲੀ ਸੋਚ ਪੂਰੀ ਹੋ ਜਾਵੇ ਤਾਂ ਹੋਰ ਕਮਾਉਣ ਦੀ ਚਾਹ ਜਕੜ ਲੈਂਦੀ ਹੈ। ਇਸੇ ਤਰ੍ਹਾਂ ਕਰਦਿਆਂ ਸਾਈਕਲ ਦੇ ਪਹੀਏ ਵਾਂਗ ਘੁੰਮਦਿਆਂ ਜ਼ਿੰਦਗੀ ਮੁੱਕ ਜਾਂਦੀ ਹੈ ਪਰ ਕਰੋੜਪਤੀ ਤੋਂ ਖ਼ਰਬਾਂਪਤੀ ਬਣਨ ਦਾ ਚੱਕਰ ਨਹੀਂ ਮੁੱਕਦਾ।

ਇਹੋ ਜਿਹੇ ਲੱਖਾਂ ਲੋਕ ਇਸ ਵੇਲੇ ਤਣਾਓ ਅਧੀਨ ਘੁੰਮ ਰਹੇ ਹਨ ਕਿਉਂਕਿ ਇਹ ਸਾਰੇ ਆਪਣੇ 'ਜਦੋਂ' ਦੀ ਲੋੜ ਪੂਰੀ ਕਰਨ ਨੂੰ ਕਾਹਲੇ ਜ਼ਿੰਦਗੀ ਜੀਊਣ ਭਾਰੇ ਭੁੱਲ ਚੁੱਕੇ ਹਨ।

ਇਹੀ ਤਣਾਓ ਤੇ ਹੋਰ ਪਾਉਣ ਦੀ ਚਾਹ ਜਨਮ ਦਿੰਦੀ ਹੈ ਮਾਨਸਿਕ ਤੇ ਸਰੀਰਕ ਰੋਗਾਂ ਨੂੰ। ਕੋਈ ਹਾਰਟ ਅਟੈਕ, ਕੋਈ ਬਲੱਡ ਪ੍ਰੈਸ਼ਰ, ਕੋਈ ਕੈਂਸਰ, ਐਲਰਜੀ, ਚਮੜੀ ਦੇ ਰੋਗ, ਜੋੜਾਂ ਦੇ ਦਰਦ, ਨਿਪੁੰਸਕਤਾ, ਦਮਾ, ਪਾਸਾ ਮਾਰਿਆ ਜਾਣਾ, ਐਨਜਾਈਨਾ, ਸ਼ੱਕਰ ਰੋਗ, ਆਦਿ ਨਾਲ ਜੂਝਦਾ ਤੇ ਆਪਣੇ ਨਸੀਬ ਨੂੰ ਕੋਸਦਾ ਹੌਲੀ-ਹੌਲੀ ਕੋਈ ਆਸਰਾ ਭਾਲਦਾ ਕਿਸੇ ਵੈਦ, ਹਕੀਮ, ਜੋਤਸ਼ੀ ਜਾਂ ਬਾਬੇ ਕੋਲ ਪਹੁੰਚ ਜਾਂਦਾ ਹੈ ਕਿ ਜ਼ਿੰਦਗੀ ਵਿਚ ਖ਼ੁਸ਼ੀ ਹੈ ਹੀ ਨਹੀਂ, ਨਿਰਾ ਕਲੇਸ਼ ਤੇ ਦੁੱਖ ਹੀ ਹੈ! ਫਿਰ ਉਸ ਤੋਂ ਨਿਜਾਤ ਪਾਉਣ ਲਈ ਹਰ ਕਿਸਮ ਦੇ ਢਕੌਂਸਲੇ ਸ਼ੁਰੂ ਹੋ ਜਾਂਦੇ ਹਨ।

ਕੋਈ ਕਾਲੀ ਦਾਲ ਵੰਡਣ ਦੇ ਚੱਕਰ ਵਿਚ, ਕੋਈ ਅਖੰਡ ਪਾਠ ਕਰਵਾਉਣ, ਕੋਈ ਹਰਿਦੁਆਰ ਜਾਣ ਤੇ ਕੋਈ ਕੀੜੀਆਂ ਨੂੰ ਚੌਲ ਪਾਉਣ ਵੱਲ ਰੁੱਝ ਜਾਂਦਾ ਹੈ। ਇਨ੍ਹਾਂ ਵਿੱਚੋਂ ਕੋਈ ਆਪਣੇ ਹੀ ਬੱਚੇ ਦਾ ਪਹਿਲਾ ਕਦਮ ਪੁੱਟਣ ਉੱਤੇ ਖ਼ੁਸ਼ੀ ਨਾਲ ਝੂਮ ਕੇ ਖਿੜਖਿੜਾ ਕੇ ਹੱਸਦਾ ਨਹੀਂ। ਨਾ ਹੀ ਇਨ੍ਹਾਂ ਵਿੱਚੋਂ ਕਿਸੇ ਨੂੰ ਇਹ ਪਤਾ ਹੁੰਦਾ ਹੈ ਕਿ ਅੱਜ ਉਨ੍ਹਾਂ ਦੇ ਬੱਚੇ ਨੇ ਪੈਨਸਿਲ ਨਾਲ ਪਹਿਲੀ ਟੇਢੀ ਮੇਢੀ ਲਕੀਰ ਕਾਗਜ਼ ਉੱਤੇ ਵਾਹੀ ਹੈ ਜਿਸ ਨੂੰ ਵਿਖਾਉਣ ਲਈ ਬੱਚਾ ਆਪਣੇ ਮਾਪਿਆਂ ਕੋਲ ਰਿੜ੍ਹਦਾ ਆਪਣੀ ਤੋਤਲੀ ਜ਼ਬਾਨ ਨਾਲ ਬੁਲਾਉਂਦਾ, ਮੋਹ ਜਤਾਉਂਦਾ ਘੁੰਮ ਰਿਹਾ ਹੈ।

ਆਪਣੇ ਹੀ ਫ਼ੋਨਾਂ ਵਿਚ ਰੁੱਝੇ, ਇਕ ਦੂਜੇ ਨੂੰ ਮਿਹਣੇ ਮਾਰਦੇ ਤੇ ਆਪਣੀ ਫੁੱਟੀ ਕਿਸਮਤ ਨੂੰ ਕੋਸਦੇ ਬਥੇਰੇ ਜਣੇ ਅਜਿਹੇ ਖ਼ੁਸ਼ੀ ਵਾਲੇ ਪਲ ਮਹਿਸੂਸ ਕਰ ਹੀ ਨਹੀਂ ਸਕਦੇ। ਇਸ ਦੇ ਨਾਲ ਜੁੜ ਜਾਂਦਾ ਹੈ ਦੂਜੇ ਨਾਲ ਆਪਣੇ ਆਪ ਨੂੰ ਮੇਚਣਾ! ਦੂਜੇ ਦੀ ਆਮਦਨ ਮੇਰੇ ਤੋਂ ਵੱਧ, ਦੂਜਾ ਮੇਰੇ ਤੋਂ ਵੱਧ ਖ਼ੁਸ਼, ਉਸ ਦੀ ਵਹੁਟੀ ਸੋਹਣੀ, ਉਸ ਦੀ ਬੇਟੀ ਵਧੀਆ ਨੌਕਰੀ 'ਤੇ, ਉਸ ਦਾ ਘਰ ਵੱਡਾ, ਉਸ ਦੀ ਕਾਰ ਵੱਡੀ, ਉਸ ਕੋਲ ਨੌਕਰ ਵੱਧ, ਰੁਤਬਾ ਵੱਡਾ, ਆਦਿ ਦੀ ਸੋਚ ਮਨ ਦੇ ਕਿਸੇ ਕੋਨੇ ਵਿਚ ਫਸੀ ਰਤਾ ਮਾਸਾ ਖ਼ੁਸ਼ੀ ਵੀ ਬਾਹਰ ਕੱਢ ਕੇ ਸਿਰਫ਼ ਨਿਰਾਸ਼ਾ ਭਰ ਦਿੰਦੇ ਹਨ। ਇੰਜ ਦੂਜੇ ਨੂੰ ਢਾਅ ਲਾਉਣ ਦਾ ਸਿਲਸਿਲਾ ਵੀ ਚਾਲੂ ਹੋ ਜਾਂਦਾ ਹੈ ਕਿ ਦੂਜੇ ਨੂੰ ਹੇਠਾਂ ਖਿੱਚਾਂਗੇ ਤਾਂ ਹੀ ਖ਼ੁਸ਼ੀ ਮਹਿਸੂਸ ਹੋਵੇਗੀ।

ਵੱਡੀ ਪੱਧਰ ਉੱਤੇ ਅਜਿਹੀ ਸੋਚ ਪਸਰੀ ਵੇਖ ਕੇ ਤਣਾਓ ਮੀਟਰ ਨੇ ਆਪੇ ਉੱਤੇ ਚੜ੍ਹ ਜਾਣਾ ਹੋਇਆ ਤੇ ਖ਼ੁਸ਼ੀ ਦੇ ਮੀਟਰ ਨੇ ਜ਼ੀਰੋ ਉੱਤੇ ਪਹੁੰਚ ਜਾਣਾ ਹੋਇਆ।

ਜਦੋਂ ਕਾਲੀ ਦਾਲ ਵੰਡਣ ਬਾਅਦ ਵੀ ਖ਼ੁਸ਼ੀ ਵਾਪਸ ਨਾ ਮਿਲੇ ਤਾਂ ਖਿਝ ਤੇ ਗੁੱਸੇ ਨਾਲ ਭਰੇ ਕੁਝ ਲੋਕ ਆਪਣੇ ਘਰ ਦੇ ਬੱਚਿਆਂ ਤੇ ਵਹੁਟੀ ਨੂੰ ਮਾਰਨ ਕੁੱਟਣ ਲੱਗ ਪੈਂਦੇ ਹਨ।

ਜਦੋਂ ਗੁੱਸੇ ਤੇ ਖਿਝ ਦੀ ਚਰਮ ਸੀਮਾ ਹੋਵੇ ਤਾਂ ਕਤਲ ਜਾਂ ਬਲਾਤਕਾਰ ਤਕ ਕਰ ਦਿੱਤਾ ਜਾਂਦਾ ਹੈ। ਇਹ ਸਭ ਕਰਨ ਬਾਅਦ ਵੀ ਖ਼ੁਸ਼ੀ ਨਦਾਰਦ! ਖ਼ੁਸ਼ੀ ਹੈ ਤਾਂ ਚੁਫ਼ੇਰੇ ਪਰ ਅਸੀਂ ਮਹਿਸੂਸ ਕਰਨਾ ਭੁੱਲ ਚੁੱਕੇ ਹਾਂ। 'ਹੋਰ' ਤੇ 'ਜਦੋਂ' ਦੇ ਚੱਕਰਵਿਊ ਵਿਚ ਸ਼ੁਕਰਾਨਾ ਕਿਧਰੇ ਗੁੰਮ ਹੋ ਗਿਆ ਹੈ। ਖ਼ੁਸ਼ੀ ਲੱਭਣ ਲਈ ਰਸਤਾ ਭਾਲਦਿਆਂ ਰਸਤੇ ਵਿਚ ਪਈ ਖ਼ੁਸ਼ੀ ਨੂੰ ਮਿੱਧ ਕੇ ਲੰਘ ਜਾਂਦੇ ਹਾਂ।

ਹਰ ਰੋਜ਼ ਸੂਰਜ ਦੀ ਪਹਿਲੀ ਕਿਰਨ ਨਾਲ ਸਾਰੇ ਘਰਾਂ ਵਿਚ ਖ਼ੁਸ਼ੀ ਵੜਦੀ ਹੈ, ਪਰ ਕਿੰਨੇ ਜਣੇ ਮਹਿਸੂਸ ਕਰ ਰਹੇ ਹਨ? ਲੱਖਾਂ ਅੱਜ ਦੇ ਦਿਨ ਦੁਨੀਆ ਭਰ ਵਿਚ ਕੂਚ ਕਰ ਚੁੱਕੇ ਹਨ ਜਾਂ ਜਾਣੇ ਹਨ, ਪਰ ਅਸੀਂ ਅੱਖਾਂ ਖੋਲ੍ਹ ਕੇ ਨਵਾਂ ਦਿਨ ਚੜ੍ਹਦੇ ਵੇਖਿਆ ਹੈ। ਹੋ ਗਏ ਨਾ ਅਸੀਂ ਵਿਲੱਖਣ! ਕਿੰਨੀ ਖ਼ੁਸ਼ੀ ਦੀ ਗੱਲ ਹੈ ਕਿ ਅਸੀਂ ਜ਼ਿੰਦਾ ਹਾਂ! ਜੇ ਜ਼ਿੰਦਾ ਹਾਂ, ਤਾਂ ਹੀ ਕੁਝ ਕਰ ਸਕਾਂਗੇ, ਵਰਨਾ ਤਾਂ ਘਰ ਵਿਚ ਮਾਤਮ ਹੁੰਦਾ! ਇਕ ਹੋਰ ਦਿਨ ਜ਼ਿੰਦਗੀ ਦਾ ਮਿਲ ਗਿਆ! ਜਸ਼ਨ ਦੀ ਗੱਲ ਹੋ ਗਈ। ਇਸ ਦਾ ਮਤਲਬ ਹੈ ਕਿ ਖ਼ੁਸ਼ੀ ਤਾਂ ਅੱਖਾਂ ਖੋਲ੍ਹਦੇ ਹੀ ਮਿਲ ਗਈ।

ਦੂਜੀ ਵੱਡੀ ਗੱਲ! ਅਸੀਂ ਵੇਖ ਸਕਦੇ ਹਾਂ! ਕਿੰਨੇ ਅੱਜ ਦੇ ਦਿਨ ਉੱਠ ਕੇ ਵੇਖ ਨਹੀਂ ਸਕੇ! ਕੁਝ ਸੁਣ ਨਹੀਂ ਸਕੇ, ਕੁਝ ਤੁਰ ਨਹੀਂ ਸਕੇ! ਅਸੀਂ ਵੇਖਿਆ ਵੀ, ਚਿੜੀਆਂ ਦਾ ਚਹਿਕਣਾ ਸੁਣਿਆ ਵੀ ਤੇ ਆਪਣੇ ਪੈਰਾਂ ਉੱਤੇ ਖੜ੍ਹੇ ਵੀ ਹੋ ਸਕੇ ਹਾਂ! ਫਿਰ ਭਲਾ ਹੱਥ ਜੋੜ ਕੇ ਕੁਦਰਤ ਦਾ ਧੰਨਵਾਦ ਕਿਉਂ ਨਹੀਂ ਕੀਤਾ?

ਇਹ ਧੰਨਵਾਦ ਤੇ ਸ਼ੁਕਰਾਨਾ ਹੀ ਖ਼ੁਸ਼ੀ ਦੇ ਮੀਟਰ ਵਿਚ ਵਾਧਾ ਕਰਦਾ ਹੈ। ਅੱਜ ਪੂਰਾ ਦਿਨ ਅਸੀਂ ਤੁਰ ਫਿਰ ਕੇ, ਕੰਮ ਕਰ ਕੇ, ਪੈਸਾ ਕਮਾ ਕੇ ਰਾਤ ਮੰਜੇ ਉੱਤੇ ਪੈ ਸਕੇ ਹਾਂ। ਇਸ ਦਾ ਮਤਲਬ ਹੈ ਅਨੇਕ ਖ਼ੁਸ਼ੀ ਦੇ ਪਲ ਅਸੀਂ ਵੇਖੇ ਹੋਣਗੇ ਪਰ ਮਹਿਸੂਸ ਨਹੀਂ ਕੀਤੇ। ਇਸ ਦਾ ਮਤਲਬ ਹੈ ਕਿ ਰਾਤ ਨੂੰ ਸੌਣ ਤੋਂ ਪਹਿਲਾਂ ਵੀ ਆਪਣੇ ਜ਼ਿੰਦਾ ਰਹਿਣ ਤੇ ਤੰਦਰੁਸਤ ਰਹਿਣ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ।

ਖ਼ੁਸ਼ੀ ਹਾਸਲ ਕਰਨ ਲਈ ਤਾਂ ਏਨਾ ਹੀ ਬਥੇਰਾ ਹੁੰਦਾ ਹੈ ਕਿ ਲੰਘਦੇ ਜਾਂਦੇ ਬੰਦਿਆਂ ਵੱਲ ਵੇਖ ਕੇ ਮੁਸਕਰਾ ਲਿਆ ਜਾਏ। ਜਿਹੜਾ ਫ਼ੋਨ ਤੋਂ ਪਰ੍ਹਾਂ ਹੋਏਗਾ ਤੇ ਖਿਝਦਾ ਕ੍ਰਿਝਦਾ ਨਾ ਲੰਘਿਆ ਹੋਵੇਗਾ, ਉਨ੍ਹਾਂ ਵਿੱਚੋਂ ਕੋਈ ਇਕ ਹੋ ਸਕਦਾ ਹੈ, ਮੁਸਕਾਨ ਦੇ ਬਦਲੇ ਚਿਹਰੇ ਉੱਤੇ ਮੁਸਕਾਨ ਲੈ ਆਵੇ! ਲਓ ਜੀ ਹੋ ਗਿਆ ਸਿਲਸਿਲਾ ਸ਼ੁਰੂ ਖ਼ੁਸ਼ੀ ਹਾਸਲ ਕਰਨ ਦਾ!

ਨਾ ਦਾਲ ਵੰਡਣੀ ਪਈ, ਨਾ ਡੇਰੇ ਦੇ ਗੇੜੇ ਤੇ ਖ਼ੁਸ਼ੀ ਆਪਣੇ ਆਪ ਹਾਸਲ ਹੋ ਗਈ। ਕੰਮ ਕੀ ਕੀਤਾ? ਸਿਰਫ਼ ਮੱਥੇ ਉੱਤੇ ਪਈਆਂ ਤਿਊੜੀਆਂ ਹਟਾ ਕੇ ਬੁੱਲਾਂ ਨੂੰ ਫਰਕਣ ਦੀ ਖੁੱਲ੍ਹ ਦਿੱਤੀ!

ਘਰ ਵਾਪਸ ਪਹੁੰਚ ਕੇ ਬੱਚਿਆਂ ਨੂੰ ਘੁੱਟ ਕੇ ਪਾਈ ਜੱਫੀ ਤੇ ਵਹੁਟੀ ਨਾਲ ਕੀਤੀਆਂ ਦੋ ਪਿਆਰ ਦੀਆਂ ਗੱਲਾਂ ਜਾਂ ਦੋਸਤ ਨਾਲ ਕੀਤਾ ਖ਼ੁਸ਼ੀ ਦਾ ਇਜ਼ਹਾਰ ਹੀ ਮਨ ਨੂੰ ਮਹਿਕਾਉਣ ਲਈ ਬਥੇਰਾ ਹੁੰਦਾ ਹੈ।

ਕੁਦਰਤ ਨੇ ਤਾਂ ਚੁਫ਼ੇਰੇ ਜ਼ਿੰਦਗੀ ਜੀਊਣ ਦਾ ਢੰਗ ਸਮਝਾਉਣ ਦਾ ਜਤਨ ਕੀਤਾ ਪਿਆ ਹੈ। ਡੂੰਘਾ ਪਾਣੀ ਸ਼ਾਂਤ ਵਹਿੰਦਾ ਹੈ ਪਰ ਥੋੜ੍ਹਾ ਪਾਣੀ ਸ਼ੋਰ ਮਚਾਉਂਦਾ ਲੰਘਦਾ ਹੈ। ਇਹੀ ਵਧੀਆ ਸ਼ਖ਼ਸੀਅਤ ਵਾਲੇ ਇਨਸਾਨ ਦਾ ਗੁਣ ਹੋਣਾ ਚਾਹੀਦਾ ਹੈ। ਪਾਣੀ ਭਾਵੇਂ ਨਿਵਾਣ ਵੱਲ ਵਹੇ, ਪਰ ਉਸ ਵਿਚ ਤਾਕਤ ਹੈ ਕਿ ਸਾਹਮਣੇ ਪਏ ਪੱਥਰ ਨੂੰ ਚੀਰ ਕੇ ਆਪਣਾ ਰਾਹ ਬਣਾ ਸਕਦਾ ਹੈ। ਮਿੱਟੀ ਵੀ ਤਾਂ ਹਰ ਤਰ੍ਹਾਂ ਦੇ ਰੂਪ ਵਿਚ ਢਲ ਜਾਂਦੀ ਹੈ, ਭਾਵੇਂ ਫਸਲ ਹੋਵੇ ਤੇ ਭਾਵੇਂ ਨਦੀਨ, ਆਪਣੇ ਵਿਚ ਉੱਗ ਲੈਣ ਦਿੰਦੀ ਹੈ। ਸਾਰੇ ਜਣੇ ਰਲ ਮਿਲ ਕੇ ਖੇੜਾ ਵੰਡਦੇ ਰਹਿਣ ਤੇ ਇਕ ਦੂਜੇ ਨਾਲ ਮਿਲਵਰਤਣ ਰੱਖਣ। ਇਕ ਜਣਾ ਗੁੱਸੇ ਵਿਚ ਹੈ ਤਾਂ ਦੂਜਾ ਕੁਝ ਪਲ ਸ਼ਾਂਤ ਰਹਿ ਜਾਵੇ! ਜਿਉਂ ਹੀ ਪਹਿਲੇ ਦਾ ਗੁੱਸਾ ਘਟਿਆ, ਉਸ ਆਪੇ ਨੇੜੇ ਆ ਜਾਣਾ ਹੈ। ਪਰ, ਇਕ ਗੱਲ ਦਾ ਧਿਆਨ ਰੱਖਣਾ ਜ਼ਰੂਰੀ ਹੈ। ਜੋ ਬੀਜਿਆ ਜਾਵੇ, ਉੱਗਦਾ ਉਹੀ ਹੈ। ਧਤੂਰਾ ਬੀਜ ਕੇ ਅੰਬ ਨਹੀਂ ਲਾਹੇ ਜਾ ਸਕਦੇ।

ਇੰਜ ਹੀ ਗੁੱਸਾ ਵੰਡਣ ਨਾਲ ਪਿਆਰ ਹਾਸਲ ਨਹੀਂ ਹੋ ਸਕਦਾ ਤੇ ਨਾ ਹੀ ਖ਼ੁਸ਼ੀ! ਸੋ ਖ਼ੁਸ਼ੀ ਹਾਸਲ ਕਰਨ ਲਈ ਵੰਡਣੀ ਵੀ ਖ਼ੁਸ਼ੀ ਹੀ ਪੈਂਦੀ ਹੈ, ਕਾਲੀ ਦਾਲ ਨਹੀਂ! ਔਖੇ ਸਮੇਂ ਵਿਚ ਵੀ ਜ਼ਿੰਦਾ ਰਹਿਣ ਦਾ ਸ਼ੁਕਰਾਨਾ ਕਰਦੇ ਸਾਰ ਉਹ ਸਮਾਂ ਜਰ ਜਾਣ ਦੀ ਹਿੰਮਤ ਮਿਲ ਜਾਂਦੀ ਹੈ। ਫਿਰ ਉਡੀਕ ਕਾਹਦੀ ਹੈ? ਚਲੋ ਸਾਰੇ ਰਲ ਮਿਲ ਕੇ ਭਾਰਤੀ ਲੋਕਾਂ ਦੇ ਖ਼ੁਸ਼ੀ ਦੇ ਮੀਟਰ ਨੂੰ ਉਤਾਂਹ ਚੁੱਕੀਏ ਤੇ ਦੁਨੀਆ ਦੇ ਚੋਟੀ ਦੇ 10 ਮੁਲਕਾਂ ਵਿਚ ਸ਼ਾਮਲ ਹੋ ਜਾਈਏ!

ਇਹ ਵੀ ਚੇਤੇ ਰੱਖਣ ਦੀ ਗੱਲ ਹੈ ਕਿ ਸੰਨ 1990 ਵਿਚ ਫਿਨਲੈਂਡ ਵਿਚ ਆਤਮ ਹੱਤਿਆ ਕਰਨ ਦਾ ਰੁਝਾਨ ਚਰਮ ਸੀਮਾ ਉੱਤੇ ਸੀ। ਪਰ, ਅੱਜ ਉਹੀ ਮੁਲਕ ਖ਼ੁਸ਼ੀ ਦੇ ਮੀਟਰ ਵਿਚ ਪਹਿਲਾ ਨੰਬਰ ਹਾਸਲ ਕਰ ਚੁੱਕਿਆ ਹੈ। ਕਾਰਨ ਇਹ ਕਿ ਪਹਿਲਾਂ ਉਹ ਲੋਕ ਮਨ ਅੰਦਰ ਮਾੜੀਆਂ ਗੱਲਾਂ ਡੂੰਘੀਆਂ ਵਸਾਈ ਰੱਖਦੇ ਸਨ, ਪਰ ਹੁਣ ਢਹਿੰਦੀ ਕਲਾ ਦਾ ਇਲਾਜ ਛੇਤੀ ਕਰਵਾ ਕੇ ਪੈਸੇ ਵੱਧ ਕਮਾਉਣ ਨਾਲੋਂ ਖ਼ੁਸ਼ੀ ਵੱਧ ਮਹਿਸੂਸ ਕਰਨ ਨੂੰ ਤਰਜੀਹ ਦੇਣ ਲੱਗ ਪਏ ਹਨ। ਸਾਨੂੰ ਵੀ ਇਹੀ ਸਿੱਖਣ ਦੀ ਲੋੜ ਹੈ ਕਿ ਪੈਸੇ ਕਮਾਉਂਦਿਆਂ ਜ਼ਿੰਦਗੀ ਖ਼ਤਮ ਕਰਨ ਨਾਲੋਂ ਜਿੰਨੀ ਵੀ ਬਚੀ ਹੈ, ਉਸ ਜ਼ਿੰਦਗੀ ਨੂੰ ਜੀਅ ਕੇ ਵੇਖ ਲਈਏ! •

**ਵਰਲਡ ਇਕੋਨੌਮਿਕ ਫੋਰਮ ਵੱਲੋਂ '2019 ਵਰਲਡ ਹੈਪੀਨੈੱਸ' ਰਿਪੋਰਟ ਵਿਚ 156 ਮੁਲਕਾਂ ਉੱਤੇ ਕੀਤੇ ਸਰਵੇਖਣ ਅਨੁਸਾਰ :-**

| | |
|---|---|
| ਫਿਨਲੈਂਡ-ਪਹਿਲਾ ਨੰਬਰ | ਕਨੇਡਾ |
| ਡੈਨਮਾਰਕ | ਆਸਟ੍ਰੀਆ |
| ਨਾਰਵੇ | ਯੂ.ਕੇ. 15ਵੇਂ ਨੰਬਰ |
| ਆਈਸਲੈਂਡ | ਆਇਰਲੈਂਡ 16ਵੇਂ |
| ਨੀਦਰਲੈਂਡ/ਹੋਲੈਂਡ | ਯੂ.ਐਸ.ਏ. 19ਵੇਂ ਨੰਬਰ |
| ਸਵਿਟਜ਼ਰਲੈਂਡ | ਪਾਕਿਸਤਾਨ 67ਵੇਂ |
| ਸਵੀਡਨ | ਭਾਰਤ 140ਵੇਂ |
| ਨਿਊਜ਼ੀਲੈਂਡ | |

**ਕਿਸ ਆਧਾਰ ਉੱਤੇ :-**

1. ਜੀ.ਡੀ.ਪੀ
2. ਸਰਕਾਰੀ ਮਦਦ ਤੇ ਇਕ ਦੂਜੇ ਦਾ ਸਹਾਰਾ ਬਣਨਾ
3. ਲੰਮੀ ਉਮਰ ਭੋਗਣਾ
4. ਆਪਣੀ ਜ਼ਿੰਦਗੀ ਨੂੰ ਜਿਊਣ ਦਾ ਢੰਗ ਆਪਣੇ ਹਿਸਾਬ ਨਾਲ
5. ਭ੍ਰਿਸ਼ਟਾਚਾਰ
6. ਖੁੱਲ੍ਹਦਿਲੀ



# ਹੱਸਣ ਦੀ ਆਦਤ ਪਾ ਸੱਜਣਾ

• ਇਕਵਾਕ ਸਿੰਘ ਪੱਟੀ

**ਹੱਸਣ ਦਾ ਸਿੱਧਾ ਸਬੰਧ ਸਾਡੇ ਸੁਭਾਅ ਅਤੇ ਆਲੇ ਦੁਆਲੇ ਦੇ ਮਾਹੌਲ 'ਤੇ ਨਿਰਭਰ ਕਰਦਾ ਹੈ ਪਰ ਵਿਗਿਆਨਕ ਤੌਰ 'ਤੇ ਹੱਸਣ ਦੇ ਬਹੁਤ ਸਾਰੇ ਫ਼ਾਇਦੇ ਹੁੰਦੇ ਹਨ। ਦੋਸਤੋ ਸਾਰ ਇਹ ਹੈ ਕਿ ਹੱਸਣਾ ਅਤੇ ਹਸਾਉਣਾ ਸਾਡੀ ਜ਼ਿੰਦਗੀ ਦਾ ਹਿੱਸਾ ਹੋਣਾ ਚਾਹੀਦਾ ਹੈ ਤੇ ਹੱਸਦੇ ਖੇਡਦੇ ਜ਼ਿੰਦਗੀ ਨੂੰ ਬਿਤਾਉਣਾ ਸਾਡਾ ਮਕਸਦ। ਪਰ ਯਾਦ ਰਹੇ ਸਾਡਾ ਹਾਸਾ ਕਿਸੇ ਹੋਰ ਵਿਅਕਤੀ ਦੇ ਦਿਲ ਨੂੰ ਰੁਆ ਨਾ ਗਿਆ ਹੋਵੇ। ਇਹ ਵੀ ਖਿਆਲ ਰੱਖਣਾ ਹੈ ਕਿ ਕਿਤੇ ਸਾਰੀ ਜ਼ਿੰਦਗੀ ਬਿਨਾਂ ਵਜ੍ਹਾ ਤੇ ਹੰਕਾਰ ਵਿਚ ਨਕਲੀ ਹਾਸਾ ਹੱਸਦਿਆਂ ਹੀ ਨਾ ਨਿਕਲ ਜਾਵੇ...**

ਖ਼ੁਸ਼ ਰਹਿਣ ਨੂੰ ਇਕ ਕਲਾ ਮੰਨਿਆ ਗਿਆ ਪਰ ਇਹ ਵੀ ਸੱਚ ਹੈ ਕਿ ਅਜੋਕੇ ਦੌਰ ਵਿਚ ਇਹ ਕਲਾ ਕਿਸੇ ਵਿਰਲੇ ਦੇ ਹੀ ਵੱਸ ਵਿਚ ਹੈ। ਜਿਸ ਦਾ ਮੁੱਖ ਕਾਰਨ ਪਦਾਰਥਵਾਦ ਵਿਚ ਮਨੁੱਖਤਾ ਦਾ ਖਚਿੱਤ ਹੋ ਜਾਣਾ, ਪੈਸੇ ਦੀ ਦੌੜ, ਚਮਕ-ਦਮਕ ਵਾਲੀ ਜ਼ਿੰਦਗੀ ਦੇ ਪਿੱਛੇ ਭੱਜਣਾ, ਰਿਸ਼ਤਿਆਂ ਵਿਚ ਖਟਾਸ ਪੈਦਾ ਹੋ ਜਾਣਾ, ਤਕਨਾਲੋਜੀ ਵਿਚ ਵਿਅਸਤ ਹੋ ਜਾਣਾ, ਦਿਸਣ ਵਾਲੀਆਂ ਮਹਿੰਗੀਆਂ ਸ਼ੈਆਂ ਨੂੰ ਖ਼ਰੀਦਣ ਜਾਂ ਅਪਨਾਉਣ ਬਾਰੇ ਸੋਚਦੇ ਰਹਿਣਾ, ਦੌਲਤ-ਸ਼ੋਹਰਤ ਨੂੰ ਹੀ ਜ਼ਿੰਦਗੀ ਦਾ ਮਕਸਦ ਮੰਨ ਬੈਠਣਾ ਆਦਿ। ਪਾਵਣ ਗੁਰੂ-ਬਾਣੀ ਸਮਝਾਉਂਦੀ ਹੈ, 'ਦ੍ਰਿਸਟਿਮਾਨ ਸਭੁ ਬਿਨਸੀਐ' ਭਾਵ ਜੋ ਕੁਝ ਵੀ ਤੂੰ ਇਸ ਸੰਸਾਰ ਵਿਚ ਦੇਖ ਰਿਹਾ ਹਾਂ, ਇਹ ਸਭ ਕੁਝ ਬਿਨਸਣਹਾਰ ਭਾਵ ਨਾਸ਼ਮਾਨ ਹੈ ਅਤੇ ਰਹੀ ਗੱਲ ਇਕ ਵਾਰ ਇਨ੍ਹਾਂ ਚੀਜ਼ਾਂ/ਪਦਾਰਥਾਂ ਨੂੰ ਆਪਣਾ ਬਣਾਉਣ ਦੀ ਤਾਂ ਜਪੁਜੀ ਸਾਹਿਬ ਵਿਚ ਗੁਰੂ ਨਾਨਕ ਸਾਹਿਬ ਜੀ ਦੇ ਬਚਨ ਬੜੇ ਕਮਾਲ ਦੇ ਹਨ, 'ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ' ਕਿ ਤ੍ਰਿਸ਼ਨਾ ਤਾਂ ਸਾਰੇ ਭਵਨਾਂ ਦੇ ਖ਼ਜ਼ਾਨੇ ਇਕੱਠੇ ਕਰਨ ਤੋਂ ਬਾਅਦ ਵੀ ਖ਼ਤਮ ਨਹੀਂ ਹੋਣੀ ਤਾਂ ਫਿਰ ਕਿਉਂ ਇਨ੍ਹਾਂ ਪਿੱਛੇ ਲੱਗ ਕੇ ਆਪ ਦੁਖੀ ਹੋਣਾ ਅਤੇ ਹੋਰਨਾਂ ਨੂੰ ਦੁਖੀ ਕਰਨਾ।

ਇਸ ਬਾਬਤ ਗੁਰਬਾਣੀ ਵਿਚ ਬਹੁਤ ਸੋਹਣਾ ਦ੍ਰਿਸ਼ਟਾਂਤ ਮਿਲਦਾ ਹੈ, 'ਵਿਣੁ ਤੁਧੁ ਹੋਰੁ ਜੇ ਮੰਗਣਾ ਸਿਰਿ ਦੁਖਾ ਕੈ ਦੁਖ॥ ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ' ਕਿ ਸੰਸਾਰ ਵਿਚ ਜਨਮ ਲੈਣ ਤੋਂ ਬਾਅਦ ਰੱਬੀ ਗੁਣਾਂ ਦੇ ਨਾਲ ਸਾਂਝ ਪਾ ਲੈਣੀ ਹੀ ਅਸਲ ਸੁੱਖ ਹੈ ਅਤੇ ਇਹੋ ਇਕ ਢੰਗ ਹੈ ਜਿਸ ਨਾਲ ਅਸੀਂ ਪਰਮਾਤਮਾ ਨਾਲ ਸਾਂਝ ਪਾ ਕੇ ਐਸਾ ਰੱਜ, ਸਬਰ, ਸੰਤੋਖ ਅਤੇ ਸਹਿਨਸ਼ੀਲਤਾ ਆਪਣੇ ਮਨ ਅੰਦਰ ਪੈਦਾ ਕਰ ਸਕਦੇ ਹਾਂ ਜੋ ਦੁਨਿਆਵੀ ਤੌਰ 'ਤੇ ਨਾ ਤਾਂ ਖ਼ਰੀਦਿਆ ਜਾ ਸਕਦਾ ਹੈ ਨਾ ਹੀ ਹੱਟਾਂ 'ਤੇ ਵਿਕਦਾ ਹੈ।

ਮੈਂ ਅਕਸਰ ਇਹ ਕਹਿੰਦਾ ਹੁੰਦਾ ਕਿ ਹੱਸਦੇ ਰਹਿਣ ਵਾਲਾ ਮਨੁੱਖ ਆਪਣੀ ਜ਼ਿੰਦਗੀ ਦੀਆਂ ਔਖੀਆਂ ਘੜੀਆਂ ਨੂੰ ਵੀ ਬੜੇ ਸਬਰ, ਸਹਿਣਸ਼ੀਲਤਾ ਅਤੇ ਠਰੰਮੇ ਨਾਲ ਲੰਘਾ ਲੈਂਦਾ ਹੈ ਜਦਕਿ ਇਸ ਦੀ ਉਲਟ ਉਦਾਸ ਅਤੇ ਚਿੰਤਾਤੁਰ ਰਹਿਣ ਵਾਲਾ ਵਿਅਕਤੀ ਆਪਣੇ ਸਮੇਂ ਦੇ ਨਾਲ ਸਿਹਤ ਦਾ ਵੀ ਵੱਡਾ ਨੁਕਸਾਨ ਕਰ ਬੈਠਦਾ ਹੈ। ਸ਼ਾਇਦ ਇਸੇ ਕਰਕੇ ਕਿਹਾ ਗਿਆ 'ਹੱਸਦਿਆਂ ਦੇ ਘਰ ਵਸਦੇ'। ਇਸ ਲਈ ਜ਼ਰੂਰੀ ਹੈ ਕਿ ਜ਼ਿੰਦਗੀ ਵਿਚਲੇ ਉਦਾਸੀ ਦੇ ਹਨੇਰਿਆਂ ਨੂੰ ਚੀਰ ਕੇ, ਖਿੜਖਿੜਾ ਕੇ ਹੱਸਦੇ ਹੋਏ, ਅਨੰਦ ਮੰਗਲ ਜੀਵਨ ਜਿਊਣ ਕੋਸ਼ਿਸ਼ ਹੀ ਨਹੀਂ ਬਲਕਿ ਖ਼ੁਸ਼ੀਆਂ ਖੇੜਿਆਂ ਭਰੀ ਜ਼ਿੰਦਗੀ ਜੀਵਿਆ ਕਰੀਏ। ਕਿਹਾ ਜਾਂਦਾ ਹੈ ਕਿ, 'ਜਦੋਂ ਤੁਸੀਂ ਹੱਸਦੇ ਹੋ ਤਾਂ ਪਰਮਾਤਮਾ ਦੀ ਪ੍ਰਾਥਨਾ ਕਰਨ ਦੇ ਬਰਾਬਰ ਹੈ ਅਤੇ ਜਦੋਂ ਤੁਸੀਂ ਕਿਸੇ ਨੂੰ ਹਸਾਉਂਦੇ ਹੋ ਤਾਂ ਇਵੇਂ ਹੈ ਕਿ ਪਰਮਾਤਮਾ ਤੁਹਾਡੇ ਲਈ ਪ੍ਰਾਥਨਾ ਕਰ ਰਿਹਾ ਹੈ।' ਇਹ ਮੰਨਿਆ ਜਾਂਦਾ ਹੈ ਕਿ, 'ਹਾਸਾ ਇਕ ਇਹੋ ਜਿਹਾ ਹਾਂ-ਪੱਖੀ ਅਤੇ ਸ਼ਕਤੀਸ਼ਾਲੀ ਅਹਿਸਾਸ ਹੈ, ਜੋ ਸਾਨੂੰ ਨਿੱਜੀ ਤੌਰ 'ਤੇ ਅਤੇ ਦੁਨੀਆ ਨੂੰ ਬੜੇ ਹੀ ਆਨੰਦਮਈ, ਸ਼ਾਂਤੀ ਭਰੇ ਅਤੇ ਹਾਂ ਪੱਖੀ ਰਸਤੇ 'ਤੇ ਲਿਜਾਣ ਦੀ ਸਮਰੱਥਾ ਰੱਖਦਾ ਹੈ। ਹੱਸਣਾ ਅਤੇ ਹਸਾਉਣਾ ਇਕ ਕਲਾ ਹੈ। ਇਸੇ ਹੀ ਸੰਦਰਭ ਵਿਚ ਪੰਜਾਬੀ ਦੀ ਇਕ ਕਹਾਵਤ ਵੀ ਬੜੀ ਮਸ਼ਹੂਰ ਹੈ ਕਿ, 'ਹਾਸਾ ਨਿਰਾ ਪਤਾਸਾ, ਰੋਣਾ ਉਮਰਾਂ ਦਾ ਧੋਣਾ।' ਅਫਸੋਸ ਕਿ ਹੱਸਣ ਨੂੰ ਅੰਧਵਿਸ਼ਵਾਸ ਨਾਲ ਜੋੜ ਕੇ ਬੱਚਿਆਂ ਤੋਂ ਲੈ ਕੇ ਵੱਡਿਆਂ ਤਕ ਦੀ ਮਾਨਸਿਕਤਾ ਨੂੰ ਤਾਲਾ ਲਗਾ ਦਿੱਤਾ, ਅਖੇ, ਜ਼ਿਆਦਾ ਹੱਸਣ ਤੋਂ ਬਾਅਦ ਜ਼ਿਆਦਾ ਹੀ ਰੋਣਾ ਪੈਂਦਾ ਹੈ।

ਜ਼ਿਕਰਯੋਗ ਹੈ ਕਿ ਹੱਸਣ ਦਾ ਸਿੱਧਾ ਸਬੰਧ ਸਾਡੇ ਸੁਭਾਅ ਅਤੇ ਆਲੇ ਦੁਆਲੇ ਦੇ ਮਾਹੌਲ 'ਤੇ ਨਿਰਭਰ ਕਰਦਾ ਹੈ ਪਰ ਵਿਗਿਆਨਕ ਤੌਰ 'ਤੇ ਹੱਸਣ ਦੇ ਬਹੁਤ ਸਾਰੇ ਫ਼ਾਇਦੇ ਹੁੰਦੇ ਹਨ। ਮੈਰੀਲੈਂਡ ਯੂਨੀਵਰਸਿਟੀ ਦੇ ਡਾ. ਜੂਡੀ ਅਨੁਸਾਰ ਹੱਸਣ ਨਾਲ ਦਿਲ, ਫੇਫੜੇ ਤੇ ਜਿਗਰ ਦੀ ਕਸਰਤ ਹੁੰਦੀ ਹੈ ਅਤੇ ਖੁੱਲ੍ਹ ਕੇ ਹੱਸਣ ਨਾਲ ਸਾਡੇ ਸਰੀਰ ਅੰਦਰ ਊਰਜਾ ਪੈਦਾ ਹੁੰਦੀ ਹੈ ਤੇ ਪਾਚਣ ਸ਼ਕਤੀ ਨਾਲ ਸਬੰਧਤ ਰੋਗ ਠੀਕ ਹੁੰਦੇ ਹਨ, ਇਸ ਦੇ ਨਾਲ ਹੀ ਪੱਠਿਆਂ ਦਾ ਖਿਚਾਅ, ਤਣਾਅ ਵਾਲੇ ਹਾਰਮੋਨਜ਼, ਬੀ ਪੀ ਅਤੇ ਦਿਲ ਦੇ ਦੌਰੇ ਦਾ ਖ਼ਤਰਾ ਵੀ ਘੱਟ ਜਾਂਦਾ ਹੈ। ਇਕ ਖੋਜ ਅਨੁਸਾਰ 'ਹਾਸਾ ਸਾਡੇ ਤਣਾਅ ਨੂੰ ਘੱਟ ਕਰ ਕੇ ਮਾਨਸਿਕ ਤੌਰ 'ਤੇ ਸੰਤੁਸ਼ਟੀ ਦਿੰਦਾ ਹੈ।' ਪੰਜਾਬੀ ਲੋਕ ਗੀਤਾਂ ਅਤੇ ਬੋਲੀਆਂ ਵਿਚ ਤਾਂ ਹਾਸੇ ਦੀ ਵਿਸ਼ੇਸ਼ ਥਾਂ ਹੈ :

*-ਇਹ ਦੁਨੀਆ ਮੰਡੀ ਪੈਸੇ ਦੀ,*
*ਹਰ ਚੀਜ਼ ਵਿਕਦੀ ਏ ਭਾਅ ਸੱਜਣਾ*
*ਇੱਥੇ ਰੋਂਦੇ ਚਿਹਰੇ ਨਹੀਂ ਵਿਕਦੇ,*
*ਹੱਸਣ ਦੀ ਆਦਤ ਪਾ ਸੱਜਣਾ।'*
*-ਚਿੱਟੇ ਦੰਦ ਹੱਸਣੋਂ ਨਾ ਰਹਿੰਦੇ,*
*ਲੋਕੀ ਭੈੜੇ ਸ਼ੱਕ ਕਰਦੇ।*
*-ਹੱਸਦਿਆਂ ਦੇ ਘਰ ਵੱਸਦੇ।*
*-ਹਾਸਾ ਨਿਰਾ ਪਤਾਸਾ,*
*ਰੋਣਾ ਉਮਰਾਂ ਦਾ ਧੋਣਾ।*

ਪੁਰਾਣੇ ਸਮੇਂ ਵਿਚ ਸਿਆਣੇ ਬਜ਼ੁਰਗ 'ਹਮੇਸ਼ਾਂ ਹੱਸਦੇ ਵਸਦੇ ਰਹੋ' ਦੀ ਆਸੀਸ ਦਿਆ ਕਰਦੇ ਸਨ। ਵੈਸੇ ਵੀ ਹਸਮੁੱਖ ਇਨਸਾਨ ਹਰ ਇਕ ਨੂੰ ਚੰਗਾ ਲਗਦਾ ਤੇ ਹਰ ਕੋਈ ਖ਼ੁਸ਼ ਰਹਿਣਾ ਚਾਹੁੰਦਾ। ਉਤਰਾਅ-ਚੜ੍ਹਾਅ ਜ਼ਿੰਦਗੀ ਦਾ ਹਿੱਸਾ ਹਨ ਤੇ ਸੁੱਖ-ਦੁੱਖ ਇਕ ਜ਼ਰੂਰੀ ਅਹਿਸਾਸ ਹੈ। ਦੁੱਖਾਂ ਵਿਚ ਦੁਖੀ ਹੋਣਾ ਜਾਂ ਰੋਣਾ ਵੀ ਜ਼ਰੂਰੀ ਹੈ। ਇਕ ਛੋਟੀ ਜਿਹੀ ਮੁਸਕਰਾਹਟ ਦੁੱਖਾਂ ਦੇ ਵੱਡੇ-ਵੱਡੇ ਪਹਾੜਾਂ ਨੂੰ ਪਾਰ ਕਰਨ ਦੀ ਸਮਰੱਥਾ ਬਖਸ਼ਣ ਦਾ ਬਲ ਰੱਖਦੀ ਹੈ। ਦੁੱਖ ਦੀ ਗੱਲ ਕਰੀਏ ਤਾਂ ਹਰ ਮਨੁੱਖ ਦੇ ਜੀਵਨ ਵਿਚ ਕਿਸੇ ਨਾ ਕਿਸੇ ਰੂਪ ਵਿਚ ਮੌਜੂਦ ਹਨ, ਭਾਵੇਂ ਕਿ ਉਸਦਾ ਰੂਪ ਕਿਸੇ ਵੀ ਤਰ੍ਹਾਂ ਦਾ ਹੋਵੇ। ਦੁੱਖ ਤਾਂ ਦੁੱਖ ਹੈ, ਇਸ ਨੂੰ ਛੋਟਾ ਜਾਂ ਵੱਡਾ ਕਹਿ ਕੇ ਮਾਪਣਾ ਔਖਾ ਹੈ। ਇਸ ਗੱਲ ਦੀ ਗਵਾਹੀ ਬਾਬਾ ਫ਼ਰੀਦ ਜੀ ਨੇ ਗੁਰਬਾਣੀ ਅੰਦਰ ਬੜੀ ਕਮਾਲ ਦੀ ਦਿੱਤੀ ਹੈ 'ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥ ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ॥' (ਅੰਗ 1382) ਉੱਥੇ ਜਗਤ ਗੁਰੂ, ਗੁਰੂ ਨਾਨਕ ਪਾਤਸ਼ਾਹ ਦੇ ਸ਼ਬਦ, 'ਨਾਨਕ ਦੁਖੀਆ ਸਭੁ ਸੰਸਾਰ' ਵੀ ਸੰਸਾਰ ਦੇ ਅੰਦਰਲੇ ਹਾਲਾਤ ਦੇਖਕੇ ਅੱਜ ਵੀ ਬੜੇ ਵਾਜਬ ਲੱਗਦੇ ਹਨ। ਤਾਂ ਹੀ ਕਿਹਾ ਜਾਂਦਾ ਹੈ ਹਾਸਾ ਵੰਡੀਏ ਤਾਂ ਹਾਸਾ ਦੁੱਗਣਾ ਵੱਧਦਾ ਹੈ ਅਤੇ ਦੁੱਖ ਵੰਡੀਏ ਤਾਂ ਦੁੱਖ ਘੱਟਦਾ ਹੈ।

ਗੁਰਬਾਣੀ ਅੰਦਰ ਜੀਵਨ ਜਾਚ ਸਮਝਾਉਂਦਿਆਂ ਪਰਮਾਤਮਾ ਦੀ ਪ੍ਰਾਪਤੀ ਕਰਨ ਹਿੱਤ ਬੜਾ ਖ਼ੂਬਸੂਰਤ ਜ਼ਿਕਰ ਕੀਤਾ ਹੈ ਕਿ, 'ਨਾਨਕ ਸਤਿਗੁਰਿ ਭੇਟੀਐ ਪੂਰੀ ਹੋਵੈ ਜੁਗਤਿ॥ ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥' (ਅੰਗ 522) ਭਾਵ ਜੇ ਸੱਚੇ ਗੁਰੂ ਦੇ ਲੜ ਲੱਗ ਜਾਈਏ ਤਾਂ ਜੀਵਨ ਜਿਊਣ ਦੀ ਜਾਚ ਆ ਜਾਂਦੀ ਅਤੇ ਫਿਰ ਇਸ ਤਰ੍ਹਾਂ ਹੱਸਦਿਆਂ ਖੇਡਦਿਆਂ ਖਾਂਦਿਆਂ ਪਹਿਨਦਿਆਂ (ਭਾਵ ਦੁਨੀਆ ਦੇ ਸਾਰੇ ਕੰਮ ਕਾਰ ਕਰਦਿਆਂ) ਵਿਕਾਰਾਂ ਤੋਂ ਬਚੇ ਰਹੀਦਾ ਹੈ। ਸੋ ਇਹੀ ਉਦੇਸ਼ ਕਿ ਜ਼ਿੰਦਗੀ ਹੱਸ ਕੇ ਕੱਟਣੀ ਐਨੀ ਔਖੀ ਨਹੀਂ, ਜਿੰਨੀ ਦੁੱਖ ਤਕਲੀਫਾਂ ਦੀ ਨੁਮਾਇਸ਼ ਕਰ-ਕਰ ਕੇ ਝੂਠੀ ਹਮਦਰਦੀ ਹਾਸਲ ਕਰਦਿਆਂ ਕੱਟਣੀ ਔਖੀ ਹੈ। ਅੱਜ ਦੀ ਭੱਜ ਦੌੜ ਵਿਚ ਮਨੁੱਖ ਦੁਖੀ ਤਾਂ ਜ਼ਰੂਰ ਰਹਿੰਦਾ ਹੈ ਪਰ ਖ਼ੁਸ਼ ਰਹਿਣ ਲਈ ਕਦੇ ਉੱਦਮ ਨਹੀਂ ਕਰਦਾ। ਅਜੋਕੇ ਮਸ਼ੀਨੀ ਯੁੱਗ ਵਿਚ ਹਾਸਾ ਤਾਂ ਮਨੁੱਖੀ ਜੀਵਨ ਵਿੱਚੋਂ ਕਿਤੇ ਵਿਸਰ ਹੀ ਗਿਆ ਹੋਵੇ।

ਬਹੁਤ ਇਹ ਵਿਚਾਰ ਰੱਖਦੇ ਹਨ ਕਿ, 'ਜਦੋਂ ਬਹੁਤ ਪੈਸੇ ਹੋਣਗੇ ਤਾਂ ਅਸੀਂ ਘੁੰਮਣ ਫਿਰਨ ਜਾਵਾਂਗੇ' ਸਾਨੂੰ ਇਹ ਖ਼ਿਆਲ ਮੁੱਢ ਤੋਂ ਤਿਆਗ ਦੇਣਾ ਚਾਹੀਦਾ ਹੈ। ਬਿਨਾਂ ਜ਼ਿਆਦਾ ਪੈਸੇ ਖ਼ਰਚ ਕੀਤੇ, ਆਪਣੇ ਜਾਂ ਆਪਣੇ ਘਰ ਦੇ ਨੇੜਲੇ ਕਿਸੇ ਦੂਜੇ ਸ਼ਹਿਰ ਜਾ ਕੇ ਉੱਥੋਂ ਦੀ ਚਹਿਲ ਪਹਿਲ ਜਾਂ ਘੁੰਮਣ ਵਾਲੀਆਂ ਥਾਵਾਂ ਦਾ ਆਨੰਦ ਲਿਆ ਜਾ ਸਕਦਾ ਹੈ। ਨਹੀਂ ਤਾਂ ਖ਼ੁਸ਼ੀਆਂ ਨੂੰ ਨਜ਼ਰ ਅੰਦਾਜ਼ ਕਰਦੇ ਰਹਿਣ ਦੀ ਆਦਤ ਵੀ ਸਾਡੀ ਊਰਜਾ ਨੂੰ ਨਸ਼ਟ ਕਰ ਦਿੰਦੀ ਹੈ।

ਇਕ ਸਰਵੇ ਅਨੁਸਾਰ ਲਗਪਗ 65 ਫ਼ੀਸਦੀ ਤੋਂ ਜ਼ਿਆਦਾ ਲੋਕਾਂ ਕੋਲ ਹੱਸਣ ਦਾ ਸਮਾਂ ਹੀ ਨਹੀਂ ਹੈ। ਸ਼ਾਇਦ ਇਸੇ ਕਰਕੇ ਸ਼ੂਗਰ, ਦਿਲ ਦਾ ਦੌਰਾ, ਬਲੱਡ ਪ੍ਰੈਸ਼ਰ ਤੇ ਹੋਰ ਬਿਮਾਰੀਆਂ ਵਿਚ ਆਏ ਦਿਨ ਵਾਧਾ ਹੋ ਰਿਹਾ ਹੈ। ਜਦਕਿ ਡਾਕਟਰਾਂ ਦਾ ਮੰਨਣਾ ਹੈ ਕਿ ਹਰ ਦਿਨ ਸਵੇਰੇ ਹੱਸਿਆ ਜਾਵੇ ਤਾਂ ਦਿਮਾਗ਼ ਨੂੰ ਸਕੂਨ ਮਿਲਦਾ ਹੈ ਅਤੇ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਛੁਟਕਾਰਾ ਮਿਲ ਜਾਂਦਾ ਹੈ।

ਸ਼ਾਇਦ ਤਾਂ ਹੀ ਅੱਜ ਸੁਚੇਤ ਬੁੱਧੀਜੀਵੀਆਂ ਵੱਲੋਂ ਇਕ ਖ਼ਾਸ ਦਿਨ ਚੁਣ ਕੇ ਸਮੁੱਚੀ ਮਨੁੱਖਤਾ ਨੂੰ ਸਾਲ ਭਰ ਹੱਸਦੇ ਰਹਿਣ ਲਈ ਯਾਦ ਕਰਵਾਇਆ ਜਾਂਦਾ ਹੈ ਅਤੇ ਇਸ ਦਿਨ ਦਾ ਨਾਮ ਹੈ 'ਵਿਸ਼ਵ ਹਾਸਾ ਦਿਵਸ'। ਇਸਦੀ ਸ਼ੁਰੂਆਤ 11 ਜਾਂ 12 ਜਨਵਰੀ 1998 ਵਿਚ ਮੁੰਬਈ ਤੋਂ ਹੋਈ ਸੀ ਅਤੇ ਹੁਣ ਇਹ ਸਾਲ 2005 ਤੋਂ ਹਰ ਸਾਲ ਮਈ ਦੇ ਪਹਿਲੇ ਐਤਵਾਰ ਮਨਾਇਆ ਜਾਂਦਾ ਹੈ। ਇਸ ਨੂੰ ਸ਼ੁਰੂ ਕਰਨ ਵਿਚ ਸਭ ਤੋਂ ਅਹਿਮ ਯੋਗਦਾਨ ਡਾ. ਮਦਨ ਕਟਾਰੀਆ ਨੇ ਪਾਇਆ ਜਿਨ੍ਹਾਂ ਨੇ ਲਾਫਟਰ ਯੋਗਾ ਮੂਵਮੈਂਟ ਸ਼ੁਰੂ ਕੀਤੀ ਸੀ। ਇਕ ਅੰਦਾਜ਼ੇ ਅਨੁਸਾਰ ਦੁਨੀਆ ਭਰ ਵਿਚ 8000 ਦੇ ਕਰੀਬ ਲਾਫਟਰ ਕਲੱਬ ਹਨ ਜਿਸ ਵਿੱਚੋਂ ਭਾਰਤ 'ਚ ਇਨ੍ਹਾਂ ਦੀ ਗਿਣਤੀ 600 ਦੇ ਕਰੀਬ ਬਣਦੀ ਹੈ।

ਚੁਟਕਲਿਆਂ, ਲਤੀਫਿਆਂ, ਹਾਸਰਾਸ ਕਵਿਤਾਵਾਂ, ਹਾਸ ਵਿਅੰਗਾਂ ਰਾਹੀਂ ਵੀ ਮਨੁੱਖ ਨੂੰ ਹਸਾਉਣ ਦਾ ਯਤਨ ਕੀਤਾ ਜਾਂਦਾ ਰਿਹਾ ਹੈ ਅਤੇ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਪਿਛਲੇ ਕੁਝ ਸਮੇਂ ਤੋਂ ਖ਼ਾਸ ਕਰ ਕੇ ਪੰਜਾਬ ਵਿਚ ਵੱਡੇ ਪੱਧਰ 'ਤੇ ਹਾਸਰਾਸ (ਕਾਮੇਡੀ) ਵਿਸ਼ੇ ਉੱਤੇ ਵੱਡੀ ਗਿਣਤੀ ਵਿਚ ਫਿਲਮਾਂ ਦਾ ਨਿਰਮਾਣ ਹੋਇਆ ਹੈ ਅਤੇ ਰਾਸ਼ਟਰੀ ਅਤੇ ਸੂਬਾ ਪੱਧਰ ਤੇ ਚੈਨਲਾਂ 'ਤੇ ਵੀ ਕਈ ਤਰ੍ਹਾਂ ਦੇ ਕਾਮੇਡੀ ਸੀਰੀਅਲ ਵੇਖਣ ਨੂੰ ਮਿਲੇ ਅਤੇ ਮਿਲ ਰਹੇ ਹਨ, ਜਿਨ੍ਹਾਂ ਨੂੰ ਦੇਖ ਕੇ ਦਰਸ਼ਕਾਂ ਦੇ ਚਿਹਰੇ ਤੇ ਹਾਸਾ ਆਇਆ ਹੈ ਅਤੇ ਦਰਸ਼ਕਾਂ ਵੱਲੋਂ ਬੜੀ ਸ਼ਿੱਦਤ ਨਾਲ ਇਹ ਸੀਰੀਅਲ ਪਸੰਦ ਕੀਤੇ ਗਏ ਹਨ। ਕਈ ਵਾਰ ਕਲਾਕਾਰ ਹਾਸੇ-ਹਾਸੇ ਵਿਚ ਵੀ ਜ਼ਿੰਦਗੀ ਦੇ ਕਈ ਅਹਿਮ ਸੱਚ/ਤੱਤ ਸਮਝਾ ਜਾਂਦਾ ਹੈ। ਸੋ ਦੋਸਤੋ ਸਾਰ ਇਹ ਹੈ ਕਿ ਹੱਸਣਾ ਅਤੇ ਹਸਾਉਣਾ ਇਹ ਸਾਡੀ ਜ਼ਿੰਦਗੀ ਦਾ ਹਿੱਸਾ ਹੋਣਾ ਚਾਹੀਦਾ ਹੈ ਤੇ ਹੱਸਦੇ ਖੇਡਦੇ ਜ਼ਿੰਦਗੀ ਨੂੰ ਬਿਤਾਉਣਾ ਸਾਡਾ ਮਕਸਦ। ਪਰ ਯਾਦ ਰਹੇ ਸਾਡਾ ਹਾਸਾ ਕਿਸੇ ਹੋਰ ਵਿਅਕਤੀ ਦੇ ਦਿਲ ਨੂੰ ਰੁਆ ਨਾ ਗਿਆ ਹੋਵੇ। ਇਹ ਵੀ ਖਿਆਲ ਰੱਖਣਾ ਹੈ ਕਿਤੇ ਸਾਰੀ ਜ਼ਿੰਦਗੀ ਬਿਨਾਂ ਵਜ੍ਹਾ ਤੇ ਹੰਕਾਰ ਵਿਚ ਨਕਲੀ ਹਾਸਾ ਹੱਸਦਿਆਂ ਹੀ ਨਾ ਨਿਕਲ ਜਾਵੇ। •



**ਅਸੀਂ ਛੋਟੀਆਂ-ਛੋਟੀਆਂ ਗੱਲਾਂ ਆਪਣੇ ਦਿਮਾਗ਼ ਵਿਚ ਭਰੀ ਜਾਂਦੇ ਹਾਂ ਅਤੇ ਆਪਣੀ ਊਰਜਾ ਖ਼ਤਮ ਕਰਦੇ ਰਹਿੰਦੇ ਹਾਂ। ਮੁੱਖ ਗੱਲਾਂ ਲਈ ਸਾਡੇ ਕੋਲ ਵਕਤ ਹੀ ਨਹੀਂ ਹੁੰਦਾ ਜਿਸ ਕਾਰਨ ਅਸੀਂ ਸਮੱਸਿਆਵਾਂ ਵਿਚ ਘਿਰ ਜਾਂਦੇ ਹਾਂ...**



# ਸਮੱਸਿਆਵਾਂ ਤੋਂ ਕਾਹਦਾ ਡਰਨਾ

• ਕੈਲਾਸ਼ ਚੰਦਰ ਸ਼ਰਮਾ
98774-66607

ਮਨੁੱਖੀ ਜੀਵਨ ਇਕ ਬੰਸਰੀ ਵਾਂਗ ਹੈ ਜਿਸ 'ਚ ਰੁਕਾਵਟਾਂ ਰੂਪੀ ਕਿੰਨੇ ਹੀ ਛੇਕ ਹਨ। ਜ਼ਿੰਦਗੀ ਕਿਸੇ ਦੀ ਵੀ ਕਦੇ ਸਿੱਧੀ ਨਹੀਂ ਚੱਲਦੀ। ਇਸ ਦੀਆਂ ਸੜਕਾਂ 'ਤੇ ਸਮੱਸਿਆਵਾਂ ਦੇ ਖੱਡੇ ਆਉਣੇ ਲਾਜ਼ਮੀ ਹਨ। ਨਹੀਂ ਤਾਂ ਇਹ ਰਾਹੀ ਨੂੰ ਬੇਪਰਵਾਹ ਅਤੇ ਅਵੇਸਲਾ ਬਣਾ ਦਿੰਦੀਆਂ ਹਨ। ਕਈ ਵਾਰ ਇਹ ਸਮੱਸਿਆਵਾਂ ਸਾਡੇ ਰਾਹਾਂ ਵਿਚ ਹਿੱਕ ਤਾਣ ਕੇ ਖਲੋ ਜਾਂਦੀਆਂ ਹਨ ਅਤੇ ਅਜਿਹਾ ਵਾਰ ਕਰਦੀਆਂ ਹਨ ਜੋ ਮਨੁੱਖ ਦੀ ਕਲਪਨਾ ਤੋਂ ਵੀ ਬਾਹਰ ਹੁੰਦਾ ਹੈ। ਇਨ੍ਹਾਂ ਸਮੱਸਿਆਵਾਂ ਦੀ ਭੀੜ ਵਿੱਚੋਂ ਕੇਵਲ ਉਹੀ ਇਨਸਾਨ ਅੱਗੇ ਨਿਕਲਦੇ ਹਨ ਜੋ ਇਨ੍ਹਾਂ ਨਾਲ ਮੱਥਾ ਲਾਉਂਦੇ ਹਨ। ਜਿਸ ਨੂੰ ਇਨ੍ਹਾਂ ਨੂੰ ਪਾਰ ਕਰਨਾ ਆ ਗਿਆ ਸਮਝੋ ਉਸ ਨੂੰ ਜਿਊਣਾ ਆ ਗਿਆ। ਜ਼ਿੰਦਗੀ ਦੀਆਂ ਸਮੱਸਿਆਵਾਂ ਆਸਾਨ, ਮੁਸ਼ਕਲ ਅਤੇ ਕਈ ਅਸੰਭਵ ਹੁੰਦੀਆਂ ਹਨ। ਜਿਨ੍ਹਾਂ ਵਿਅਕਤੀਆਂ ਨੂੰ ਅਸੰਭਵ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਉਨ੍ਹਾਂ ਨੂੰ ਲੋਕ ਸਾਰੀ ਉਮਰ ਯਾਦ ਕਰਦੇ ਹਨ।

ਜ਼ਿੰਦਗੀ 'ਚ ਆਉਣ ਵਾਲੀਆਂ ਸਮੱਸਿਆਵਾਂ ਦਾ ਪ੍ਰਭਾਵ ਸਾਡੇ 'ਤੇ ਜ਼ਰੂਰ ਪੈਂਦਾ ਹੈ ਪਰ ਮਹੱਤਵਪੂਰਨ ਇਹ ਹੈ ਕਿ ਅਸੀਂ ਉਨ੍ਹਾਂ ਨੂੰ ਕਿਸ ਰੂਪ ਵਿਚ ਲੈਂਦੇ ਹਾਂ। ਸਿਆਣੇ ਕਹਿੰਦੇ ਹਨ ਕਿ ਜ਼ਿੰਦਗੀ ਵਿਚ ਆਉਣ ਵਾਲੀਆਂ ਸਮੱਸਿਆਵਾਂ ਚਾਹ ਦੇ ਕੱਪ ਵਿਚ ਜੰਮੀ ਮਲਾਈ ਦੀ ਤਰ੍ਹਾਂ ਹੁੰਦੀਆਂ ਹਨ ਅਤੇ ਕਾਮਯਾਬ ਉਹੀ ਹੁੰਦੇ ਹਨ ਜਿਨ੍ਹਾਂ ਨੂੰ ਫੂਕ ਮਾਰ ਕੇ ਮਲਾਈ ਨੂੰ ਪਰ੍ਹਾਂ ਹਟਾ ਕੇ ਚਾਹ ਪੀਣਾ ਆਉਂਦਾ ਹੈ। ਸਮੱਸਿਆਵਾਂ ਆਉਣ 'ਤੇ ਨਿਰਾਸ਼ ਜਾਂ ਬੇਚੈਨ ਨਾ ਹੋਵੋ ਬਲਕਿ ਇਨ੍ਹਾਂ ਸਾਹਮਣੇ ਡਟਣ ਲਈ ਤਿਆਰ ਰਹੋ ਕਿਉਂਕਿ ਨਿਰਾਸ਼ਾ ਵਾਲੇ ਜੀਵਨ ਵਿਚ ਕਦੇ ਪ੍ਰਸੰਨਤਾ ਦਾ ਪ੍ਰਵੇਸ਼ ਨਹੀਂ ਹੁੰਦਾ। ਜਿਸ ਜੀਵਨ ਵਿਚ ਪ੍ਰਸੰਨਤਾ ਦਾ ਪ੍ਰਵੇਸ਼ ਨਹੀਂ ਹੁੰਦਾ ਉਸ ਦਾ ਵਿਕਾਸ ਕਿਸੇ ਵੀ ਤਰ੍ਹਾਂ ਸੰਭਵ ਨਹੀਂ ਹੁੰਦਾ। ਇਸ ਲਈ ਜ਼ਿੰਦਗੀ ਵਿਚ ਆਉਣ ਵਾਲੀਆਂ ਸਮੱਸਿਆਵਾਂ ਤੋਂ ਕਦੇ ਨਾ ਡਰੋ। ਇਹ ਤਾਂ ਉਸ ਬੈਗ ਵਾਂਗ ਹੁੰਦੀਆਂ ਹਨ ਜਿਸ ਵਿਚ ਕਪਾਹ ਭਰੀ ਹੁੰਦੀ ਹੈ।ਉਨ੍ਹਾਂ ਲੋਕਾਂ ਨੂੰ ਇਹ ਬੈਗ ਭਾਰਾ ਲੱਗਦਾ ਹੈ ਜੋ ਇਸ ਨੂੰ ਕੇਵਲ ਵੇਖਦੇ ਹਨ ਪਰ ਉਨ੍ਹਾਂ ਨੂੰ ਹਲਕਾ ਜੋ ਇਸ ਨੂੰ ਚੁੱਕਦੇ ਹਨ। ਦੁਨੀਆਂ ਦੀ ਕੋਈ ਵੀ ਪਰੇਸ਼ਾਨੀ ਤੁਹਾਡੀ ਹਿੰਮਤ ਤੋਂ ਵੱਡੀ ਨਹੀਂ ਹੈ।ਯਾਦ ਰੱਖੋ ਦੁਨੀਆਂ ਦੀਆਂ ਸਾਰੀਆਂ ਸ਼ਕਤੀਆਂ ਤੁਹਾਡੇ ਅੰਦਰ ਮੌਜੂਦ ਹਨ ਪਰ ਮੁਸ਼ਕਲ ਇਹ ਹੈ ਕਿ ਆਮ ਜ਼ਿੰਦਗੀ ਗੁਜ਼ਾਰਦੇ ਸਮੇਂ ਅਸੀਂ ਕਦੇ ਆਤਮ-ਚਿੰਤਨ ਨਹੀਂ ਕਰਦੇ ਜਿਸ ਦੇ ਸਿੱਟੇ ਵਜੋਂ ਜੀਵਨ ਵਿਚ ਮੁਸ਼ਕਲ ਆਈ ਨਹੀਂ ਕਿ ਭਵਿੱਖ ਦੀ ਚਿੰਤਾ ਵਿਚ ਸੋਚ-ਸੋਚ ਕੇ ਮਨੁੱਖ ਤਨੋ-ਮਨੋਂ ਕਮਜ਼ੋਰ ਹੁੰਦਾ ਜਾਂਦਾ ਹੈ। ਸਮੱਸਿਆਵਾਂ ਤਾਂ ਇੱਕ ਕੱਪੜੇ ਧੋਣ ਵਾਲੀ ਮਸ਼ੀਨ ਵਾਂਗ ਹੁੰਦੀਆਂ ਹਨ ਜੋ ਸਾਨੂੰ ਇੱਧਰ-ਉਧਰ ਹਿਲਾਉਂਦੀਆਂ ਹਨ ਅਤੇ ਅੰਤ ਵਿਚ ਅਸੀਂ ਚਮਕਦਾਰ ਅਤੇ ਪਹਿਲਾਂ ਨਾਲੋਂ ਵੀ ਸਾਫ ਹੋ ਕੇ ਨਿਕਲਦੇ ਹਾਂ। ਆਪਣੇ ਅੰਦਰ ਦੀਆਂ ਸ਼ਕਤੀਆਂ ਨੂੰ ਪਛਾਣੋ।ਮੁਸ਼ਕਲਾਂ ਨਾਲ ਲੋਹਾ ਲੈ ਕੇ ਹੀ ਮਨੁੱਖ ਦਾ ਚਰਿੱਤਰ ਚਮਕਦਾ ਹੈ। ਮੁਸ਼ਕਲਾਂ ਨਾਲ ਲੜਨ ਨਾਲ ਹੀ ਮਨੁੱਖ 'ਚ ਸ਼ਕਤੀ ਦਾ ਸੰਚਾਰ ਹੁੰਦਾ ਹੈ ਜਿਸ ਦੇ ਬਲਬੂਤੇ ਉਹ ਸਫਲਤਾ ਹਾਸਲ ਕਰਦਾ ਹੈ। ਸਮੱਸਿਆਵਾਂ ਵੇਲੇ ਯਾਦ ਰੱਖੋ ਕਿ ਜਿਵੇਂ ਸਰਦੀਆਂ ਵਿਚ ਧੁੰਦ ਸੂਰਜ ਦੀ ਰੋਸ਼ਨੀ ਦੇ ਰਾਹ 'ਚ ਵੱਡੀ ਰੁਕਾਵਟ ਬਣਦੀ ਹੈ ਪਰ ਸੂਰਜ ਇਸ ਨੂੰ ਮੇਟ ਕੇ ਆਪਣੀ ਲੋਅ ਧਰਤੀ ਤੱਕ ਲੈ ਆਉਂਦਾ ਹੈ, ਉਸੇ ਤਰ੍ਹਾਂ ਆਤਮ-ਚਿੰਤਨ ਕਰਕੇ ਇਨ੍ਹਾਂ ਦੇ ਕਾਰਨਾਂ ਨੂੰ ਸਮਝਦੇ ਹੋਏ ਅੱਗੇ ਵਧੋ, ਇਹ ਤੁਹਾਡੇ ਲਈ ਰਾਹ ਖਾਲੀ ਕਰੀ ਜਾਣਗੀਆਂ। ਜਦੋਂ ਕੁਦਰਤ ਨੇ ਸਾਨੂੰ ਚਮਕਾਉਣਾ ਹੋਵੇ ਤਾਂ ਸਾਡਾ ਦਾਖਲਾ ਉਹ ਮੁਸੀਬਤਾਂ ਦੇ ਸਕੂਲ ਵਿਚ ਕਰਵਾ ਦਿੰਦੀ ਹੈ। ਕਿਸੇ ਸਿਆਣੇ ਨੇ ਸੱਚ ਹੀ ਕਿਹਾ ਹੈ:

"ਚੱਲਣ ਦੀ ਕੋਸ਼ਿਸ਼ ਤਾਂ ਕਰੋ, ਦਿਸ਼ਾਏਂ ਬਹੁਤ ਨੇ।ਰਾਸਤੇ ਮੇਂ ਬਿਖਰੇ ਕਾਂਟੋਂ ਸੇ ਨਾ ਡਰੋ, ਤੁਮਹਾਰੇ ਸਾਥ ਦੁਆਏਂ ਬਹੁਤ ਹੈਂ"।

ਸਮੱਸਿਆਵਾਂ ਜ਼ਿਆਦਾਤਰ ਸਾਡੀ ਗੈਰਜ਼ਿੰਮੇਵਾਰੀ ਦਾ ਨਤੀਜਾ ਹੁੰਦੀਆਂ ਹਨ।ਉਹ ਕੰਮ ਜੋ ਸਾਨੂੰ ਉਸ ਸਮੇਂ ਕਰਨੇ ਚਾਹੀਦੇ ਸਨ ਜਦੋਂ ਉਨ੍ਹਾਂ ਦਾ ਵਕਤ ਸੀ ਨਹੀਂ ਕੀਤੇ, ਉਹ ਅੱਗੇ ਚੱਲ ਕੇ ਸਮੱਸਿਆਵਾਂ ਬਣ ਗਏ। ਬਹੁਤੇ ਵਾਰ ਸਮੱਸਿਆਵਾਂ ਸਾਡੇ ਆਪਣੇ ਵਿਵਹਾਰ ਦੀ ਹੀ ਦੇਣ ਹੁੰਦੀਆਂ ਹਨ। ਜੋ ਨਿਯਮਾਂ ਦੀ ਪਾਲਣਾ ਨਹੀਂ ਕਰਦਾ ਉਸ ਦਾ ਜੀਵਨ ਸੰਕਟਾਂ ਵਿੱਚ ਘਿਰ ਜਾਂਦਾ ਹੈ। ਨਿਯਮਾਂ ਦੀ ਪਾਲਣਾ ਨਾ ਕਰਨ ਵਾਲਾ ਮਨੁੱਖ ਅਨੁਸ਼ਾਸਨ ਗੁਆ ਬੈਠਦਾ ਹੈ ਜਿਸ ਕਰਕੇ ਉਸ ਦਾ ਜੀਵਨ ਚੁਣੌਤੀਆਂ ਵਿਚ ਫਸ ਜਾਂਦਾ ਹੈ। ਜਦੋਂ ਵਿਅਕਤੀ ਆਪਹੁਦਰੀਆਂ ਗੱਲਾਂ ਵਿਚ ਉਲਝਦਾ ਹੋਇਆ ਆਪਣੀਆਂ ਅੰਦਰਲੀਆਂ ਅਤੇ ਬਾਹਰਲੀਆਂ ਅੱਖਾਂ ਗੁਆ ਲੈਂਦਾ ਹੈ ਤਾਂ ਉਸ ਨੂੰ ਬਹੁਤ ਸਾਰੀਆਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਵਿਅਕਤੀ ਦਾ ਦੂਹਰਾ ਆਚਰਣ ਵੀ ਸਾਡੀਆਂ ਸਮੱਸਿਆਵਾਂ ਦੀ ਜੜ੍ਹ ਹੈ। ਦੋਗਲੀ ਜ਼ਿੰਦਗੀ ਜਿਊਣ ਵਾਲੇ ਅਜਿਹੇ ਵਿਅਕਤੀ ਦੀ ਅੰਤਰ-ਆਤਮਾ ਉਸ ਨੂੰ ਹਰ ਵੇਲੇ ਦੁਰਕਾਰਦੀ ਰਹਿੰਦੀ ਹੈ ਜਿਸ ਕਾਰਨ ਉਸ ਨੂੰ ਇਨ੍ਹਾਂ ਸਮੱਸਿਆਵਾਂ ਤੋਂ ਨਿਜਾਤ ਪਾਉਣ ਦਾ ਕੋਈ ਹੱਲ ਨਹੀਂ ਲੱਭਦਾ।ਸਾਡੀਆਂ ਕੁਝ ਸਮੱਸਿਆਵਾਂ ਕੇਵਲ ਇਸ ਕਾਰਨ ਵੀ ਹਨ ਕਿ ਅਸੀਂ ਉਨ੍ਹਾਂ ਨੂੰ ਸੁਧਾਰਨ ਲਈ ਬਣਦੀ ਜ਼ਿੰਮੇਵਾਰੀ ਤੋਂ ਮੁਨਕਰ ਹੋ ਗਏ ਹਾਂ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਜੇ ਤੈਰਣਾ ਸਿੱਖਣਾ ਹੈ ਤਾਂ ਪਾਣੀ ਵਿਚ ਉਤਰਨਾ ਹੀ ਪਵੇਗਾ।

ਅਸੀਂ ਜੀਵਨ ਵਿਚ ਛੋਟੀਆਂ-ਛੋਟੀਆਂ ਗੱਲਾਂ ਆਪਣੇ ਦਿਮਾਗ਼ ਵਿਚ ਭਰੀ ਜਾਂਦੇ ਹਾਂ ਅਤੇ ਉਨ੍ਹਾਂ ਵਿਚ ਹੀ ਆਪਣੀ ਊਰਜਾ ਖ਼ਤਮ ਕਰਦੇ ਰਹਿੰਦੇ ਹਾਂ ਜਿਸ ਕਾਰਨ ਮੁੱਖ ਗੱਲਾਂ ਲਈ ਸਾਡੇ ਕੋਲ ਵਕਤ ਹੀ ਨਹੀਂ ਹੁੰਦਾ ਜਿਸ ਕਾਰਨ ਵੀ ਅਸੀਂ ਸਮੱਸਿਆਵਾਂ ਵਿਚ ਘਿਰ ਜਾਂਦੇ ਹਾਂ। ਇਹ ਠੀਕ ਹੈ ਕਿ ਜਿਵੇਂ ਸਾਗਰ ਲਹਿਰਾਂ ਤੋਂ ਬਿਨਾ ਨਹੀਂ ਹੁੰਦਾ, ਓਵੇਂ ਜ਼ਿੰਦਗੀ ਵੀ ਤਕਲੀਫਾਂ, ਮੁਸ਼ਕਿਲਾਂ ਤੋਂ ਬਿਨਾ ਨਹੀਂ ਹੁੰਦੀ। ਸਤਰੰਗੀ ਪੀਂਘ ਬਣਾਉਣ ਲਈ ਮੀਂਹ ਅਤੇ ਧੁੱਪ ਦੋਵਾਂ ਦਾ ਹੋਣਾ ਜ਼ਰੂਰੀ ਹੈ ਪਰ ਸਮੱਸਿਆਵਾਂ ਕੋਈ ਇੰਨੀਆਂ ਤਾਕਤਵਰ ਨਹੀਂ ਹੁੰਦੀਆਂ ਜਿੰਨੀਆਂ ਅਸੀਂ ਉਨ੍ਹਾਂ ਨੂੰ ਸਮਝ ਲੈਂਦੇ ਹਾਂ।ਕਦੇ ਸੁਣਿਆ ਹੈ ਕਿ 'ਅੰਧੇਰੋਂ ਨੇ ਸੁਬਹ ਨਾ ਹੋਣੇ ਦੀ ਹੋ'।ਕਾਮਯਾਬੀ ਦਾ ਜਨੂੰਨ ਹੋਣਾ ਚਾਹੀਦਾ ਹੈ ਮੁਸ਼ਕਿਲਾਂ ਦੀ ਕੀ ਔਕਾਤ ਹੈ ਕਿ ਤੁਹਾਡਾ ਰਾਹ ਰੋਕ ਸਕਣ।ਜੇਕਰ ਜ਼ਿੰਦਗੀ ਦੇ ਉਤਰਾਵਾਂ ਨੂੰ ਸਬਰ ਨਾਲ ਸਹਿਣ ਕਰ ਲਿਆ ਜਾਵੇ ਤਾਂ ਸਮੱਸਿਆਵਾਂ ਨੂੰ ਸਲਝਾਉਣ ਵਿਚ ਵੀ ਆਨੰਦ ਮਿਲਦਾ ਹੈ। ਜ਼ਿੰਮੇਵਾਰ ਬਣਨ ਅਤੇ ਸਮਝ ਕੇ ਫੈਸਲੇ ਕਰਨ ਦੀ ਜਾਚ ਸਿੱਖਣ ਦੀ ਕੋਸ਼ਿਸ਼ ਕਰੀਏ। ਕੋਈ ਸਾਡੇ ਮਸਲੇ ਹੱਲ ਨਹੀਂ ਕਰੇਗਾ ਐਵੇਂ ਅਵੇਸਲੇ ਹੀ ਦਰਿਆ ਦੇ ਕਿਨਾਰੇ ਬੈਠ ਕੇ ਪਿਆਸੇ ਨਾ ਮਰੀਏ। ਦੁਨੀਆਂ ਦੀ ਸਭ ਤੋਂ ਵਧੀਆ ਕਿਤਾਬ ਅਸੀਂ ਖੁਦ ਹਾਂ। ਖੁਦ ਨੂੰ ਸਮਝ ਲਓ ਸਾਰੀਆਂ ਸਮੱਸਿਆਵਾਂ ਦਾ ਹੱਲ ਮਿਲ ਜਾਵੇਗਾ।ਜ਼ਿੰਦਗੀ ਦੀ ਗੁਣਾਤਮਕਤਾ ਓਨੀ ਦੇਰ ਨਹੀਂ ਸੁਧਰਦੀ ਜਿੰਨੀ ਦੇਰ ਤੱਕ ਸਾਡੇ ਵਿਚਾਰ ਅਤੇ ਸਾਡੇ ਸੋਚਣ ਦੇ ਤਰੀਕੇ ਨਹੀਂ ਸੁਧਰਦੇ। ਜਦੋਂ ਜੀਵਨ ਵਿਚ ਸਮੱਸਿਆਵਾਂ ਆਉਣ ਤਾਂ ਬੇਚੈਨ ਹੋਣ ਦੀ ਬਜਾਏ ਸ਼ਾਂਤ ਰਹਿ ਕੇ ਵਿਚਾਰ ਕਰੋ ਹੱਲ ਜ਼ਰੂਰ ਨਿਕਲੇਗਾ।

ਸਿਆਣੇ ਕਹਿੰਦੇ ਹਨ ਕਿ ਹਰ ਸਮੱਸਿਆ ਵਿਚ ਕੋਈ ਦਿਲਚਸਪ ਗੱਲ ਲੁਕੀ ਹੁੰਦੀ ਹੈ।ਮਜ਼ਾ ਇਸ ਵਿਚ ਹੈ ਕਿ ਅਸੀਂ ਉਸ ਨੂੰ ਲੱਭ ਲਈਏ। ਇਕ ਪ੍ਰੇਰਕ ਦੇ ਦੱਸਣ ਅਨੁਸਾਰ ਹਰ ਸਮੱਸਿਆ ਵਿਚ ਇਕ ਕਮਜ਼ੋਰ ਜਗ੍ਹਾ ਹੁੰਦੀ ਹੈ।ਇਹ ਤੁਹਾਡੇ ਵੱਲ ਵੇਖ ਕੇ ਲੁਕਣਮੀਟੀ ਖੇਡਣ ਲਈ ਬੁਲਾ ਰਹੀ ਹੁੰਦੀ ਹੈ। ਇਸ ਨੂੰ ਲੱਭ ਲੈਣ ਨਾਲ ਸਮੱਸਿਆ ਤਾਂ ਹੱਲ ਹੋ ਹੀ ਜਾਵੇਗੀ ਨਾਲ ਹੀ ਇਸ ਵਿਚੋਂ ਇੱਕ ਅਨੋਖੀ ਚੀਜ਼ ਵੀ ਨਿਕਲ ਕੇ ਆਉਂਦੀ ਹੈ ਜੋ ਜੀਵਨ ਵਿਚ ਸਾਡੇ ਕਦਮ ਅੱਗੇ ਤੋਂ ਅੱਗੇ ਵਧਾਉਣ ਲਈ ਲਾਹੇਵੰਦ ਹੁੰਦੀ ਹੈ। ਇਸ ਲਈ ਗਹਿਰਾਈ ਨਾਲ ਵਿਚਾਰ ਕਰਦੇ ਹੋਏ ਇਨ੍ਹਾਂ ਦਾ ਹੱਲ ਲਭੋ ਕਿਉਂਕਿ ਲਾਜਵਾਬ ਮੋਤੀ ਕਦੇ ਕਿਨਾਰਿਆਂ ਤੋਂ ਨਹੀਂ ਮਿਲਦੇ।ਤੁਸੀਂ ਜਿੰਨੀ ਮਿਹਨਤ ਅਤੇ ਵਿਸ਼ਵਾਸ ਨਾਲ ਕੰਮ ਕਰੋਗੇ ਹਰ ਪਲ ਵੀ ਓਨਾ ਹੀ ਬਿਹਤਰ ਅਤੇ ਮਿੱਠਾ ਮਿਲੇਗਾ। •

# ਸੇਬ ਬਾਗਵਾਨਾਂ ਦੀਆਂ ਵਧੀਆਂ ਚਿੰਤਾਵਾਂ, 6 ਹਜ਼ਾਰ ਕਰੋੜ ਦੀ ਇੰਡਸਟਰੀ 'ਤੇ ਮੰਡਰਾਇਆ ਖ਼ਤਰਾ

**ਕੌਮੀ ਪਤ੍ਰਿਕਾ**

ਬਿਜ਼ਨੈੱਸ ਡੈਸਕ 10 ਮਈ। ਹਿਮਾਚਲ ਪ੍ਰਦੇਸ਼ ਵਿੱਚ ਪਿਛਲੇ ਤਿੰਨ ਮਹੀਨਿਆਂ ਤੋਂ ਮੀਂਹ ਅਤੇ ਬਰਫ਼ਬਾਰੀ ਨਾ ਹੋਣ ਕਾਰਨ ਸੋਕੇ ਵਰਗੇ ਹਾਲਾਤ ਬਣ ਗਏ ਹਨ, ਜਿਸ ਦਾ ਸਿੱਧਾ ਅਸਰ ਸੂਬੇ ਦੇ 6 ਹਜ਼ਾਰ ਕਰੋੜ ਰੁਪਏ ਦੇ ਸੇਬ ਕਾਰੋਬਾਰ 'ਤੇ ਪੈ ਰਿਹਾ ਹੈ। ਜੇਕਰ ਜਲਦੀ ਮੀਂਹ ਨਾ ਪਿਆ ਤਾਂ ਸੇਬ ਦੇ ਉਤਪਾਦਨ ਵਿੱਚ ਭਾਰੀ ਗਿਰਾਵਟ ਆ ਸਕਦੀ ਹੈ। ਨਮੀ ਦੀ ਕਮੀ ਕਾਰਨ ਸੇਬ ਦੇ ਬਾਗਾਂ ਵਿੱਚ ਰੂਟ ਕੈਂਕਰ, ਵੂਲੀ ਐਫਿਡ, ਰਿੰਗ ਵਾਰਮ ਅਤੇ ਸਕੇਲ ਵਰਗੀਆਂ ਬੀਮਾਰੀਆਂ ਫੈਲ ਰਹੀਆਂ ਹਨ। ਖਾਸ ਕਰਕੇ ਸ਼ਿਮਲਾ ਜ਼ਿਲ੍ਹੇ ਦੇ ਰਾਮਪੁਰ, ਚੌਪਾਲ, ਠਿਯੋਗ, ਰੋਹੜੂ ਅਤੇ ਕੁਮਾਰਸੈਨ ਖੇਤਰਾਂ ਵਿੱਚ ਰੂਟ ਕੈਂਕਰ ਕਾਰਨ ਜੜ੍ਹਾਂ ਵਿੱਚ ਤਰੇੜਾਂ ਆ ਰਹੀਆਂ ਹਨ ਅਤੇ ਫੰਗਸ ਦਾ ਹਮਲਾ ਤੇਜ਼ ਹੋ ਗਿਆ ਹੈ। ਬਾਗਵਾਨਾਂ ਨੇ ਸੋਕੇ ਕਾਰਨ ਨਵੇਂ ਬੂਟੇ ਲਗਾਉਣ ਦਾ ਕੰਮ ਫਿਲਹਾਲ ਰੋਕ ਦਿੱਤਾ ਹੈ। ਇਸ ਦੇ ਨਾਲ ਹੀ ਬਾਗਾਂ ਵਿੱਚ 'ਤੌਲੀਏ' (ਬੂਟਿਆਂ ਦੇ ਆਲੇ-ਦੁਆਲੇ ਗੋਲਾਈ ਬਣਾਉਣਾ) ਬਣਾਉਣ ਦਾ ਕੰਮ ਵੀ ਅਟਕ ਗਿਆ ਹੈ। ਮਾਹਿਰਾਂ ਅਨੁਸਾਰ, ਜਨਵਰੀ ਵਿੱਚ ਬੂਟਿਆਂ ਨੂੰ ਫਾਸਫੋਰਸ ਅਤੇ ਪੋਟਾਸ਼ ਖਾਦ ਪਾਈ ਜਾਂਦੀ ਹੈ, ਪਰ ਇਸ ਲਈ ਜ਼ਮੀਨ ਵਿੱਚ ਨਮੀ ਹੋਣਾ ਬਹੁਤ ਜ਼ਰੂਰੀ ਹੈ। ਨਮੀ ਦੀ ਘਾਟ ਕਾਰਨ ਬਾਗਵਾਨ ਖਾਦ ਜਾਂ ਗੋਬਰ ਨਹੀਂ ਪਾ ਪਾ ਰਹੇ। ਸੋਕੇ ਦਾ ਅਸਰ ਸਿਰਫ਼ ਬਾਗਵਾਨੀ 'ਤੇ ਹੀ ਨਹੀਂ, ਸਗੋਂ ਇਸ ਨਾਲ



ਜੁੜੇ ਕਾਰੋਬਾਰ 'ਤੇ ਵੀ ਪੈ ਰਿਹਾ ਹੈ। ਦਵਾਈ ਵਿਕਰੇਤਾਵਾਂ ਅਨੁਸਾਰ, ਜਿੱਥੇ ਜਨਵਰੀ ਵਿੱਚ ਸਪਰੇਅ ਆਇਲ ਅਤੇ ਖਾਦਾਂ ਦੀ ਭਾਰੀ ਮੰਗ ਹੁੰਦੀ ਸੀ, ਉੱਥੇ ਹੀ ਇਸ ਵਾਰ ਵਿਕਰੀ 25 ਫੀਸਦੀ ਤੋਂ ਵੀ ਘੱਟ ਰਹਿ ਗਈ ਹੈ। ਚਿਲਿੰਗ ਆਵਰਜ਼ ਪੂਰੇ ਨਾ ਹੋਣ ਦਾ ਡਰ ਬਾਗਵਾਨੀ ਮਾਹਿਰ ਡਾ. ਐਸ.ਪੀ. ਭਾਰਦਵਾਜ ਅਨੁਸਾਰ, ਸੇਬ ਦੀ ਚੰਗੀ ਪੈਦਾਵਾਰ ਲਈ ਸਰਦੀਆਂ ਵਿੱਚ ਤਾਪਮਾਨ 7 ਡਿਗਰੀ ਸੈਲਸੀਅਸ ਤੋਂ ਹੇਠਾਂ ਲਗਭਗ 1000 ਤੋਂ 1800 ਘੰਟੇ ਰਹਿਣਾ ਚਾਹੀਦਾ ਹੈ, ਜਿਸ ਨੂੰ 'ਚਿਲਿੰਗ ਆਵਰਜ਼' ਕਿਹਾ ਜਾਂਦਾ ਹੈ। ਮੀਂਹ ਅਤੇ ਬਰਫ਼ਬਾਰੀ ਇਸ ਠੰਢਕ ਨੂੰ ਪੂਰਾ ਕਰਦੀ ਹੈ ਅਤੇ ਬੂਟਿਆਂ ਨੂੰ ਸੁਪਤ ਅਵਸਥਾ ਵਿੱਚੋਂ ਨਿਕਲਣ ਵਿੱਚ ਮਦਦ ਕਰਦੀ ਹੈ। ਜੇਕਰ ਸੁੱਕਾ ਹੋਰ ਲੰਬਾ ਖਿੱਚਿਆ ਗਿਆ, ਤਾਂ ਇਸ ਨਾਲ ਸੇਬ ਦੇ ਉਤਪਾਦਨ 'ਤੇ ਬਹੁਤ ਮਾੜਾ ਅਸਰ ਪਵੇਗਾ। ਫਿਲਹਾਲ ਹਿਮਾਚਲ ਦੇ ਬਾਗਵਾਨਾਂ ਕੋਲ ਕੁਦਰਤ ਦੇ ਰਹਿਮੋ-ਕਰਮ ਅਤੇ ਮੀਂਹ ਦੇ ਇੰਤਜ਼ਾਰ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਬਚਿਆ ਹੈ।

## ਪਸ਼ੂਆਂ ਦੀ ਤਸਕਰੀ ਕਰਨ ਵਾਲੇ ਅਣਪਛਾਤੇ ਵਿਅਕਤੀਆਂ 'ਤੇ ਪਰਚਾ ਦਰਜ

ਫਾਜ਼ਿਲਕਾ 10 ਮਈ। ਥਾਣਾ ਖੂਈਖੇੜਾ ਪੁਲਸ ਨੇ ਪਸ਼ੂਆਂ ਦੀ ਤਸਕਰੀ ਕਰਨ ਵਾਲੇ ਅਣਪਛਾਤੇ ਵਿਅਕਤੀਆਂ 'ਤੇ ਪਰਚਾ ਦਰਜ ਕੀਤਾ ਹੈ। ਜਾਂਚ ਅਧਿਕਾਰੀ ਹੌਲਦਾਰ ਕੁਲਦੀਪ ਨੇ ਦੱਸਿਆ ਕਿ ਉਨ੍ਹਾਂ ਨੂੰ ਪੰਕਜ ਸੁਆਮੀ ਪੁੱਤਰ ਓਮ ਪ੍ਰਕਾਸ਼ ਵਾਸੀ ਝੁਮਿਆਂਵਾਲੀ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਮਿਤੀ 09/10-01-2026 ਦੀ ਦਰਮਿਆਨੀ ਰਾਤ ਉਸ ਨੂੰ ਅਤੇ ਉਸਦੇ ਸਾਥੀਆਂ ਨੂੰ ਸੂਚਨਾ ਮਿਲੀ ਕਿ ਕੁੱਝ ਅਣਪਛਾਤੇ ਵਿਅਕਤੀ ਪਿਕਅਪ ਗੱਡੀ 'ਤੇ ਬੇਸਹਾਰਾ ਗਊਆਂ ਨੂੰ ਕੱਟਣ-ਵੱਢਣ ਦੇ ਮਕਸਦ ਨਾਲ ਲਿਜਾ ਰਹੇ ਹਨ। ਜਿਸ 'ਤੇ ਉਸ ਨੇ ਅਤੇ ਉਸਦੇ ਸਾਥੀਆਂ ਨੇ ਪਿੱਕਅੱਪ ਦਾ ਪਿੱਛਾ ਕਰ ਕੇ ਅਣਪਛਾਤੇ ਵਿਅਕਤੀਆਂ ਨੂੰ ਫੜ੍ਹਨ ਦੀ ਕੋਸ਼ਿਸ਼ ਕੀਤੀ

# ਕਿਸਾਨ ਜਥੇਬੰਦੀਆਂ ਦੇ ਧਰਨੇ ਨਾਲ ਮਜ਼ਦੂਰ ਪਰਿਵਾਰ ਦੇ ਘਰ ਦੀ ਕੁਰਕੀ ਰੋਕੀ

**ਕੌਮੀ ਪਤ੍ਰਿਕਾ**

ਮਹਿਲ ਕਲਾਂ 10 ਮਈ। ਵਿਧਾਨ ਸਭਾ ਹਲਕਾ ਮਹਿਲ ਕਲਾਂ ਅਧੀਨ ਪੈਂਦੇ ਪਿੰਡ ਗਹਿਲ ਵਿੱਚ ਇੱਕ ਮਜ਼ਦੂਰ ਪਰਿਵਾਰ ਦੇ ਘਰ ਦੀ ਕੁਰਕੀ ਨੂੰ ਕਿਸਾਨ ਜਥੇਬੰਦੀਆਂ ਦੇ ਸਾਂਝੇ ਸੰਘਰਸ਼ ਨੇ ਅਸਥਾਈ ਤੌਰ 'ਤੇ ਰੋਕ ਦਿੱਤਾ। ਭਾਰਤੀ ਕਿਸਾਨ ਯੂਨੀਅਨ ਡਕੌਂਦਾ ਧਨੇਰ ਅਤੇ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੀ ਅਗਵਾਈ ਹੇਠ ਵੱਡੀ ਗਿਣਤੀ ਵਿਚ ਆਗੂਆਂ ਤੇ ਵਰਕਰਾਂ ਨੇ ਇਕੱਠੇ ਹੋ ਕੇ ਘਰ ਅੱਗੇ ਧਰਨਾ ਦਿੱਤਾ ਅਤੇ ਜ਼ੋਰਦਾਰ ਨਾਰੇਬਾਜ਼ੀ ਕਰਦੇ ਹੋਏ ਕੁਰਕੀ ਕਾਰਵਾਈ ਦਾ ਵਿਰੋਧ ਕੀਤਾ।ਜਥੇਬੰਦੀਆਂ ਦੇ ਤਿੱਖੇ ਵਿਰੋਧ ਨੂੰ ਦੇਖਦਿਆਂ ਕੋਈ ਵੀ ਬੈਂਕ ਜਾਂ ਪ੍ਰਸ਼ਾਸਕੀ ਅਧਿਕਾਰੀ ਕੁਰਕੀ ਕਰਨ ਲਈ ਮੌਕੇ 'ਤੇ ਨਹੀਂ ਪਹੁੰਚਿਆ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਧਨੇਰ ਦੇ ਆਗੂ ਜੱਸਾ ਸਿੰਘ ਗਹਿਲ, ਰਾਮ ਸਿੰਘ, ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਬਲਾਕ ਪ੍ਰਧਾਨ ਕੁਲਵਿੰਦਰ ਸਿੰਘ ਗਹਿਲ, ਸਾਬਕਾ ਸਰਪੰਚ ਅਮਰਜੀਤ ਸਿੰਘ ਗਹਿਲ, ਹਰਦੇਵ ਸਿੰਘ ਕਾਕਾ ਛੀਨੀਵਾਲ ਅਤੇ ਜਗਤਾਰ ਸਿੰਘ ਛੀਨੀਵਾਲ ਨੇ ਕਿਹਾ ਕਿ ਇੱਕ ਪਾਸੇ ਸਰਕਾਰਾਂ ਵੱਲੋਂ ਕਰਜ਼ਾ ਮਾਫ਼ੀ ਅਤੇ ਕਿਸਾਨਾਂ ਨੂੰ ਰਾਹਤ ਦੇ ਵੱਡੇ ਵਾਅਦੇ ਕੀਤੇ ਜਾਂਦੇ ਹਨ, ਜਦਕਿ ਦੂਜੇ ਪਾਸੇ ਪਿੰਡਾਂ ਵਿੱਚ ਕਿਸਾਨਾਂ ਅਤੇ ਮਜ਼ਦੂਰਾਂ ਦੇ ਘਰਾਂ ਅਤੇ ਜ਼ਮੀਨਾਂ ਦੀ ਕੁਰਕੀ ਕਰਕੇ ਉਨ੍ਹਾਂ ਨੂੰ ਉਜਾੜਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸੰਬੰਧਤ ਮਜ਼ਦੂਰ ਪਰਿਵਾਰ ਨੇ ਬਰਨਾਲਾ ਦੀ ਇੱਕ ਬੈਂਕ ਤੋਂ ਕਰਜ਼ਾ ਲਿਆ ਸੀ ਅਤੇ ਕੁਝ ਸਮੇਂ ਤੱਕ ਕਿਸਤਾਂ ਭਰਦੇ ਰਹੇ, ਪਰ ਆਰਥਿਕ ਤੰਗੀ ਕਾਰਨ ਬਾਅਦ ਵਿੱਚ ਕਿਸਤਾਂ ਭਰਨ ਤੋਂ ਅਸਮਰੱਥ ਹੋ ਗਏ। ਵਿਆਜ ਦਰਾਂ ਵਿੱਚ ਵਾਧੇ ਨਾਲ ਕਰਜ਼ਾ ਲਗਾਤਾਰ ਵਧਦਾ ਗਿਆ ਅਤੇ ਹੁਣ ਪਰਿਵਾਰ ਲਈ ਇਸ ਨੂੰ ਚੁਕਾਉਣਾ ਮੁਸ਼ਕਲ ਹੋ ਗਿਆ ਹੈ। ਪਰਿਵਾਰ ਨੂੰ ਘਰ ਖਾਲੀ ਕਰਨ ਲਈ ਦਬਾਅ ਬਣਾਇਆ ਜਾ ਰਿਹਾ ਹੈ, ਜਦਕਿ ਉਨ੍ਹਾਂ ਕੋਲ ਰਹਿਣ ਲਈ ਹੋਰ ਕੋਈ ਥਾਂ ਨਹੀਂ ਹੈ। ਕਿਸਾਨ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜਥੇਬੰਦੀਆਂ ਕਿਸਾਨਾਂ ਅਤੇ ਮਜ਼ਦੂਰਾਂ ਦੇ ਘਰਾਂ ਦੀ ਕੁਰਕੀ ਕਿਸੇ ਵੀ ਕੀਮਤ 'ਤੇ ਨਹੀਂ ਹੋਣ ਦੇਣਗੀਆਂ, ਭਾਵੇਂ ਇਸ ਲਈ ਉਨ੍ਹਾਂ ਨੂੰ ਵੱਡੀਆਂ ਕੁਰਬਾਨੀਆਂ ਕਿਉਂ ਨਾ ਦੇਣੀਆਂ ਪੈਣ। ਦੂਜੇ ਪਾਸੇ ਬੈਂਕ ਅਧਿਕਾਰੀਆਂ ਨੇ ਸੰਪਰਕ ਕਰਨ 'ਤੇ ਦੱਸਿਆ ਕਿ ਪਰਿਵਾਰ ਵੱਲੋਂ 2021 ਵਿੱਚ ਬਿਜ਼ਨਸ ਲੋਨ ਲਿਆ ਗਿਆ ਸੀ, ਪਰ ਪਿਛਲੇ ਇੱਕ ਸਾਲ ਤੋਂ ਵੱਧ ਸਮੇਂ ਤੋਂ ਕਿਸਤਾਂ ਨਾ ਭਰਨ ਕਾਰਨ ਮਾਨਯੋਗ ਅਦਾਲਤ ਦੇ ਹੁਕਮਾਂ ਅਨੁਸਾਰ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਪਰਿਵਾਰ ਵੱਲੋਂ ਲਏ ਗਏ ਦੋ ਲੋਣ (10 ਲੱਖ ਅਤੇ 8 ਲੱਖ) ਦੇ ਕਰਜੇ ਦੀਆਂ ਕਿਸਤਾਂ ਨਾ ਮੋੜਨਾ ਕਾਰਨ ਵਿਆਜ ਅਤੇ ਹੋਰ ਖਰਚਿਆਂ ਨਾਲ ਵੱਧ ਕੇ ਔਰ ਰਕਮ ਕਰੀਬ 22 ਲੱਖ ਰੁਪਏ ਹੋ ਗਏ ਹਨ ਅਤੇ ਇਸ ਸਬੰਧੀ ਰਿਪੋਰਟ ਅਦਾਲਤ ਨੂੰ ਭੇਜੀ ਜਾ ਰਹੀ ਹੈ। ਇਸ ਮੌਕੇ ਜਗਰਾਜ ਸਿੰਘ, ਕੇਵਲ ਸਿੰਘ, ਬੂਟਾ ਸਿੰਘ, ਬਲੌਰ ਸਿੰਘ, ਦਰਬਾਰਾ ਸਿੰਘ, ਜੱਗਾ ਸਿੰਘ, ਗੁਰਦੀਪ ਸਿੰਘ, ਸੁਖਚੈਨ ਸਿੰਘ ਸਮੇਤ ਹੋਰ ਕਿਸਾਨ ਆਗੂ ਵੀ ਮੌਜੂਦ ਸਨ।

## ਨਹਿਰ ਕੰਢਿਓਂ ਮਿਲੀ ਇਕ ਮਹੀਨੇ ਦੇ ਬੱਚੇ ਦੀ ਲਾਸ਼

ਜਲੰਧਰ 10 ਮਈ। ਜ਼ਿਲ੍ਹਾ ਦਿਹਾਤੀ ਪੁਲਸ ਦੇ ਥਾਣਾ ਆਦਮਪੁਰ ਅਧੀਨ ਪੈਂਦੇ ਪਿੰਡ ਧੋਗੜੀ ਵਿਚ ਸੂਆ ਨਹਿਰ ਕੰਢਿਓਂ ਮ੍ਰਿਤਕ ਹਾਲਤ ਵਿਚ ਲਗਭਗ ਇਕ ਮਹੀਨੇ ਦਾ ਬੱਚਾ ਪਿਆ ਹੋਇਆ ਸੀ, ਜਿਸ ਨੂੰ ਵੇਖ ਕੇ ਲੋਕਾਂ ਵਿਚ ਦਹਿਸ਼ਤ ਦਾ ਮਾਹੌਲ ਪੈਦਾ ਹੋ ਗਿਆ। ਉਨ੍ਹਾਂ ਇਸ ਸਬੰਧੀ ਪੁਲਸ ਨੂੰ ਸੂਚਿਤ ਕੀਤਾ, ਜਿਸ ਤੋਂ ਬਾਅਦ ਜੰਡੂਸਿੰਘਾ ਚੌਕੀ ਦੀ ਪੁਲਸ ਮੌਕੇ 'ਤੇ ਪਹੁੰਚੀ ਅਤੇ ਕੰਬਲ ਵਿਚ ਲਪੇਟੀ ਹੋਈ ਮ੍ਰਿਤਕ ਬੱਚੇ ਦੀ ਲਾਸ਼ ਨੂੰ ਆਪਣੇ ਕਬਜ਼ੇ ਵਿਚ ਲੈ ਕੇ ਜਾਂਚ ਸ਼ੁਰੂ ਕੀਤੀ। ਚੌਂਕੀ ਇੰਚਾਰਜ ਕੁਲਦੀਪ ਕੁਮਾਰ ਮਹਿਤਾ ਨੇ ਦੱਸਿਆ ਕਿ ਪੁਲਸ ਨੇ ਬੱਚੇ ਦੀ ਸ਼ਨਾਖਤ ਨੂੰ ਲੈ ਕੇ ਆਲੇ-ਦੁਆਲੇ ਦੇ ਕਈ ਲੋਕਾਂ ਤੋਂ ਪੁੱਛਗਿੱਛ ਕੀਤੀ ਹੈ ਪਰ ਅਜੇ ਤੱਕ ਉਸ ਬਾਰੇ ਕੁਝ ਪਤਾ ਨਹੀਂ ਲੱਗ ਸਕਿਆ।

## ਨਾਨਕੇ ਗਈ ਨਾਬਾਲਗ ਲੜਕੀ ਨੂੰ ਕੀਤਾ ਅਗਵਾ

ਮਾਛੀਵਾੜਾ ਸਾਹਿਬ 10 ਮਈ। ਥਾਣਾ ਕੂੰਮਕਲਾਂ ਪੁਲਸ ਵਲੋਂ ਇਕ ਨਾਬਾਲਗ ਲੜਕੀ ਦੇ ਬਿਆਨਾਂ ਦੇ ਅਧਾਰ 'ਤੇ ਉਸ ਨੂੰ ਨਸ਼ੀਲਾ ਪਦਾਰਥ ਖਵਾ ਕੇ ਅਗਵਾ ਕਰਕੇ ਅਸ਼ਲੀਲ ਹਰਕਤਾਂ ਕਰਨ ਅਤੇ ਫਿਰ ਨਹਿਰ ਵਿਚ ਸੁੱਟਣ ਦੀ ਕੋਸ਼ਿਸ਼ ਕਰਨ ਤਹਿਤ ਇਕ ਔਰਤ ਸਮੇਤ ਤਿੰਨ ਖਿਲਾਫ਼ ਮਾਮਲਾ ਦਰਜ ਕੀਤਾ ਹੈ। ਮੁਲਜ਼ਮਾਂ ਦੀ ਪਹਿਚਾਣ ਗਗਨਪ੍ਰੀਤ ਸਿੰਘ, ਪਰਮਜੀਤ ਕੌਰ, ਸਨੀ ਵਾਸੀ ਗੱਦੋਵਾਲ ਵਜੋਂ ਹੋਈ ਹੈ। ਨਾਬਾਲਗ ਲੜਕੀ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਕਿ ਉਹ ਮਾਛੀਵਾੜਾ ਇਲਾਕੇ ਦੇ ਇਕ ਪਿੰਡ ਦੀ ਰਹਿਣ ਵਾਲੀ ਹੈ। ਬਿਆਨਕਰਤਾ ਅਨੁਸਾਰ ਉਹ ਆਪਣੀ ਮਾਤਾ ਤੇ ਭਰਾ ਨਾਲ ਨਾਨਕੇ ਪਿੰਡ ਗਈ ਸੀ ਜਿੱਥੇ ਉਸਦੇ ਮੋਬਾਇਲ ਫੋਨ 'ਤੇ ਗਗਨਪ੍ਰੀਤ ਸਿੰਘ ਦਾ ਫੋਨ ਆਇਆ ਕਿ ਉਹ ਉਸਨੂੰ ਮਿਲਣਾ ਚਾਹੁੰਦਾ ਹੈ। ਸ਼ਿਕਾਇਤਕਰਤਾ ਨਾਬਾਲਗ ਲੜਕੀ ਅਨੁਸਾਰ ਜਦੋਂ ਉਹ ਗਗਨਪ੍ਰੀਤ ਸਿੰਘ ਨੂੰ ਮਿਲਣ ਗਈ ਤਾਂ ਉਸ ਨਾਲ ਉੱਥੇ ਉਸਦੀ ਭੂਆ ਪਰਮਜੀਤ ਕੌਰ ਤੇ ਉਸਦਾ ਲੜਕਾ ਸਨੀ ਵੀ ਕਾਰ ਵਿਚ ਬੈਠੇ ਸਨ। ਇਨ੍ਹਾਂ ਨੇ ਧੱਕੇ ਨਾਲ ਉਸ ਨੂੰ ਗੱਡੀ ਵਿਚ ਬਿਠਾ ਲਿਆ ਤੇ ਫਿਰ ਗਗਨਪ੍ਰੀਤ ਸਿੰਘ ਨੇ ਕੋਲਡਡ੍ਰਿੰਕ ਵਿਚ ਕੋਈ ਨਸ਼ੀਲਾ ਪਦਾਰਥ ਘੋਲ ਕੇ ਉਸ ਨੂੰ ਪਿਲਾ ਦਿੱਤਾ ਜਿਸ ਕਾਰਨ ਉਹ ਆਪਣਾ ਹੋਸ਼ ਗਵਾ ਬੈਠੀ।

## ਪੁਲਸ ਵੱਲੋਂ ਜ਼ਮੀਨ 'ਚ ਦੱਬੀ 1000 ਕਿਲੋ ਲਾਹਣ ਬਰਾਮਦ

ਗੁਰਦਾਸਪੁਰ 10 ਮਈ। ਭੈਣੀ ਮੀਆਂ ਖਾਂ ਪੁਲਸ ਨੇ ਆਬਕਾਰੀ ਵਿਭਾਗ ਦੇ ਸਹਿਯੋਗ ਨਾਲ ਬਿਆਸ ਦਰਿਆ ਦੇ ਕੰਢੇ ਤਲਾਸ਼ੀ ਮੁਹਿੰਮ ਦੌਰਾਨ ਜ਼ਮੀਨ ਵਿੱਚ ਦੱਬੀ 1000 ਕਿਲੋਂ ਲਾਹਣ ਬਰਾਮਦ ਕੀਤੀ, ਪਰ ਮੁਲਜ਼ਮ ਪੁਲਸ ਦੇ ਹੱਥ ਨਹੀਂ ਲੱਗਿਆ। ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਏ.ਐੱਸ.ਆਈ ਜਸਵਿੰਦਰਪਾਲ ਸਿੰਘ ਨੇ ਦੱਸਿਆ ਕਿ ਆਬਕਾਰੀ ਵਿਭਾਗ ਦੇ ਇੰਸਪੈਕਟਰ ਦੀਪਕ ਕੁਮਾਰ ਦੀ ਅਗਵਾਈ ਹੇਠ ਪੁਲਸ ਅਤੇ ਆਬਕਾਰੀ ਵਿਭਾਗ ਦੇ ਕਰਮਚਾਰੀਆਂ ਨੇ ਮੌਚਪੁਰ ਪਿੰਡ ਵਿੱਚ ਬਿਆਸ ਦਰਿਆ ਦੇ ਕੰਢੇ ਸਰਕੰਡਿਆਂ ਵਿੱਚ ਇੱਕ ਵਿਸ਼ੇਸ਼ ਤਲਾਸ਼ੀ ਮੁਹਿੰਮ ਚਲਾਈ। ਇਸ ਦੌਰਾਨ ਜ਼ਮੀਨ ਵਿੱਚ ਦੱਬੀਆਂ ਪੰਜ ਪਲਾਸਟਿਕ ਦੀਆਂ ਤਰਪਾਲਾਂ ਮਿਲੀਆਂ, ਜਿਨ੍ਹਾਂ 'ਚੋਂ ਹਰੇਕ ਵਿੱਚ 200 ਕਿਲੋ ਲਾਹਣ (ਕੁੱਲ 1000 ਕਿਲੋ ਲਾਹਣ) ਬਰਾਮਦ ਹੋਈ। ਜਿਸ ਨੂੰ ਮੌਕੇ 'ਤੇ ਹੀ ਨਸ਼ਟ ਕਰ ਦਿੱਤਾ ਗਿਆ। ਹਾਲਾਂਕਿ ਤਲਾਸ਼ੀ ਦੇ ਸਬੰਧ ਵਿੱਚ ਕੋਈ ਵੀ ਦੋਸ਼ੀ ਫੜਿਆ ਨਹੀਂ ਗਿਆ।

# ਸਾਵਧਾਨ ! ਤੇਜ਼ੀ ਨਾਲ ਫੈਲ ਰਹੀ ਇਹ ਘਾਤਕ ਬੀਮਾਰੀ, ਹੁਣ ਤੱਕ 82 ਲੋਕਾਂ ਦੀ ਮੌਤ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 10 ਮਈ। ਦੱਖਣੀ ਭਾਰਤੀ ਰਾਜ ਕੇਰਲ ਇਸ ਸਮੇਂ ਗੰਭੀਰ ਸਿਹਤ ਸੰਕਟ ਨਾਲ ਜੂਝ ਰਿਹਾ ਹੈ। ਰਾਜ ਵਿੱਚ ਹੈਪੇਟਾਈਟਸ ਏ ਦੇ ਮਾਮਲਿਆਂ ਵਿੱਚ ਹੋਏ ਅਚਾਨਕ ਵਾਧੇ ਨੇ ਪ੍ਰਸ਼ਾਸਨ ਨੂੰ ਚਿੰਤਤ ਕਰ ਦਿੱਤਾ, ਜਿਸ ਨਾਲ ਉਨ੍ਹਾਂ ਦੀ ਨੀਂਦ ਉੱਡ ਗਈ। ਸਰਕਾਰੀ ਅੰਕੜਿਆਂ ਅਨੁਸਾਰ ਹੁਣ ਤੱਕ 31,536 ਲੋਕ ਇਸ ਵਾਇਰਸ ਨਾਲ ਸੰਕਰਮਿਤ ਹੋ ਚੁੱਕੇ ਹਨ, ਜਦੋਂਕਿ 82 ਲੋਕਾਂ ਦੀ ਇਸ ਲਾਗ ਨਾਲ ਮੌਤ ਹੋ ਗਈ ਹੈ। ਇਸ ਬੀਮਾਰੀ ਦੇ ਫੈਲਣ ਦੇ ਮੁੱਖ ਕਾਰਨ ਦੂਸ਼ਿਤ ਪਾਣੀ ਅਤੇ ਸਫਾਈ ਦੀ ਘਾਟ ਮੰਨੀ ਜਾਂਦੀ ਹੈ। ਹੈਪੇਟਾਈਟਸ ਏ ਬਹੁਤ ਜ਼ਿਆਦਾ ਛੂਤਕਾਰੀ ਲੀਵਰ ਲਾਗ ਹੈ, ਜੋ ਹੈਪੇਟਾਈਟਸ ਏ ਵਾਇਰਸ (81੭) ਦੇ ਕਾਰਨ ਹੁੰਦੀ ਹੈ। ਇਹ ਵਾਇਰਸ ਸਿੱਧਾ ਲੀਵਰ 'ਤੇ ਹਮਲਾ ਕਰਦਾ ਹੈ ਅਤੇ ਸੋਜ ਦਾ ਕਾਰਨ ਬਣਦਾ ਹੈ। ਇਹ ਵਾਇਰਸ ਮੁੱਖ ਰੂਪ ਤੋਂ 'ਫੇਕਲ-ਓਰਲ' ਮਾਰਗ ਤੋਂ ਫੈਲਦਾ ਹੈ। ਯਾਨੀ ਜਦੋਂ ਕੋਈ ਵਿਅਕਤੀ ਇਸ ਤਰ੍ਹਾਂ ਦੇ ਭੋਜਨ ਜਾਂ ਪਾਣੀ ਦਾ ਸੇਵਨ ਕਰਦਾ ਹੈ, ਜੋ ਪ੍ਰਭਾਵਿਤ ਵਿਅਕਤੀ ਦੇ ਮਲ ਤੋਂ ਦੂਸ਼ਿਤ ਹੋਵੇ, ਫਿਰ ਇਸ ਬੀਮਾਰੀ ਤੋਂ ਪੀੜਤ ਹੋ ਜਾਂਦਾ ਹੈ। ਇਹ ਉਨ੍ਹਾਂ ਖੇਤਰਾਂ ਵਿੱਚ ਤੇਜ਼ੀ ਨਾਲ ਫੈਲਦਾ ਹੈ, ਜਿੱਥੇ ਟਾਇਲਟ ਸਹੂਲਤਾਂ ਦੀ ਘਾਟ ਹੈ ਜਾਂ ਪੀਣ ਵਾਲੇ ਪਾਣੀ ਦੇ ਖੁੱਲ੍ਹੇ ਸਰੋਤ ਹਨ। ਲਾਗ ਦੇ ਸੰਪਰਕ ਵਿੱਚ ਆਉਣ ਤੋਂ ਕੁਝ ਹਫ਼ਤੇ ਬਾਅਦ ਇਸਦੇ ਲੱਛਣ ਪੂਰੇ ਸਰੀਰ ਵਿੱਚ ਦਿਖਾਈ ਦੇਣ ਲੱਗ ਪੈਂਦੇ ਹਨ। ਜੇਕਰ ਤੁਹਾਨੂੰ ਹੇਠ ਲਿਖੇ ਲੱਛਣ ਮਹਿਸੂਸ ਹੁੰਦੇ ਹਨ, ਤਾਂ ਤੁਰੰਤ ਡਾਕਟਰ ਨਾਲ ਸਲਾਹ ਕਰੋ: ਬਹੁਤ ਜ਼ਿਆਦਾ ਥਕਾਵਟ: ਬਿਨਾਂ ਮਿਹਨਤ ਕੀਤੇ ਬਹੁਤ ਕਮਜ਼ੋਰੀ ਅਤੇ ਸੁਸਤੀ ਮਹਿਸੂਸ ਹੋਣਾ। ਪੇਟ ਦਰਦ: ਪਸਲੀਆਂ ਦੇ ਬਿਲਕੁਲ ਹੇਠਾਂ ਅਤੇ ਪੇਟ ਦੇ ਉੱਪਰ ਸੱਜੇ ਪਾਸੇ




(ਜਿੱਥੇ ਜਿਗਰ ਸਥਿਤ ਹੁੰਦਾ ਹੈ) ਦਰਦ। ਪੀਲੀਆ: ਚਮੜੀ ਅਤੇ ਅੱਖਾਂ ਦੇ ਚਿੱਟੇ ਹਿੱਸਿਆਂ ਦਾ ਪੀਲਾ ਪੈ ਜਾਣਾ। ਪਾਚਨ ਸੰਬੰਧੀ ਸਮੱਸਿਆਵਾਂ: ਮਤਲੀ, ਉਲਟੀਆਂ, ਭੁੱਖ ਨਾ ਲੱਗਣਾ ਅਤੇ ਗੂੜ੍ਹਾ ਪਿਸ਼ਾਬ। ਹੋਰ: ਜੋੜਾਂ ਵਿੱਚ ਦਰਦ, ਚਮੜੀ 'ਤੇ ਖਾਰਸ਼, ਅਤੇ ਹਲਕਾ ਬੁਖਾਰ। ਰੋਕਥਾਮ ਉਪਾਅ: ਆਪਣੇ ਆਪ ਨੂੰ ਕਿਵੇਂ ਸੁਰੱਖਿਅਤ ਕਰੀਏ? ਹੈਪੇਟਾਈਟਸ ਏ ਤੋਂ ਬਚਣ ਲਈ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਤੁਸੀਂ ਆਪਣੀ ਸਫਾਈ ਅਤੇ ਖੁਰਾਕ ਵੱਲ ਧਿਆਨ ਦਿਓ: ਟੀਕਾਕਰਨ: ਹੈਪੇਟਾਈਟਸ ਏ ਟੀਕਾਕਰਨ ਇਸ ਬਿਮਾਰੀ ਨੂੰ ਰੋਕਣ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਹੈ। ਸਾਫ਼ ਪਾਣੀ: ਹਮੇਸ਼ਾ ਉਬਾਲੇ ਹੋਏ ਜਾਂ ਫਿਲਟਰ ਕੀਤੇ ਪਾਣੀ ਨੂੰ ਪੀਓ। ਖੁੱਲ੍ਹੇ ਸਰੋਤਾਂ ਜਾਂ ਟੂਟੀ ਵਾਲੇ ਪਾਣੀ ਤੋਂ ਸਿੱਧਾ ਪਾਣੀ ਪੀਣ ਤੋਂ ਬਚੋ। ਭੋਜਨ ਦੀ ਸਫਾਈ: ਕੱਚਾ ਜਾਂ ਘੱਟ ਪੱਕਿਆ ਹੋਇਆ ਮਾਸ ਅਤੇ ਸਮੁੰਦਰੀ ਭੋਜਨ ਖਾਣ ਤੋਂ ਪਰਹੇਜ਼ ਕਰੋ। ਖਾਣ ਤੋਂ ਪਹਿਲਾਂ ਫਲਾਂ ਅਤੇ ਸਬਜ਼ੀਆਂ ਨੂੰ ਚੰਗੀ ਤਰ੍ਹਾਂ ਧੋਵੋ। ਨਿੱਜੀ ਸਫਾਈ : ਖਾਣਾ ਖਾਣ ਤੋਂ ਪਹਿਲਾਂ ਅਤੇ ਟਾਇਲਟ ਜਾਣ ਤੋਂ ਬਾਅਦ ਸਾਬਣ ਨਾਲ ਹੱਥ ਚੰਗੀ ਤਰ੍ਹਾਂ ਧੋਵੋ। ਨਿੱਜੀ ਚੀਜ਼ਾਂ (ਜਿਵੇਂ ਕਿ ਤੌਲੀਏ, ਟੂਥਬ੍ਰਸ਼) ਸਾਂਝੀਆਂ ਨਾ ਕਰੋ। ਸੁਰੱਖਿਅਤ ਵਿਵਹਾਰ: ਸੰਕਰਮਿਤ ਵਿਅਕਤੀਆਂ ਨੂੰ ਦੂਜਿਆਂ ਲਈ ਖਾਣਾ ਨਹੀਂ ਪਕਾਉਣਾ ਚਾਹੀਦਾ ਅਤੇ ਸੁਰੱਖਿਅਤ ਸਰੀਰਕ ਸੰਪਰਕ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ।

## ਮਿੰਟਾਂ 'ਚ ਮੁੰਡੇ ਦੀ ਲੱਗ ਗਈ 8.40 ਕਰੋੜ ਦੀ ਲਾਟਰੀ

ਸਪੋਰਟਸ ਡੈਸਕ 10 ਮਈ। ਜੰਮੂ-ਕਸ਼ਮੀਰ ਕ੍ਰਿਕਟ ਨੇ ਆਈ.ਪੀ.ਐੱਲ. ਸੀਜ਼ਨ 19 ਦੇ ਮਿੰਨੀ ਆਕਸ਼ਨ 'ਚ ਨਵਾਂ ਇਤਿਹਾਸ ਰਚ ਦਿੱਤਾ ਹੈ। ਬਾਰਾਮੂਲਾ 'ਚ ਪੈਦਾ ਹੋਏ ਤੇਜ਼ ਗੇਂਦਬਾਜ਼ ਆਕਿਬ ਨਬੀ ਡਾਰ ਨੂੰ ਦਿੱਲੀ ਕੈਪੀਟਲਜ਼ ਨੇ 8.40 ਕਰੋੜ ਰੁਪਏ ਦੀ ਵੱਡੀ ਰਕਮ ਨਾਲ ਖਰੀਦਿਆ। ਇਸਦੇ ਨਾਲ ਹੀ ਆਕਿਬ ਆਈ.ਪੀ.ਐੱਲ. ਆਕਸ਼ਨ 'ਚ ਸਭ ਤੋਂ ਮਹਿੰਗੇ ਭਾਰਤੀ ਖਿਡਾਰੀਆਂ 'ਚ ਸ਼ਾਮਲ ਹੋ ਗਏ ਹਨ। ਇਹ ਸੌਦਾ ਸਿਰਫ ਆਕਿਬ ਨਬੀ ਡਾਰ ਦੀ ਵਧਦੀ ਪਛਾਣ ਨੂੰ ਹੀ ਨਹੀਂ ਦਰਸ਼ਾਉਂਦਾ ਸਗੋਂ ਜੰਮੂ-ਕਸ਼ਮੀਰ ਵਰਗੇ ਖੇਤਰ ਲਈ ਵੀ ਇਕ ਇਤਿਹਾਸਿਕ ਪਲ ਮੰਨਿਆ ਜਾ ਰਿਹਾ ਹੈ, ਜਿਥੇ ਸੀਮਿਤ ਸਾਧਨਾਂ ਅਤੇ ਘੱਟ ਮੌਕੇ ਮਿਲਣ ਦੇ ਬਾਵਜੂਦ ਲਗਾਤਾਰ ਪ੍ਰਤੀਭਾਸ਼ਾਲੀ ਕ੍ਰਿਕਟਰ ਸਾਹਮਣੇ ਆ ਰਹੇ ਹਨ। 28 ਸਾਲਾ ਸੱਜੇ ਹੱਥ ਦੇ ਤੇਜ਼ ਗੇਂਦਬਾਜ਼ ਆਕਿਬ ਨਬੀ ਡਾਰ ਇਸ ਨਿਲਾਮੀ 'ਚ ਜੰਮੂ-ਕਸ਼ਮੀਰ ਦੇ ਖਿਡਾਰੀਆਂ ਦੀ ਅਗਵਾਈ ਕਰ ਰਹੇ ਸਨ। ਘਰੇਲੂ ਕ੍ਰਿਕਟ 'ਚ ਉਨ੍ਹਾਂ ਨੇ ਆਪਣੀ ਸਹੀ ਗੇਂਦਬਾਜ਼ੀ, ਅਨੁਸ਼ਾਸਨ ਅਤੇ ਮੁਸ਼ਕਿਲ ਹਲਾਤਾਂ 'ਚ ਗੇਂਦ ਨੂੰ ਸਵਿੰਗ ਕਰਾਉਣ ਦੀ ਕਾਬਲੀਅਤ ਤੋਂ ਅਲੱਗ ਪਛਾਣ ਬਣਾਈ ਹੈ। ਉਹ ਸਾਰੇ ਫਾਰਮੇਟ 'ਚ ਜੰਮੂ-ਕਸ਼ਮੀਰ ਲਈ ਲਗਾਤਾਰ ਮੈਚ ਜਿਤਾਉਣ ਵਾਲੇ ਗੇਂਦਬਾਜ਼ ਸਾਬਿਤ ਹੋਏ ਹਨ। ਆਕਿਬ ਦਾ ਬ੍ਰੇਕਥਰੂ ਹਾਲੀਆ ਰਣਜੀ ਟਰਾਫੀ ਸੀਜ਼ਨ 'ਚ ਦੇਖਣ ਨੂੰ ਮਿਲਿਆ। ਇਸ ਦੌਰਾਨ ਉਨ੍ਹਾਂ ਨੇ ਕਈ ਮੈਚਾਂ 'ਚ ਫੈਸਲਾਕੁੰਨ ਸਪੈਲ ਸੁੱਟੇ ਅਤੇ ਕੁੱਲ 44 ਵਿਕਟਾਂ ਹਾਸਿਲ ਕੀਤੀਆਂ। ਇਸ ਪ੍ਰਦਰਸ਼ਨ ਦੇ ਨਾਲ ਉਹ ਦੇਸ਼ ਦੇ ਚੋਟੀ ਦੇ ਵਿਕਟ ਲੈਣ ਵਾਲੇ ਗੇਂਦਬਾਜ਼ਾਂ 'ਚ ਸ਼ਾਮਲ ਰਹੇ। ਮਜਬੂਤ ਘਰੇਲੂ ਟੀਮਾਂ ਖਿਲਾਫ ਉਨ੍ਹਾਂ ਦੇ ਪ੍ਰਦਰਸ਼ਨ ਨੇ ਆਈ.ਪੀ.ਐੱਲ. ਸਕਾਊਟਸ ਦਾ ਧਿਆਨ ਖਿੱਚਿਆ ਅਤੇ ਮਿੰਨੀ ਆਕਸ਼ਨ 'ਚ ਉਨ੍ਹਾਂ ਲਈ ਜ਼ਬਰਦਸਤ ਬੋਲੀ ਲੱਗੀ। ਗੇਂਦਬਾਜ਼ੀ ਦੇ ਨਾਲ-ਨਾਲ ਆਕਿਬ ਨੇ ਹੇਠਲੇ ਕ੍ਰਮ 'ਚ ਉਪਯੋਗੀ ਬੱਲੇਬਾਜ਼ੀ ਕਰਨ ਦੀ ਸਮਰਥਾ ਵੀ ਦਿਖਾਈ ਹੈ। ਇਸੇ ਕਾਰਨ ਫ?ਰੈਂਚਾਈਜ਼ੀਆਂ ਲਈ ਉਹ ਇਕ ਭਰੋਸੇਮੰਦ ਆਲ ਰਾਊਂਡਰ ਆਪਸ਼ਨ ਬਣ ਕੇ ਉਭਰੇ, ਜਿਸ ਨਾਲ ਉਨ੍ਹਾਂ ਦੀ ਮੰਗ ਹੋਰ ਵੱਧ ਗਈ।

## ਜਲੰਧਰ ਵਿਖੇ ਵਿਆਹ ਦਾ ਝਾਂਸਾ ਕੇ ਨਾਬਾਲਗ ਕੁੜੀ ਨੂੰ ਕੀਤਾ ਅਗਵਾ

ਜਲੰਧਰ 10 ਮਈ। ਬਸਤੀ ਬਾਵਾ ਖੇਲ ਪੁਲਸ ਸਟੇਸ਼ਨ ਦੇ ਅਧਿਕਾਰ ਖੇਤਰ ਅਧੀਨ ਆਉਣ ਵਾਲੇ ਇਲਾਕੇ ਦਿਲਬਾਗ ਨਗਰ ਦੀ ਇਕ 14 ਸਾਲਾ ਲੜਕੀ ਦੇ ਅਗਵਾ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਲੜਕੀ ਦੇ ਪਿਤਾ ਨੇ ਆਪਣੀ ਪੁਲਸ ਸ਼ਿਕਾਇਤ ਵਿਚ ਕਿਹਾ ਹੈ ਕਿ ਆਰੀਆ ਨਗਰ ਦੇ ਰਹਿਣ ਵਾਲੇ ਰਾਹੁਲ ਨਾਮ ਦੇ ਇਕ ਲੜਕੇ ਨੇ ਉਸ ਦੀ ਨਾਬਾਲਗ ਧੀ ਨੂੰ ਵਿਆਹ ਦਾ ਝਾਂਸਾ ਦੇ ਕੇ ਅਗਵਾ ਕਰ ਲਿਆ ਹੈ।

# ਠੱਗੀ ਦਾ ਅਨੋਖਾ ਤਰੀਕਾ ! ਮਦਦ ਦੇ ਨਾਂ 'ਤੇ ਸੋਨੇ ਦੀ ਮੁੰਦਰੀ ਤੇ ਨਕਦੀ ਲੈ ਕੇ 5 ਠੱਗ ਫਰਾਰ

ਹਾਜੀਪੁਰ 10 ਮਈ। ਹਾਜੀਪੁਰ ਵਿਖੇ ਅੱਜ ਦਿਨ-ਦਿਹਾੜੇ ਠੱਗੀ ਮਾਰਨ ਦਾ ਇਕ ਅਨੋਖਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇਕ ਗੱਡੀ ਵਿੱਚ ਸਵਾਰ ਹੋ ਕੇ ਆਏ ਪੰਜ ਵਿਅਕਤੀਆਂ ਨੇ ਇਕ ਮਹਿਲਾ ਨੂੰ ਆਪਣੀ ਚਲਾਕੀ ਦਾ ਸ਼ਿਕਾਰ ਬਣਾਉਂਦੇ ਹੋਏ ਉਸ ਕੋਲੋਂ ਸੋਨੇ ਦੀ ਮੁੰਦਰੀ, ਕੱਪੜੇ ਅਤੇ ਨਕਦੀ ਲੈ ਕੇ ਰਫੂ-ਚੱਕਰ ਹੋ ਗਏ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਘਟਨਾ ਅੱਜ ਸਵੇਰੇ ਕਰੀਬ ਸਾਢੇ 10 ਵਜੇ ਹਾਜੀਪੁਰ ਦੀ ਪਾਵਰ ਕਾਲੋਨੀ ਵਿਖੇ ਵਾਪਰੀ। ਇਕ ਗੱਡੀ ਵਿੱਚ ਸਵਾਰ ਹੋ ਕੇ ਆਏ 5 ਵਿਅਕਤੀਆਂ ਨੇ ਕਾਲੋਨੀ 'ਚ ਅਨਾਊਂਸਮੈਂਟ ਕੀਤੀ ਕਿ ਉਹ ਇਕ ਅਨਾਥ ਆਸ਼ਰਮ ਤੋਂ ਆਏ ਹਨ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਲੋੜਵੰਦ ਲੜਕੀਆਂ ਦੇ ਵਿਆਹ ਲਈ ਕੱਪੜੇ ਅਤੇ ਨਕਦੀ ਦਾਨ ਕਰਨ। ਇਨ੍ਹਾਂ 5 ਵਿਅਕਤੀਆਂ ਵਿੱਚੋਂ ਦੋ ਜਣੇ ਕਾਲੋਨੀ ਨਿਵਾਸੀ ਰਮਨ ਬਾਲਾ ਪਤਨੀ ਨਵਦੀਪ ਸਿੰਘ ਦੇ ਘਰ ਅੰਦਰ ਦਾਖ਼ਲ ਹੋਏ ਅਤੇ ਮਦਦ ਦੀ ਮੰਗ ਕੀਤੀ। ਦੱਸਿਆ ਜਾ ਰਿਹਾ ਹੈ ਕਿ ਉਕਤ ਵਿਅਕਤੀਆਂ ਨੇ ਰਮਨ ਬਾਲਾ ਨੂੰ ਕੋਈ ਨਸ਼ੀਲੀ ਚੀਜ਼ ਸੁੰਘਾ ਦਿੱਤੀ, ਜਿਸ ਤੋਂ ਬਾਅਦ ਉਹ ਬੇਸੁਧ ਹੋ ਗਈ। ਇਸ ਦਾ ਫਾਇਦਾ ਉਠਾਉਂਦੇ ਹੋਏ ਠੱਗ ਉਸ ਕੋਲੋਂ ਇਕ ਸੋਨੇ ਦੀ ਮੁੰਦਰੀ, ਇਕ ਸੂਟ ਅਤੇ 1100 ਰੁਪਏ ਨਕਦੀ ਲੈ ਕੇ ਫਰਾਰ ਹੋ ਗਏ। ਇਹ ਸਾਰੀ ਘਟਨਾ ਸੀ. ਸੀ. ਟੀ. ਵੀ. ਕੈਮਰਿਆਂ ਵਿੱਚ ਕੈਦ ਹੋ ਗਈ ਹੈ। ਪੀੜਤ ਪਰਿਵਾਰ ਵੱਲੋਂ ਘਟਨਾ ਦੀ ਸੂਚਨਾ ਤੁਰੰਤ ਪੁਲਸ ਨੂੰ ਦੇ ਦਿੱਤੀ ਗਈ ਹੈ। ਨਵਦੀਪ ਸਿੰਘ ਨੇ ਐੱਸ. ਐੱਸ. ਪੀ. ਹੁਸ਼ਿਆਰਪੁਰ ਤੋਂ ਮੰਗ ਕੀਤੀ ਹੈ ਕਿ ਸੀ. ਸੀ. ਟੀ. ਵੀ. ਫੁਟੇਜ ਦੇ ਅਧਾਰ 'ਤੇ ਇਨ੍ਹਾਂ ਠੱਗਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਤੁਰੰਤ ਕਾਬੂ ਕੀਤਾ ਜਾਵੇ ਅਤੇ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਤਾਂ ਜੋ ਇਲਾਕੇ ਵਿੱਚ ਅਜਿਹੀਆਂ ਘਟਨਾਵਾਂ ਨੂੰ ਨੱਥ ਪਾਈ ਜਾ ਸਕੇ।

## ਜਲੰਧਰ ਵਿਖੇ ਖੇਤਾਂ 'ਚੋਂ ਮਿਲੀ ਨੌਜਵਾਨ ਦੀ ਲਾਸ਼

ਜਲੰਧਰ 10 ਮਈ। ਜਲੰਧਰ ਵਿਚ ਸ਼ੱਕੀ ਹਾਲਾਤ ਵਿਚ ਵਿਅਕਤੀ ਦੀ ਲਾਸ਼ ਬਰਾਮਦ ਕੀਤੀ ਗਈ ਹੈ। ਮ੍ਰਿਤਕ ਦੀ ਪਛਾਣ ਰਾਜਾ (34) ਵਾਸੀ ਗੋਰਾਇਆ ਵਜੋਂ ਹੋਈ ਹੈ। ਜਾਣਕਾਰੀ ਮੁਤਾਬਕ ਥਾਣਾ ਲਾਂਬੜਾ ਦੇ ਅਧੀਨ ਆਉਂਦੇ ਇਕ ਇਲਾਕੇ ਦੇ ਖੇਤਾਂ ਵਿਚੋਂ ਨੌਜਵਾਨ ਦੀ ਲਾਸ਼ ਬਰਾਮਦ ਕੀਤੀ ਗਈ ਹੈ। ਇਹ ਲਾਸ਼ ਸਭ ਤੋਂ ਪਹਿਲਾਂ ਉਥੋਂ ਲੰਘ ਰਹੇ ਇਕ ਵਿਅਕਤੀ ਨੇ ਵੇਖੀ। ਜਿਵੇਂ ਹੀ ਘਟਨਾ ਦੀ ਜਾਣਕਾਰੀ ਨੇੜੇ ਦੇ ਲੋਕਾਂ ਨੂੰ ਮਿਲੀ, ਇਲਾਕੇ ਵਿਚ ਹੜਕੰਪ ਮਚ ਗਿਆ ਅਤੇ ਲੋਕਾਂ ਵਿਚ ਦਹਿਸ਼ਤ ਫੈਲ ਗਈ। ਘਟਨਾ ਦੀ ਸੂਚਨਾ ਮਿਲਦੇ ਹੀ ਸਬੰਧਤ ਥਾਣੇ ਦੀ ਪੁਲਸ ਮੌਕੇ 'ਤੇ ਪਹੁੰਚੀ। ਪੁਲਸ ਨੇ ਲਾਸ਼ ਨੂੰ ਕਬਜ਼ੇ 'ਚ ਲੈ ਲਿਆ ਹੈ ਅਤੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਦਰਿੰਦਗੀ ! ਬੰਦ ਫੈਕਟਰੀ 'ਚ ਨਾਬਾਲਗ ਨਾਲ ਸਮੂਹਿਕ ਜਬਰ-ਜ਼ਨਾਹ

**ਏਜੰਸੀਆਂ**

ਨੈਸ਼ਨਲ ਡੈਸਕ 10 ਮਈ। ਪੱਛਮੀ ਬੰਗਾਲ ਦੇ ਹੁਗਲੀ ਜ਼ਿਲ੍ਹੇ ਤੋਂ ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲੀ ਖ਼ਬਰ ਸਾਹਮਣੇ ਆਈ ਹੈ, ਜਿੱਥੇ ਇੱਕ ਬੰਦ ਪਈ ਫੈਕਟਰੀ ਵਿੱਚ 16 ਸਾਲਾ ਨਾਬਾਲਗ ਲੜਕੀ ਨਾਲ ਕਥਿਤ ਤੌਰ 'ਤੇ ਸਮੂਹਿਕ ਜਬਰ-ਜ਼ਨਾਹ ਕੀਤਾ ਗਿਆ। ਪੁਲਸ ਨੇ ਇਸ ਮਾਮਲੇ ਵਿੱਚ ਤੁਰੰਤ ਕਾਰਵਾਈ ਕਰਦੇ ਹੋਏ ਹੁਣ ਤੱਕ ਦੋ ਲੋਕਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਜਾਣਕਾਰੀ ਅਨੁਸਾਰ ਇਹ ਘਟਨਾ ਵੀਰਵਾਰ ਸ਼ਾਮ ਨੂੰ ਵਾਪਰੀ ਜਦੋਂ 16 ਸਾਲਾ ਲੜਕੀ ਆਪਣੇ ਇੱਕ ਦੋਸਤ ਨਾਲ ਹੁਗਲੀ ਜ਼ਿਲ੍ਹੇ ਵਿੱਚ ਸਥਿਤ ਬੰਦ ਪਈ ਹਿੰਦਮੋਟਰ ਫੈਕਟਰੀ ਦੇ ਕੰਪਲੈਕਸ ਵਿੱਚ ਗਈ ਸੀ। ਪੁਲਸ ਅਧਿਕਾਰੀ ਮੁਤਾਬਕ, ਦੋਸ਼ ਹੈ ਕਿ ਉੱਥੇ ਮੌਜੂਦ ਮੁਲਜ਼ਮਾਂ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਨਾਬਾਲਗ ਨਾਲ ਜਿਨਸੀ ਸ਼ੋਸ਼ਣ ਕੀਤਾ। ਪੁਲਸ ਨੇ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਪੋਕਸੋ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਵਿੱਚੋਂ ਇੱਕ ਦੀ ਪਛਾਣ ਦੀਪਾਂਕਰ ਅਧਿਕਾਰੀ (ਉਰਫ ਸੋਨਾਈ) ਵਜੋਂ ਹੋਈ ਹੈ, ਜਿਸ ਬਾਰੇ ਦੱਸਿਆ ਜਾ ਰਿਹਾ ਹੈ ਕਿ ਉਹ ਇਲਾਕੇ ਦਾ ਤ੍ਰਿਣਮੂਲ ਕਾਂਗਰਸ ("$3) ਦਾ ਯੂਥ ਆਗੂ ਹੈ। ਦੂਜਾ ਗ੍ਰਿਫਤਾਰ ਮੁਲਜ਼ਮ ਲੜਕੀ ਦਾ ਕਥਿਤ ਬੁਆਏਫ?ਰੈਂਡ ਹੈ, ਜੋ ਕਿ ਖੁਦ ਵੀ ਨਾਬਾਲਗ (17 ਸਾਲ) ਹੈ ਅਤੇ ਉਸਨੂੰ ਜੁਵੇਨਾਈਲ ਬੋਰਡ ਭੇਜ ਦਿੱਤਾ ਗਿਆ ਹੈ। ਪੁਲਸ ਹੁਣ ਇਸ ਮਾਮਲੇ ਵਿੱਚ ਦੋ ਹੋਰ ਫਰਾਰ ਮੁਲਜ਼ਮਾਂ ਦੀ ਭਾਲ ਕਰ ਰਹੀ ਹੈ। ਇਸ ਘਟਨਾ ਤੋਂ ਬਾਅਦ ਸੂਬੇ ਵਿੱਚ ਸਿਆਸੀ ਮਾਹੌਲ ਗਰਮਾ ਗਿਆ ਹੈ। ਭਾਜਪਾ ਵਿਧਾਇਕਾ ਅਗਨੀਮਿੱਤਰਾ ਪਾਲ ਨੇ ਮਮਤਾ ਬੈਨਰਜੀ ਸਰਕਾਰ 'ਤੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਮਹਿਲਾ ਮੁੱਖ ਮੰਤਰੀ ਹੋਣ ਦੇ ਬਾਵਜੂਦ ਬੰਗਾਲ ਵਿੱਚ ਔਰਤਾਂ ਸੁਰੱਖਿਅਤ ਨਹੀਂ ਹਨ। ਦੂਜੇ ਪਾਸੇ, ਟੀਐਮਸੀ ਆਗੂਆਂ ਨੇ ਸਪੱਸ਼ਟ ਕੀਤਾ ਹੈ ਕਿ ਉਹ ਅਜਿਹੀਆਂ ਅਪਰਾਧਿਕ ਗਤੀਵਿਧੀਆਂ ਦਾ ਸਮਰਥਨ ਨਹੀਂ ਕਰਦੇ ਅਤੇ ਜੇਕਰ ਦੋਸ਼ੀ ਪਾਇਆ ਗਿਆ ਤਾਂ ਪਾਰਟੀ ਵੱਲੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ। ਪੁਲਸ ਵੱਲੋਂ ਮਾਮਲੇ ਦੀ ਹਰ ਪਹਿਲੂ ਤੋਂ ਜਾਂਚ ਜਾਰੀ ਹੈ।

# ਕਰੰਟ ਬਣਿਆ 'ਕਾਲ': ਮੱਧ ਪ੍ਰਦੇਸ਼ 'ਚ ਪਿਛਲੇ ਸਾਲ 10 ਚੀਤਿਆਂ ਦੀ ਮੌਤ

ਨੈਸ਼ਨਲ ਡੈਸਕ 10 ਮਈ। ਮੱਧ ਪ੍ਰਦੇਸ਼ ਵਿੱਚ ਖੇਤਾਂ ਦੀ ਸੁਰੱਖਿਆ ਲਈ ਕਿਸਾਨਾਂ ਵੱਲੋਂ ਵਿਛਾਈਆਂ ਜਾਂਦੀਆਂ ਬਿਜਲੀ ਦੀਆਂ ਤਾਰਾਂ ਜੰਗਲੀ ਜੀਵਾਂ ਲਈ ਜਾਨਲੇਵਾ ਸਾਬਤ ਹੋ ਰਹੀਆਂ ਹਨ। ਸਾਲ 2025 ਵਿੱਚ ਸੂਬੇ ਵਿੱਚ ਕੁੱਲ 56 ਚੀਤਿਆਂ ਦੀ ਮੌਤ ਹੋਈ ਹੈ, ਜੋ ਕਿ 1973 ਵਿੱਚ 'ਪ੍ਰੋਜੈਕਟ ਟਾਈਗਰ' ਸ਼ੁਰੂ ਹੋਣ ਤੋਂ ਬਾਅਦ ਸਭ ਤੋਂ ਵੱਧ ਹੈ। ਇਨ੍ਹਾਂ ਵਿੱਚੋਂ 38 ਮੌਤਾਂ ਭਾਵੇਂ ਕੁਦਰਤੀ ਕਾਰਨਾਂ ਜਿਵੇਂ ਬਿਮਾਰੀ ਜਾਂ ਉਮਰ ਕਾਰਨ ਹੋਈਆਂ, ਪਰ 10 ਚੀਤਿਆਂ ਦੀ ਮੌਤ ਗੈਰ-ਕਾਨੂੰਨੀ ਤੌਰ 'ਤੇ ਲਗਾਈਆਂ ਬਿਜਲੀ ਦੀਆਂ ਤਾਰਾਂ ਦੀ ਲਪੇਟ ਵਿੱਚ ਆਉਣ ਨਾਲ ਹੋਈ। ਪਿਛਲੇ 10 ਸਾਲਾਂ ਵਿੱਚ ਬਿਜਲੀ ਦੇ ਕਰੰਟ ਕਾਰਨ 39 ਚੀਤੇ, 101 ਤੇਂਦੂਏ ਅਤੇ 36 ਭਾਲੂਆਂ ਦੀ ਜਾਨ ਚਲੀ ਗਈ ਹੈ। ਇਸ ਤੋਂ ਇਲਾਵਾ ਹੋਰ ਜੰਗਲੀ ਜੀਵਾਂ ਵਿੱਚ 322 ਜੰਗਲੀ ਸੂਰ, 118 ਨੀਲਗਾਵਾਂ, 82 ਚੀਤਲ ਤੇ 50 ਸਾਂਭਰ ਵੀ ਇਸ ਕਰੰਟ ਦੀ ਭੇਟ ਚੜ੍ਹ ਚੁੱਕੇ ਹਨ। ਜੰਗਲੀ ਜੀਵਾਂ ਦੀਆਂ ਵਧਦੀਆਂ ਮੌਤਾਂ ਨੂੰ ਵੇਖਦਿਆਂ ਵਣ ਬਲ ਮੁਖੀ ਵਿਜੇ ਕੁਮਾਰ ਅੰਬਾੜੇ ਨੇ ਅਧਿਕਾਰੀਆਂ ਨੂੰ ਜੰਗਲਾਂ ਨਾਲ ਲੱਗਦੇ ਪੇਂਡੂ ਖੇਤਰਾਂ ਵਿੱਚ ਸੰਘਣੀ ਪੈਟਰੋਲਿੰਗ ਕਰਨ ਦੇ ਹੁਕਮ ਦਿੱਤੇ ਹਨ। ਵਿਭਾਗ ਨੇ ਊਰਜਾ ਵਿਭਾਗ ਨੂੰ ਵੀ ਪੱਤਰ ਲਿਖ ਕੇ ਬਿਜਲੀ ਦੀਆਂ ਤਾਰਾਂ ਜਾਂ



ਫੰਦੇ ਲੱਗੇ ਹੋਣ 'ਤੇ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਮੱਧ ਪ੍ਰਦੇਸ਼, ਜਿੱਥੇ 9 ਟਾਈਗਰ ਰਿਜ਼ਰਵ ਹਨ ਅਤੇ 785 ਚੀਤੇ ਮੌਜੂਦ ਹਨ, ਉੱਥੇ ਉਮਰੀਆ, ਬਾਲਾਘਾਟ, ਸਿਵਨੀ, ਪੰਨਾ, ਰਾਇਸੇਨ, ਸਾਗਰ ਅਤੇ ਨਰਮਦਾਪੁਰਮ ਸਭ ਤੋਂ ਵੱਧ ਖ਼ਤਰੇ ਵਾਲੇ ਜ਼ਿਲ੍ਹੇ ਹਨ। ਹਾਲ ਹੀ ਦੇ ਅੰਕੜੇ ਦੱਸਦੇ ਹਨ ਕਿ ਦਸੰਬਰ ਮਹੀਨੇ ਦੌਰਾਨ ਰਾਇਸੇਨ, ਉਮਰੀਆ ਅਤੇ ਸਾਗਰ ਵਿੱਚ ਕਰੰਟ ਕਾਰਨ ਕਈ ਚੀਤਿਆਂ ਨੇ ਦਮ ਤੋੜਿਆ ਹੈ।

# ਸਾਵਧਾਨ ! ਮੱਕੜੀ ਦੇ ਜਾਲ ਵਾਂਗ ਫੈਲ ਰਹੇ ਫਰਜ਼ੀ ਕਾਲ ਸੈਂਟਰ, 'ਡਿਜੀਟਲ ਅਰੈਸਟ' ਦੇ ਨਾਂ 'ਤੇ ਹੜੱਪੇ ਜਾ ਰਹੇ ਕਰੋੜਾਂ ਰੁਪਏ

**ਕੌਮੀ ਪਤ੍ਰਿਕਾ**

ਫਗਵਾੜਾ 10 ਮਈ। ਦੇਸ਼ ਅਤੇ ਵਿਦੇਸ਼ ਵਿਚ ਸਾਈਬਰ ਠੱਗੀ ਦੇ ਮਾਮਲਿਆਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਫਰਜ਼ੀ ਕਾਲ ਸੈਂਟਰ ਮੱਕੜੀ ਦੇ ਜਾਲ ਵਾਂਗ ਫੈਲ ਰਹੇ ਹਨ। ਵਿਸ਼ੇਸ਼ ਤੌਰ 'ਤੇ 'ਡਿਜੀਟਲ ਅਰੈਸਟ' ਦੇ ਨਾਂ 'ਤੇ ਕੀਤੀ ਜਾ ਰਹੀ ਠੱਗੀ ਨੇ ਆਮ ਲੋਕਾਂ ਦੀ ਨੀਂਦ ਉਡਾ ਦਿੱਤੀ ਹੈ। ਇਸੇ ਕੜੀ ਵਿਚ ਪੰਜਾਬ ਵਿਚ ਉਦਯੋਗਿਕ ਨਗਰੀ ਅਤੇ ਪ੍ਰਦੇਸ਼ ਦੇ ਦੋਆਬਾ ਇਲਾਕੇ ਦਾ ਗੇਟਵੇਅ ਮੰਨੇ ਜਾਂਦੇ ਫਗਵਾੜਾ ਦਾ ਨਾਮ ਬੀਤੇ ਕੁਝ ਸਮੇਂ ਤੋਂ ਖ਼ਾਸੀਆਂ ਸੁਰਖੀਆਂ ਵਿਚ ਹੈ, ਕਿਉਂਕਿ ਕੁਝ ਸਮੇਂ ਪਹਿਲਾਂ ਜ਼ਿਲਾ ਕਪੂਰਥਲਾ ਦੀ ਸਾਈਬਰ ਕ੍ਰਾਈਮ ਵਿਭਾਗ ਦੀ ਪੁਲਸ ਟੀਮ ਅਤੇ ਥਾਣਾ ਸਿਟੀ ਫਗਵਾੜਾ ਦੀ ਪੁਲਸ ਵੱਲੋਂ ਇੱਥੋਂ ਦੇ ਸੰਘਣੀ ਆਬਾਦੀ ਵਾਲੇ ਪਲਾਹੀ ਰੋਡ ਇਲਾਕੇ ਵਿਚ ਇਕ ਵਿਲਾ ਵਿਚ ਚਲਾਏ ਜਾ ਰਹੇ ਇਕ ਅਜਿਹੇ ਫਰਜ਼ੀ ਕਾਲ ਸੈਂਟਰ ਦਾ ਪਰਦਾਫਾਸ਼ ਕੀਤਾ ਗਿਆ ਹੈ, ਜਿਸ ਦੇ ਤਾਰ ਕ੍ਰਿਪਟੋ ਕਰੰਸੀ ਤੋਂ ਲੈ ਕੇ ਹਵਾਲਾ ਕਾਰੋਬਾਰ ਅਤੇ ਹੁਣ ਡਿਜੀਟਲ ਅਰੈਸਟ ਦੇ ਮਾਮਲਿਆਂ ਨਾਲ ਵੀ ਜੋੜੇ ਜਾ ਰਹੇ ਹਨ। ਸੂਤਰਾਂ ਅਨੁਸਾਰ ਪੁਲਸ ਜਾਂਚ ਵਿਚ ਆਏ ਦਿਨ ਹੈਰਾਨ ਕਰਨ ਵਾਲੇ ਤੱਥ ਸਾਹਮਣੇ ਆ ਰਹੇ ਹਨ। ਚਰਚਾ ਇਹ ਵੀ ਹੈ ਕਿ ਫਗਵਾੜਾ ਦੇ ਇਸ ਫਰਜ਼ੀ ਕਾਲ ਸੈਂਟਰ ਤੋਂ ਵਿਦੇਸ਼ਾਂ ਵਿਚ ਰਹਿ ਰਹੇ ਮਾਸੂਮ ਲੋਕਾਂ ਨੂੰ ਵੱਖ-ਵੱਖ ਤਰੀਕੇ ਅਪਣਾ ਕੇ ਕਥਿਤ ਤੌਰ 'ਤੇ ਡਿਜੀਟਲ ਅਰੈਸਟ ਦਾ ਡਰਾਵਾ ਦੇ ਕੇ ਮੋਟੀਆਂ ਰਕਮਾਂ ਵਸੂਲ ਕੀਤੀਆਂ ਜਾਂਦੀਆਂ ਰਹੀਆਂ ਹਨ। ਅਜੇ ਉਕਤ ਸਾਰੇ ਮਾਮਲੇ ਦੀ ਪੁਲਸ ਜਾਂਚ ਦਾ ਦੌਰ ਜਾਰੀ ਦੱਸਿਆ ਜਾ ਰਿਹਾ ਹੈ। ਪੀੜਤ ਨੂੰ ਚਾਹੀਦਾ ਹੈ ਕਿ ਉਹ ਸਾਰੇ ਸਬੂਤ ਜਿਵੇਂ ਕਾਲ ਰਿਕਾਰਡਿੰਗ, ਮੈਸੇਜ, ਬੈਂਕ ਟ?ਰਾਂਜੈਕਸ਼ਨ ਡਿਟੇਲ ਸੁਰੱਖਿਅਤ ਰੱਖਣ ਤਾਂ ਜੋ ਜਾਂਚ ਏਜੰਸੀਆਂ ਨੂੰ ਕਾਰਵਾਈ ਕਰਨ ਵਿਚ ਆਸਾਨੀ ਹੋਵੇ। ਸਰਕਾਰ ਅਤੇ ਪੁਲਸ ਵੱਲੋਂ ਲਗਾਤਾਰ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ ਪਰ ਮਾਹਿਰ ਮੰਨਦੇ ਹਨ ਕਿ ਜਦੋਂ ਤੱਕ ਆਮ ਨਾਗਰਿਕ ਸਤਰਕ ਨਹੀਂ ਹੋਣਗੇ, ਉਦੋਂ ਤੱਕ ਇਸ ਤਰ੍ਹਾਂ ਦੇ ਅਪਰਾਧਾਂ 'ਤੇ ਪੂਰੀ ਤਰ੍ਹਾਂ ਲਗਾਮ ਲਗਾਉਣਾ ਮੁਸ਼ਕਿਲ ਹੈ। ਅੰਤ ਵਿਚ ਇਹ ਸਮਝਣਾ ਬੇਹੱਦ ਜ਼ਰੂਰੀ ਹੈ ਕਿ 'ਡਿਜੀਟਲ ਅਰੈਸਟ' ਕੇਵਲ ਇਕ ਝੂਠਾ ਡਰ ਹੈ। ਕਾਨੂੰਨ ਦੀ ਆੜ ਵਿਚ ਠੱਗੀ ਕਰਨ ਵਾਲੇ ਇਨ੍ਹਾਂ ਗਿਰੋਹਾਂ ਤੋਂ ਬਚਣ ਦਾ ਇਕੋ-ਇਕ ਉਪਾਅ ਹੈ, ਸਤਰਕਤਾ, ਜਾਗਰੂਕਤਾ ਅਤੇ ਸਹੀ ਸਮੇਂ 'ਤੇ ਸਹੀ ਕਦਮ ਉਠਾਉਣਾ। ਸੰਗਠਿਤ ਗਿਰੋਹਾਂ ਵੱਲੋਂ ਚਲਾਏ ਜਾ ਰਹੇ ਫਰਜ਼ੀ ਕਾਲ ਸੈਂਟਰਾਂ ਤੋਂ ਸ਼ਾਤਰ ਠੱਗ ਖ਼ੁਦ ਨੂੰ ਪੁਲਸ, ਸੀ. ਬੀ. ਆਈ., ਈ. ਡੀ. ਜਾਂ ਹੋਰ ਸਰਕਾਰੀ ਏਜੰਸੀਆਂ ਦੇ ਅਧਿਕਾਰੀ ਦੱਸ ਕੇ ਲੋਕਾਂ ਨੂੰ ਡਰਾਉਂਦੇ ਹਨ ਅਤੇ ਉਨ੍ਹਾਂ ਤੋਂ ਭਾਰੀ ਰਕਮ ਹੜੱਪ ਲੈਂਦੇ ਹਨ। ਇਹ ਠੱਗੀ ਹੁਣ ਅੰਤਰਰਾਸ਼ਟਰੀ ਪੱਧਰ ਤੱਕ ਫੈਲ ਚੁੱਕੀ ਹੈ ਅਤੇ ਕਰੋੜਾਂ ਰੁਪਏ ਦੀ ਨਾਜਾਇਜ਼ ਕਮਾਈ ਦਾ ਜ਼ਰੀਆ ਬਣ ਚੁੱਕੀ ਹੈ। ਸਾਈਬਰ ਅਪਰਾਧੀਆਂ ਦਾ ਇਹ ਨੈੱਟਵਰਕ ਬੇਹੱਦ ਯੋਜਨਾਬੱਧ ਤਰੀਕੇ ਨਾਲ ਕੰਮ ਕਰਦਾ ਹੈ। ਠੱਗ ਪਹਿਲਾਂ ਸੋਸ਼ਲ ਮੀਡੀਆ, ਡਾਟਾ ਲੀਕ ਜਾਂ ਹੋਰ ਮਾਧਿਅਮਾਂ ਰਾਹੀਂ ਲੋਕਾਂ ਦੀ ਨਿੱਜੀ ਜਾਣਕਾਰੀ ਜੁਟਾਉਂਦੇ ਹਨ। ਇਸ ਤੋਂ ਬਾਅਦ ਉਹ ਫੋਨ ਕਾਲ ਜਾਂ ਵੀਡੀਓ ਕਾਲ ਰਾਹੀਂ ਸੰਪਰਕ ਕਰਦੇ ਹਨ ਅਤੇ ਪੀੜਤ ਨੂੰ ਦੱਸਦੇ ਹਨ ਕਿ ਉਨ੍ਹਾਂ ਦਾ ਆਧਾਰ ਕਾਰਡ, ਸਿਮ ਕਾਰਡ ਜਾਂ ਬੈਂਕ ਖਾਤਾ ਕਿਸੇ ਗੰਭੀਰ ਅਪਰਾਧ ਜਿਵੇਂ ਮਨੀ ਲਾਂਡਰਿੰਗ ਜਾਂ ਡਰੱਗਜ਼ ਸਮੱਗਲਿੰਗ ਵਿਚ ਇਸਤੇਮਾਲ ਹੋਇਆ ਹੈ। ਇਸ ਤੋਂ ਬਾਅਦ ਉਹ 'ਡਿਜੀਟਲ ਅਰੈਸਟ' ਦਾ ਡਰ ਦਿਖਾ ਕੇ ਪੀੜਤ ਨੂੰ ਮਾਨਸਿਕ ਤੌਰ 'ਤੇ ਦਬਾਅ ਵਿਚ ਲੈ ਆਉਂਦੇ ਹਨ। ਮਾਹਿਰਾਂ ਅਤੇ ਪੁਲਸ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਹੈ ਕਿ 'ਡਿਜੀਟਲ ਅਰੈਸਟ' ਨਾਮ ਦੀ ਕੋਈ ਵੀ ਕਾਨੂੰਨੀ ਪ੍ਰਕਿਰਿਆ ਭਾਰਤ ਵਿਚ ਮੌਜੂਦ ਨਹੀਂ ਹੈ। ਇਹ ਪੂਰੀ ਤਰ੍ਹਾਂ ਠੱਗਾਂ ਵੱਲੋਂ ਘੜੀ ਗਈ ਇਕ ਕਾਲਪਨਿਕ ਧਾਰਨਾ ਹੈ, ਜਿਸ ਦਾ ਉਦੇਸ਼ ਲੋਕਾਂ ਨੂੰ ਭੈਭੀਤ ਕਰ ਕੇ ਉਨ੍ਹਾਂ ਤੋਂ ਤੁਰੰਤ ਪੈਸੇ ਵਸੂਲਣਾ ਹੈ। ਅਸਲ ਵਿਚ ਭਾਰਤ ਵਿਚ ਕਿਸੇ ਵੀ ਵਿਅਕਤੀ ਦੀ ਗ੍ਰਿਫ਼ਤਾਰੀ ਕੇਵਲ ਨਿਰਧਾਰਿਤ ਕਾਨੂੰਨੀ ਪ੍ਰਕਿਰਿਆ ਦੇ ਤਹਿਤ ਪੁਲਸ ਵੱਲੋਂ ਸਰੀਰਕ ਰੂਪ ਵਿਚ ਕੀਤੀ ਜਾਂਦੀ ਹੈ ਨਾ ਕਿ ਫੋਨ ਜਾਂ ਵੀਡੀਓ ਕਾਲ ਦੇ ਮਾਧਿਅਮ ਨਾਲ। ਠੱਗਾਂ ਦਾ ਤਰੀਕਾ ਬੇਹੱਦ ਚਲਾਕੀ ਭਰਿਆ ਹੁੰਦਾ ਹੈ। ਉਹ ਪੀੜਤ ਨੂੰ ਕਹਿੰਦੇ ਹਨ ਕਿ ਉਹ 'ਜਾਂਚ ਦੇ ਘੇਰੇ ਵਿਚ' ਹਨ ਅਤੇ ਉਸ ਨੂੰ ਘਰ ਵਿਚ ਹੀ ਰਹਿ ਕੇ ਕਿਸੇ ਨਾਲ ਸੰਪਰਕ ਨਹੀਂ ਕਰਨਾ ਚਾਹੀਦਾ। ਕਈ ਮਾਮਲਿਆਂ ਵਿਚ ਵੀਡੀਓ ਕਾਲ 'ਤੇ ਨਕਲੀ ਪੁਲਸ ਸਟੇਸ਼ਨ ਜਾਂ ਵਰਦੀਧਾਰੀ ਵਿਅਕਤੀ ਦਿਖਾ ਕੇ ਭਰੋਸਾ ਪੈਦਾ ਕੀਤਾ ਜਾਂਦਾ ਹੈ। ਇਸ ਤੋਂ ਬਾਅਦ 'ਵੈਰੀਫਿਕੇਸ਼ਨ ਫੀਸ' ਜਾਂ 'ਕੇਸ ਸੈਟਲਮੈਂਟ' ਦੇ ਨਾਮ 'ਤੇ ਬੈਂਕ ਟ?ਰਾਂਸਫਰ, ਯੂ. ਪੀ.




ਆਈ. ਜਾਂ ਗਿਫਟ ਕਾਰਡ ਰਾਹੀਂ ਪੈਸੇ ਮੰਗੇ ਜਾਂਦੇ ਹਨ। ਡਰ ਅਤੇ ਸ਼ਰਮ ਦੇ ਕਾਰਨ ਕਈ ਲੋਕ ਬਿਨਾਂ ਕਿਸੇ ਨਾਲ ਸਲਾਹ ਕੀਤੇ ਪੈਸੇ ਭੇਜ ਦਿੰਦੇ ਹਨ। ਹਾਲ ਹੀ ਵਿਚ ਸਾਹਮਣੇ ਆਏ ਮਾਮਲਿਆਂ ਵਿਚ ਬਜ਼ੁਰਗਾਂ ਨੂੰ ਸਭ ਤੋਂ ਵੱਧ ਨਿਸ਼ਾਨਾ ਬਣਾਇਆ ਗਿਆ ਹੈ। ਰਿਟਾਇਰਡ ਕਰਮਚਾਰੀਆਂ, ਘਰੇਲੂ ਔਰਤਾਂ ਅਤੇ ਵਿਦਿਆਰਥੀਆਂ ਤੱਕ ਨੂੰ ਇਸ ਜਾਲ ਵਿਚ ਫਸਾਇਆ ਜਾ ਰਿਹਾ ਹੈ। ਕਈ ਪੀੜਤਾਂ ਨੇ ਆਪਣੀ ਜੀਵਨ ਭਰ ਦੀ ਜਮ?ਹਾ ਪੂੰਜੀ ਗੁਆ ਦਿੱਤੀ, ਜਦਕਿ ਕੁਝ ਮਾਮਲਿਆਂ ਵਿਚ ਲੋਕ ਮਾਨਸਿਕ ਤਣਾਅ ਦਾ ਵੀ ਸ਼ਿਕਾਰ ਹੋਏ ਹਨ। ਸਾਈਬਰ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੀ ਠੱਗੀ ਤੋਂ ਬਚਣ ਲਈ ਸਭ ਤੋਂ ਪਹਿਲਾਂ ਜਾਗਰੂਕਤਾ ਜ਼ਰੂਰੀ ਹੈ। ਜੇਕਰ ਕੋਈ ਵਿਅਕਤੀ ਖ਼ੁਦ ਨੂੰ ਸਰਕਾਰੀ ਅਧਿਕਾਰੀ ਦੱਸ ਕੇ ਫ਼ੋਨ 'ਤੇ ਗ੍ਰਿਫ਼ਤਾਰੀ ਦੀ ਗੱਲ ਕਰਦਾ ਹੈ ਤਾਂ ਇਹ ਸਪੱਸ਼ਟ ਰੂਪ ਵਿਚ ਧੋਖਾਦੇਹੀ ਦਾ ਸੰਕੇਤ ਹੈ। ਕੋਈ ਵੀ ਜਾਇਜ਼ ਏਜੰਸੀ ਫ਼ੋਨ ਜਾਂ ਵੀਡੀਓ ਕਾਲ ਦੇ ਜ਼ਰੀਏ ਗ੍ਰਿਫ਼ਤਾਰੀ ਜਾਂ ਪੁੱਛਗਿੱਛ ਨਹੀਂ ਕਰਦੀ। ਜੇਕਰ ਕਿਸੇ ਵਿਅਕਤੀ ਨੂੰ ਇਸ ਪ੍ਰਕਾਰ ਦੀ ਧਮਕੀ ਮਿਲਦੀ ਹੈ ਤਾਂ ਉਸ ਨੂੰ ਘਬਰਾਉਣ ਦੀ ਲੋੜ ਨਹੀਂ ਹੈ। ਸਭ ਤੋਂ ਪਹਿਲਾਂ ਕਾਲ ਕੱਟੋ ਅਤੇ ਸਬੰਧਿਤ ਨੰਬਰ ਨੂੰ ਬਲਾਕ ਕਰੋ। ਇਸ ਤੋਂ ਬਾਅਦ ਤੁਰੰਤ ਨਜ਼ਦੀਕੀ ਪੁਲਸ ਸਟੇਸ਼ਨ ਵਿਚ ਸ਼ਿਕਾਇਤ ਦਰਜ ਕਰਵਾਓ। ਭਾਰਤ ਸਰਕਾਰ ਦੀ ਰਾਸ਼ਟਰੀ ਸਾਈਬਰ ਕ੍ਰਾਈਮ ਹੈਲਪਲਾਈਨ 1930 'ਤੇ ਕਾਲ ਕਰਕੇ ਤੁਰੰਤ ਸਹਾਇਤਾ ਲਈ ਜਾ ਸਕਦੀ ਹੈ।